Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ.ਐੱਸ.ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 19, Issue- 867, 14th to 20 Aug., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਵੀਜ਼ਾ ਬੁਲੇਟਿਨ

## ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਦੇ ਨਿਪਟਾਰੇ 'ਚ ਹੋਈ ਮਾਮੂਲੀ ਹਿਲਜੁੱਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਸਤੰਬਰ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਮਾਮੂਲੀ ਜਿਹੀ ਹਿਲਜੁਲ ਦੇਖਣ ਨੂੰ ਮਿਲੀ ਹੈ।




ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 15 ਜੁਲਾਈ, 2016 ਦਰਸਾ ਰਹੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਸਤੰਬਰ, 2022 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 15 ਅਕਤੂਬਰ, 2016 ਚੱਲ ਰਹੀ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 1 ਅਗਸਤ, 2011 ਦਰਸਾ ਰਹੀ ਹੈ।

ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 1 ਨਵੰਬਰ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਸਤੰਬਰ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :

F-4 ਕੈਟਾਗਰੀ ਲਈ 1 ਦਸੰਬਰ, 2006, F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 1 ਜੂਨ 2025 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਐੱਚ-1ਬੀ ਵੀਜ਼ਾ ਧਾਰਕਾਂ ਨੂੰ ਵੀਜ਼ਾ ਇੰਟਰਵਿਊ ਲਈ ਭਾਰਤ ਜਾਣਾ ਪਵੇਗਾ ਵਾਪਸ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਵੀਜ਼ਾ ਪ੍ਰੋਸੈਸਿੰਗ ਨਿਯਮਾਂ 'ਚ ਬਦਲਾਅ ਕੀਤਾ ਗਿਆ ਹੈ। ਹੁਣ ਤਕਨੀਕੀ ਉਦਯੋਗ ਦੇ ਹਜ਼ਾਰਾਂ ਕਾਮੇ ਇਸ ਨਾਲ ਪ੍ਰਭਾਵਿਤ ਹੋਣਗੇ। ਹੁਣ ਜੇ ਕੋਈ ਭਾਰਤੀ ਅਮਰੀਕਾ ਰਹਿੰਦਿਆਂ ਐੱਚ-1ਬੀ ਵੀਜ਼ਾ ਅਪਲਾਈ ਕਰੇਗਾ, ਤਾਂ ਉਸ ਨੂੰ ਇੰਟਰਵਿਊ ਲਈ ਭਾਰਤ ਵਿਚ ਸਥਿਤ ਅਮਰੀਕਨ ਅੰਬੈਸੀ 'ਚ ਜਾਣਾ ਪਵੇਗਾ। ਇਸ ਨਵੇਂ ਨਿਯਮ ਨਾਲ ਆਉਣ ਵਾਲੇ ਸਮੇਂ ਵਿਚ ਐੱਚ-1ਬੀ ਵੀਜ਼ਾ ਲੈਣਾ ਮੁਸ਼ਕਲ ਹੋ ਸਕਦਾ ਹੈ। ਕਿਉਂਕਿ ਕੋਵਿਡ-19 ਤੋਂ ਬਾਅਦ ਕਾਫੀ ਬੈਕਲਾਗ ਚੱਲ ਰਿਹਾ ਹੈ। ਇਸ ਸਥਿਤੀ ਵਿਚ ਅਰਜ਼ੀਕਾਰਾਂ ਨੂੰ ਇੰਟਰਵਿਊ ਵਿਚ ਦੇਰੀ ਹੋ ਸਕਦੀ ਹੈ, ਜਿਸ ਨਾਲ ਉਹ ਇਸ ਕੈਟਾਗਰੀ ਵਿਚ ਵੀਜ਼ਾ ਲੈਣ ਤੋਂ ਅਸਮਰੱਥ ਹੋ ਸਕਦੇ ਹਨ। ਐੱਚ-1ਬੀ ਵੀਜ਼ਾ ਤੋਂ ਇਲਾਵਾ ਐੱਲ-1 ਅਤੇ ਐੱਫ-1 ਵੀਜ਼ਾ ਲਈ ਵੀ ਹੁਣ ਬਿਨੈਕਾਰਾਂ ਨੂੰ ਨਿਰਧਾਰਿਤ ਕੇਂਦਰਾਂ 'ਤੇ ਦਸਤਾਵੇਜ਼ ਜਮ੍ਹਾ ਕਰਨ ਦੀ ਬਜਾਏ ਅਮਰੀਕੀ ਦੂਤਵਾਸਾਂ ਜਾਂ ਕੌਂਸਲੇਟਾਂ ਵਿਚ ਵਿਅਕਤੀਗਤ ਤੌਰ 'ਤੇ ਇੰਟਰਵਿਊ 'ਚ ਹਾਜ਼ਰ ਹੋਣ ਦੀ ਲੋੜ ਹੋਵੇਗੀ।




ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਭਾਰਤੀ ਵੱਡੀ ਗਿਣਤੀ ਵਿਚ ਐੱਚ-1ਬੀ ਵੀਜ਼ਾ ਲੈ ਕੇ ਇਥੇ ਪੱਕੇ ਹੋਏ ਹਨ। ਰਾਸ਼ਟਰਪਤੀ ਟਰੰਪ ਦਾ ਕਹਿਣਾ ਹੈ ਕਿ ਬਾਹਰੋਂ ਆਏ ਲੋਕਾਂ ਨੂੰ ਐੱਚ-1ਬੀ ਵੀਜ਼ਾ ਦੇਣ ਦੀ ਬਜਾਏ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ ਐੱਚ-1ਬੀ ਵੀਜ਼ਾ ਧਾਰਕਾਂ ਦੇ ਬੱਚਿਆਂ 'ਤੇ ਇਮੀਗ੍ਰੇਸ਼ਨ ਦੀ ਨਵੀਂ ਗਾਜ ਡਿੱਗੀ ਹੈ। ਹੁਣ 21 ਸਾਲ ਤੋਂ ਵੱਧ ਦੇ ਬੱਚੇ ਇਥੇ ਨਹੀਂ ਰਹਿ ਸਕਦੇ, ਜਿਨ੍ਹਾਂ ਦੇ ਪਿਤਾ ਐੱਚ-1ਬੀ ਵੀਜ਼ਾ 'ਤੇ ਉਨ੍ਹਾਂ ਨਾਲ ਅਮਰੀਕਾ ਆਏ ਹਨ।

## ਐਲਕ ਗਰੋਵ ਪਾਰਕ ਵਿਖੇ ਹੋਈਆਂ 'ਤੀਆਂ ਤੀਜ ਦੀਆਂ' ਕਾਮਯਾਬੀ ਨਾਲ ਸੰਪੰਨ




**ਸੈਕਰਾਮੈਂਟੋ, (ਪੰਜਾਬ ਮੇਲ)**- ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ਐਲਕ ਗਰੋਵ ਪਾਰਕ ਵਿਖੇ ਆਪਣਾ 18ਵਾਂ ਸਾਲਾਨਾ ਤੀਆਂ ਦਾ ਮੇਲਾ ਕਾਮਯਾਬੀ ਨਾਲ ਕਰਵਾਇਆ ਗਿਆ। ਦਰੱਖਤਾਂ ਦੀ ਛਾਂ ਹੇਠ ਹੋਈਆਂ ਇਹ ਤੀਆਂ ਪੰਜਾਬ ਦੀ ਯਾਦ ਦਿਵਾਉਂਦੀਆਂ ਹਨ। ਅੱਤ ਦੀ ਗਰਮੀ ਹੋਣ ਦੇ ਬਾਵਜੂਦ ਭਾਰੀ ਗਿਣਤੀ ਵਿਚ ਔਰਤਾਂ ਤੇ ਬੱਚੀਆਂ ਨੇ ਇਨ੍ਹਾਂ ਤੀਆਂ ਵਿਚ ਸ਼ਿਰਕਤ ਕੀਤੀ। ਦੁਪਹਿਰ ਨੂੰ ਸ਼ੁਰੂ ਹੋਈਆਂ ਇਹ ਤੀਆਂ ਦੇਰ ਸ਼ਾਮ ਤੱਕ ਨਿਰੰਤਰ ਜਾਰੀ ਰਹੀਆਂ। ਇਸ ਦੌਰਾਨ 25 ਦੇ ਕਰੀਬ ਮਨੋਰੰਜਕ ਆਈਟਮਾਂ ਸਟੇਜ ਤੋਂ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਵਿਚ ਗਿੱਧਾ, ਭੰਗੜਾ, ਸੁਹਾਗ, ਬੋਲੀਆਂ, ਸਿੱਠਣੀਆਂ, ਗੀਤ-ਸੰਗੀਤ, ਡੀ.ਜੇ. ਆਦਿ ਸ਼ਾਮਲ ਸਨ। ਔਰਤਾਂ ਵੰਨ-ਸੁਵੰਨੀਆਂ ਪੌਸ਼ਾਕਾਂ ਪਾ ਕੇ ਆਪਣੇ ਇਸ ਤਿਉਹਾਰ ਵਿਚ ਪਹੁੰਚੀਆਂ।

**ਅੱਤ ਦੀ ਗਰਮੀ ਹੋਣ ਦੇ ਬਾਵਜੂਦ ਭਾਰੀ ਗਿਣਤੀ ਵਿਚ ਔਰਤਾਂ ਤੇ ਬੱਚੀਆਂ ਨੇ ਇਨ੍ਹਾਂ ਤੀਆਂ ਵਿਚ ਕੀਤੀ ਸ਼ਿਰਕਤ**

ਸਟੇਜ ਨੂੰ ਬਹੁਤ ਸੁੰਦਰ ਢੰਗ ਨਾਲ ਪੁਰਾਤਨ ਵਸਤੂਆਂ ਨਾਲ ਸਜਾਇਆ ਗਿਆ ਸੀ। ਪੱਖੀਆਂ, ਝੂਮਰ, ਢੋਲ, ਢੋਲਕੀਆਂ, ਮੋਰ, ਫੁਲਕਾਰੀਆਂ, ਬਾਜ, ਛੱਜ, ਛੱਤਰੀਆਂ, ਮਧਾਣੀਆਂ, ਚਰਖੇ ਆਦਿ ਸਟੇਜ ਦੀ ਸ਼ੋਭਾ ਨੂੰ ਵਧਾ ਰਹੇ ਸਨ। ਇਨ੍ਹਾਂ ਪੁਰਾਤਨ ਵਸਤੂਆਂ ਨਾਲ ਬਹੁਤ ਸਾਰੀਆਂ ਔਰਤਾਂ ਨੇ ਆਪਣੀਆਂ ਫੋਟੋਆਂ ਵੀ ਖਿਚਵਾਈਆਂ ਅਤੇ ਵਿਰਸੇ ਨੂੰ ਯਾਦ ਕੀਤਾ। ਇਨ੍ਹਾਂ ਤੀਆਂ ਵਿਚ ਸਭ ਤੋਂ ਵੱਡੀ ਗੱਲ ਇਹ ਹੈ ਕਿ ਪ੍ਰਬੰਧਕਾਂ ਵੱਲੋਂ ਪੀਂਘਾਂ ਦਾ ਬੰਦੋਬਸਤ ਕੀਤਾ ਜਾਂਦਾ ਹੈ, ਜਿੱਥੇ ਔਰਤਾਂ ਪੀਂਘਾਂ ਝੂਟ ਕੇ ਆਪਣੇ ਚਾਅ, ਮਲਾਰ ਪੂਰੇ ਕਰਦੀਆਂ ਹਨ।

ਸਭ ਤੋਂ ਪਹਿਲਾਂ ਮੇਲੇ ਦੀ ਆਯੋਜਕ ਪਿੰਕੀ ਰੰਧਾਵਾ, ਪ੍ਰਨੀਤ ਗਿੱਲ ਨੇ ਸਮੂਹ ਆਏ ਹੋਏ ਕਲਾਕਾਰਾਂ ਅਤੇ ਦਰਸ਼ਕਾਂ ਦਾ ਸਵਾਗਤ ਕੀਤਾ। ਉਪਰੰਤ ਰੰਗਾਰੰਗ ਪ੍ਰੋਗਰਾਮ ਸ਼ੁਰੂ ਹੋਇਆ। ਪ੍ਰਬੰਧਕਾਂ ਵੱਲੋਂ ਹਰ ਕਲਾਕਾਰ ਨੂੰ ਸੱਭਿਆਚਾਰਕ ਇਨਾਮ ਦੇ ਕੇ ਨਿਵਾਜਿਆ ਗਿਆ। ਆਏ ਦਰਸ਼ਕਾਂ ਨੇ ਸਟੇਜ 'ਤੇ ਹੋਏ ਮਨੋਰੰਜਕ ਪ੍ਰੋਗਰਾਮਾਂ ਦਾ ਭਰਪੂਰ ਆਨੰਦ ਮਾਣਿਆ।

ਇਸ ਮੇਲੇ ਨੂੰ ਲਖਵਿੰਦਰ ਕੌਰ ਨਿੱਕੀ (ਸੀਨੀਅਰ ਵਾਈਸ ਪ੍ਰੈਜ਼ੀਡੈਂਟ ਫਾਈਵ ਸਟਾਰ ਬੈਂਕ), ਗੁਰਜਤਿੰਦਰ ਸਿੰਘ ਰੰਧਾਵਾ ਰਿਐਲਟਰ, ਪੰਜਾਬ ਮੇਲ ਯੂ.ਐੱਸ.ਏ. ਟੀ.ਵੀ., ਗੁਲਿੰਦਰ ਅਤੇ ਪ੍ਰਨੀਤ ਗਿੱਲ, ਗੁਰਮੀਤ ਵੜੈਚ ਅਤੇ ਨੀਨਾ ਵੜੈਚ, ਰਣਧੀਰ ਸਿੰਘ ਧੀਰਾ ਨਿੱਜਰ, ਭੁਪਿੰਦਰ ਅਤੇ ਕੈਂਡੀ ਸੰਘੇੜਾ, ਪਰਮਿੰਦਰ ਸਿੰਘ ਅਤੇ ਕਮਲ ਅਟਵਾਲ, ਗੁਰਬੀਰ ਸਿੰਘ ਐਲਡੀ ਅਤੇ ਸੋਨੀਆ ਰੰਧਾਵਾ, ਜਸਬੀਰ ਸਿੰਘ ਅਤੇ ਰੋਜ਼ੀ ਸੰਧੂ, ਪਰਮ ਤੱਖਰ (ਯੂਬਾ ਸਿਟੀ ਤੀਆਂ) ਨੇ ਸਪਾਂਸਰ ਕੀਤਾ। ਸਟੇਜ ਦੀ ਡੈਕੋਰੇਸ਼ਨ ਜੌਨੀ ਬੱਗਾ (ਬੱਗਾ ਜਿਊਲਰਜ਼) ਵੱਲੋਂ ਕੀਤੀ ਗਈ। ਇਸ ਮੌਕੇ ਕੁੱਝ ਆਗੂਆਂ ਨੂੰ ਵੀ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਸਟੇਟ ਸੈਨੇਟਰ ਐਂਜਲਿਕ ਐਸ਼ਬੀ, ਮੇਅਰ ਬੌਬੀ ਸਿੰਘ ਐਲਨ, ਵਾਈਸ ਮੇਅਰ ਰਾਡ ਬਰਿਊਰ, ਯੂ.ਐੱਸ. ਆਰਮੀ 'ਚ ਸੇਵਾ ਨਿਭਾ ਰਹੀ ਕੈਪਟਨ ਕਮਲਪ੍ਰੀਤ ਕੌਰ ਗਿੱਲ, ਲਖਵਿੰਦਰ ਕੌਰ ਨਿੱਕੀ (ਸੀਨੀਅਰ ਵਾਈਸ ਪ੍ਰੈਜ਼ੀਡੈਂਟ ਫਾਈਵ ਸਟਾਰ ਬੈਂਕ), ਕਿਰਨ ਗਰੇਵਾਲ ਸ਼ਾਮਲ ਸਨ।

ਸਟੇਜ ਦੀ ਸੇਵਾ ਸੈਟੀ ਰਾਏ ਵੱਲੋਂ ਨਿਭਾਈ ਗਈ। ਇਸ ਮੌਕੇ ਮਹਿੰਦੀ ਅਤੇ ਖਾਣ-ਪੀਣ ਦੇ ਸਟਾਲ ਵੀ ਲਗਾਏ ਗਏ। ਕੁੱਲ ਮਿਲਾ ਕੇ ਇਹ ਤੀਆਂ ਦਾ ਮੇਲਾ ਕਾਮਯਾਬੀ ਨਾਲ ਹੋ ਸੰਪੰਨ ਹੋਇਆ।

■ ਬਾਕੀ ਫੋਟੋਆਂ ਸਫਾ 2 ਅਤੇ 3 'ਤੇ ਦੇਖੋ

## ਹਾਈਕੋਰਟ ਵੱਲੋਂ ਸੁਖਪਾਲ ਖਹਿਰਾ ਨੂੰ ਜ਼ਮਾਨਤ ਦੇਣ ਤੋਂ ਇਨਕਾਰ

**ਚੰਡੀਗੜ੍ਹ** : ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਦਰਅਸਲ ਹਾਈਕੋਰਟ ਨੇ ਸੁਖਪਾਲ ਖਹਿਰਾ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਜਾਣਕਾਰੀ ਮੁਤਾਬਕ ਸੁਖਪਾਲ ਖਹਿਰਾ ਨੇ ਅਗਾਊਂ ਜ਼ਮਾਨਤ ਲਈ ਹਾਈਕੋਰਟ 'ਚ ਪਟੀਸ਼ਨ ਪਾਈ ਸੀ, ਜਿਸ 'ਤੇ ਅਦਾਲਤ ਵਲੋਂ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ।



■ ਕਦੇ ਵੀ ਹੋ ਸਕਦੀ ਹੈ ਗ੍ਰਿਫ਼ਤਾਰੀ!

ਇਸ ਲਈ ਹੁਣ ਨਸ਼ਾ ਤਸਕਰੀ ਦੇ ਮਾਮਲੇ 'ਚ ਸੁਖਪਾਲ ਖਹਿਰਾ ਕਦੇ ਵੀ ਗ੍ਰਿਫ਼ਤਾਰ ਹੋ ਸਕਦੇ ਹਨ। ਦੱਸਣਯੋਗ ਹੈ ਕਿ ਕੁੱਝ ਦਿਨ ਪਹਿਲਾਂ ਸੁਖਪਾਲ ਖਹਿਰਾ ਦੇ ਨਜ਼ਦੀਕੀ ਪੀ. ਐੱਸ. ਓ. ਜੋਗਾ ਸਿੰਘ ਨੂੰ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜੋ ਕਿ ਭੱਜਣ ਦੀ ਫ਼ਿਰਾਕ 'ਚ ਸੀ। ਹੁਣ ਹਾਈਕੋਰਟ ਵਲੋਂ ਅਗਾਊਂ ਜ਼ਮਾਨਤ ਨਾ ਮਿਲਣ ਕਾਰਨ ਸੁਖਪਾਲ ਖਹਿਰਾ ਦੀ ਗ੍ਰਿਫ਼ਤਾਰੀ ਦਾ ਰਾਹ ਸਾਫ਼ ਹੋ ਗਿਆ ਹੈ।

## ਕੈਲੀਫੋਰਨੀਆ 'ਚ 70 ਸਾਲਾ ਸਿੱਖ ਬਜ਼ੁਰਗ ਦੀ ਬੇਰਹਿਮੀ ਨਾਲ ਕੁੱਟਮਾਰ

■ ਪੁਲਿਸ ਵੱਲੋਂ ਹਮਲਾਵਾਰ ਗ੍ਰਿਫ਼ਤਾਰ
■ ਹਮਲਾਵਰ ਨੇ ਗੋਲਫ ਖੇਡਣ ਵਾਲੇ ਕਲੱਬ ਨਾਲ ਅਚਾਨਕ ਕੀਤਾ ਹਮਲਾ
■ ਸਿਰ, ਅੱਖਾਂ, ਚਿਹਰੇ 'ਤੇ ਲੱਗੀਆਂ ਗੰਭੀਰ ਸੱਟਾਂ



**ਹਾਲੀਵੁੱਡ, (ਪੰਜਾਬ ਮੇਲ)**- ਕੈਲੀਫੋਰਨੀਆ ਦੇ ਸ਼ਹਿਰ ਹਾਲੀਵੁੱਡ ਵਿਖੇ ਅਣਪਛਾਤੇ ਵਿਅਕਤੀ ਵੱਲੋਂ ਇੱਕ 70 ਸਾਲਾ ਸਿੱਖ ਬਜ਼ੁਰਗ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਹਰਪਾਲ ਸਿੰਘ ਨਾਂ ਦੇ ਇਹ ਬਜ਼ੁਰਗ ਉਸ ਵਕਤ ਇਥੇ ਲੈਂਕਰਸ਼ਿਮ ਬੁੱਲ੍ਹੇਵਾਰਡ ਦੇ ਨਜ਼ਦੀਕ ਸੈਵਨ ਇਲੈਵਨ ਦੇ ਬਾਹਰੋਂ ਲੰਘ ਰਹੇ ਸਨ, ਜਦੋਂ ਅਚਾਨਕ ਕਿਸੇ ਸਿਰਫਿਰੇ ਵੱਲੋਂ ਉਨ੍ਹਾਂ ਵੱਲੋਂ ਗੋਲਫ ਖੇਡਣ ਵਾਲੇ ਕਲੱਬ ਨਾਲ ਹਮਲਾ ਕਰ ਦਿੱਤਾ ਗਿਆ। ਜਿਸ ਨਾਲ ਹਰਪਾਲ ਸਿੰਘ ਬੁਰੀ ਤਰ੍ਹਾਂ ਲਹੂ-ਲੁਹਾਨ ਹੋ ਗਏ। ਉਨ੍ਹਾਂ ਦੇ ਸਿਰ, ਅੱਖਾਂ, ਚਿਹਰੇ ਆਦਿ 'ਤੇ ਗੰਭੀਰ ਸੱਟਾਂ ਲੱਗੀਆਂ। ਉਨ੍ਹਾਂ ਦੇ ਆਪਣੇ ਸਫੈਦ ਕੱਪੜੇ ਖੂਨ ਨਾਲ ਲੱਥਪੱਥ ਹੋ ਗਏ। ਘਟਨਾ ਤੋਂ ਬਾਅਦ ਭਾਵੇਂ ਉਹ ਬਹੁਤ ਜ਼ਿਆਦਾ ਜ਼ਖਮੀ ਹੋ ਗਏ ਸਨ, ਪਰ ਫਿਰ ਵੀ ਉਨ੍ਹਾਂ ਨੇ ਹੌਂਸਲਾ ਨਹੀਂ ਛੱਡਿਆ। ਉਹ ਕਾਫੀ ਦੇਰ ਹੋਸ਼ ਵਿਚ ਬੈਠੇ ਰਹੇ। ਬਾਅਦ ਵਿਚ ਐਂਬੂਲੈਂਸ ਨੇ ਆਣ ਕੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਉਨ੍ਹਾਂ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦੇ ਚਿਹਰੇ ਅਤੇ ਸਰੀਰ ਦੀਆਂ ਗੰਭੀਰ ਸੱਟਾਂ ਦੇ ਇਲਾਜ ਲਈ ਘੱਟੋ-ਘੱਟ ਤਿੰਨ ਸਰਜਰੀਆਂ ਹੋ ਚੁੱਕੀਆਂ ਹਨ, ਜਿਸ ਵਿਚ ਦਿਮਾਗੀ ਖ਼ੂਨ ਵਹਿਣਾ ਅਤੇ ਅੱਖਾਂ ਦੀ ਸਰਜਰੀ ਸ਼ਾਮਲ ਹੈ। ਉਹ ਆਈ.ਸੀ.ਯੂ. 'ਚ ਹਾਲੇ ਵੀ ਬੇਹੋਸ਼ੀ ਦੀ ਹਾਲਤ ਵਿਚ ਹਨ। ਐੱਲ.ਏ. ਪੁਲਿਸ ਵਿਭਾਗ ਅਨੁਸਾਰ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

■ ਬਾਕੀ ਖਬਰ ਸਫਾ 21 'ਤੇ

## ਸ਼੍ਰੋਮਣੀ ਅਕਾਲੀ ਦਲ ਵੱਲੋਂ 'ਬਾਗੀ ਧੜੇ' ਨੂੰ ਕੇਸ ਦਾਇਰ ਕਰਨ ਦੀ ਚੇਤਾਵਨੀ!

**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਨੇ ਨਵੇਂ ਬਣੇ ਅਕਾਲੀ ਦਲ ਨੂੰ ਸਿੱਧੀ ਚੇਤਾਵਨੀ ਦਿੱਤੀ ਹੈ। ਪਾਰਟੀ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਨਵੇਂ ਧੜੇ ਨੇ ਅਕਾਲੀ ਦਲ ਦਾ ਨਾਮ ਵਰਤਿਆ ਹੈ। ਅਸੀਂ ਪਾਰਟੀ ਵੱਲੋਂ ਬਾਗੀ ਧੜੇ ਖ਼ਿਲਾਫ਼ ਕਰਿਮੀਨਲ ਕੇਸ ਦਾਇਰ ਕਰਾਂਗੇ, ਇਹ ਜਾਲ ਸਾਜ਼ੀ ਦੇ ਨਾਲ-ਨਾਲ 420 ਵੀ ਹੈ। ਚੀਮਾ ਨੇ ਕਿਹਾ ਕਿ ਜਾਲਸਾਜ਼ੀ ਕਰਨ ਵਾਲੇ ਭਰਾਵਾਂ ਨੂੰ ਉਹ ਬੇਨਤੀ ਕਰਦੇ ਹਨ ਕਿ ਹੁਣ ਸੋਚ ਸਮਝ ਕੇ ਫੈਸਲਾ ਕਰਿਓ। ਸਾਡਾ ਸਟੈਂਡ ਸਪੱਸ਼ਟ ਹੈ।




■ ਬਾਕੀ ਖਬਰ ਸਫਾ 21 'ਤੇ

# ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ਕਰਵਾਈਆਂ ਗਈਆਂ ਐਲਕ ਗਰੋਵ ਪਾਰਕ ਦੀਆਂ ਤੀਆਂ ਕਾਮਯਾਬੀ ਨਾਲ ਹੋਈਆਂ ਸੰਪੰਨ



































ਬਾਕੀ ਫੋਟੋਆਂ ਅਗਲੇ ਸਫੇ 'ਤੇ ਦੇਖੋ।

# ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ਕਰਵਾਈਆਂ ਗਈਆਂ ਐਲਕ ਗਰੋਵ ਪਾਰਕ ਦੀਆਂ ਤੀਆਂ ਕਾਮਯਾਬੀ ਨਾਲ ਹੋਈਆਂ ਸੰਪੰਨ

































# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦਾ ਸੈਕਰਾਮੈਂਟੋ (ਕੈਲੀਫੋਰਨੀਆ) ਪਹੁੰਚਣ 'ਤੇ ਹੋਇਆ ਨਿੱਘਾ ਸਵਾਗਤ

1



ਬਾਕੀ ਫੋਟੋਆਂ ਅਗਲੇ ਸਫੇ 'ਤੇ ਦੇਖੋ। ਪੰਜਾਬ ਮੇਲ USA

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦਾ ਸੈਕਰਾਮੈਂਟੋ (ਕੈਲੀਫੋਰਨੀਆ) ਪਹੁੰਚਣ 'ਤੇ ਹੋਇਆ ਨਿੱਘਾ ਸਵਾਗਤ

2












# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦਾ ਫੇਅਰਫੀਲਡ (ਕੈਲੀਫੋਰਨੀਆ) ਪਹੁੰਚਣ 'ਤੇ ਹੋਇਆ ਨਿੱਘਾ ਸਵਾਗਤ

1























ਬਾਕੀ ਫੋਟੋਆਂ ਅਗਲੇ ਸਫੇ 'ਤੇ ਦੇਖੋ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦਾ ਫੇਅਰਫੀਲਡ (ਕੈਲੀਫੋਰਨੀਆ) ਪਹੁੰਚਣ 'ਤੇ ਹੋਇਆ ਨਿੱਘਾ ਸਵਾਗਤ



















# ਕਮਿਸ਼ਨਰ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੀ ਯਾਦ ਵਿਚ IVCC ਦੇ ਸਹਿਯੋਗ ਨਾਲ ਐਲਕ ਗਰੋਵ ਪਾਰਕ ਵਿਖੇ 17ਵੀਂ ਸਾਲਾਨਾ ਪਿਕਨਿਕ ਕਾਮਯਾਬੀ ਨਾਲ ਹੋਈ ਸੰਪੰਨ















ਪੰਜਾਬ ਮੇਲ USA

# ਟਰੰਪ ਰੂਸ-ਯੂਕਰੇਨ ਯੁੱਧ ਦੇ ਖ਼ਾਤਮੇ ਲਈ 15 ਅਗਸਤ ਨੂੰ ਅਲਾਸਕਾ ’ਚ ਪੁਤਿਨ ਨਾਲ ਕਰਨਗੇ ਮੁਲਾਕਾਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਯੂਕਰੇਨ ’ਚ ਯੁੱਧ ਦੇ ਅੰਤ ਲਈ ਗੱਲਬਾਤ ਕਰਨ ਲਈ 15 ਅਗਸਤ ਨੂੰ ਅਲਾਸਕਾ ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਮਿਲਣਗੇ। ਟਰੰਪ ਨੇ ਟਰੂਥ ਸੋਸ਼ਲ ’ਤੇ ਇੱਕ ਪੋਸਟ ਵਿਚ ਕਿਹਾ, “ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਮੇਰੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵਿਚਕਾਰ ਬਹੁਤ-ਉਮੀਦ ਕੀਤੀ ਗਈ ਮੁਲਾਕਾਤ ਅਗਲੇ ਸ਼ੁੱਕਰਵਾਰ 15 ਅਗਸਤ 2025 ਨੂੰ ਅਲਾਸਕਾ ਦੇ ਮਹਾਨ ਰਾਜ ਵਿਚ ਹੋਵੇਗੀ।”



ਰੂਸੀ ਨਿਊਜ਼ ਏਜੰਸੀ ਅਨੁਸਾਰ, ਕ੍ਰੇਮਲਿਨ ਨੇ ਵੀ ਕ੍ਰੇਮਲਿਨ ਦੇ ਸਹਾਇਕ ਯੂਰੀ ਉਸ਼ਾਕੋਵ ਦੇ ਹਵਾਲੇ ਨਾਲ ਮੀਟਿੰਗ ਦੀ ਪੁਸ਼ਟੀ ਕੀਤੀ ਹੈ। ਟਰੰਪ ਨੇ ਅੱਗੇ ਕਿਹਾ ਕਿ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਵੀ ਸ਼ਾਂਤੀ ਵਾਰਤਾ ਵਿਚ ਸ਼ਾਮਲ ਸਨ ਅਤੇ ਦੋਵੇਂ ਧਿਰਾਂ ਤਿੰਨ ਸਾਲ ਲੰਬੇ ਸੰਘਰਸ਼ ਨੂੰ ਹੱਲ ਕਰਨ ਲਈ ਇੱਕ ਜੰਗਬੰਦੀ ਸਮਝੌਤੇ ਦੇ ਨੇੜੇ ਸਨ। ਅਮਰੀਕੀ ਰਾਸ਼ਟਰਪਤੀ ਨੇ ਕਿਸੇ ਵੀ ਸਮਝੌਤੇ ਵਿਚ ਜ਼ੇਲੇਂਸਕੀ ਦੀ ਭੂਮਿਕਾ ’ਤੇ ਜ਼ੋਰ ਦਿੱਤਾ: “ਜ਼ੇਲੇਂਸਕੀ ਨੂੰ ਆਪਣੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਪੈਣਗੀਆਂ, ਕਿਉਂਕਿ ਉਸ ਨੂੰ ਇੱਕ ਸਮਝੌਤੇ ’ਤੇ ਦਸਤਖਤ ਕਰਨ ਲਈ ਤਿਆਰ ਰਹਿਣਾ ਪਵੇਗਾ ਅਤੇ ਮੈਨੂੰ ਲੱਗਦਾ ਹੈ ਕਿ ਉਹ ਇਸ ਨੂੰ ਪੂਰਾ ਕਰਨ ਲਈ ਸਖ਼ਤ ਮਿਹਨਤ ਕਰ ਰਿਹਾ ਹੈ।” ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਸੰਕੇਤ ਦਿੱਤਾ ਕਿ ਇਸ ਸੌਦੇ ਵਿਚ ਜ਼ਮੀਨ ਦਾ ਕੁਝ ਵਟਾਂਦਰਾ ਸ਼ਾਮਲ ਹੋਵੇਗਾ।

ਟਰੰਪ ਨੇ ਕਿਹਾ, “ਦੋਵਾਂ ਦੇਸ਼ਾਂ ਦੇ ਹਿੱਤ ਵਿਚ ਖੇਤਰਾਂ ਦਾ ਕੁਝ ਵਟਾਂਦਰਾ ਹੋਵੇਗਾ।” ਟਰੰਪ ਦਾ ਐਲਾਨ ਵ੍ਹਾਈਟ ਹਾਊਸ ਵਿਖੇ ਅਰਮੀਨੀਆ ਅਤੇ ਅਜ਼ਰਬਾਈਜਾਨ ਵਿਚਕਾਰ ਸ਼ਾਂਤੀ ਸਮਝੌਤੇ ਦਾ ਉਦਘਾਟਨ ਕਰਨ ਤੋਂ ਕੁਝ ਘੰਟਿਆਂ ਬਾਅਦ ਆਇਆ, ਜਿਸ ਨੂੰ ਉਸਨੇ ਕਈ ਵਿਸ਼ਵਵਿਆਪੀ ਵਿਵਾਦਾਂ ਨੂੰ ਹੱਲ ਕਰਨ ਲਈ ਇੱਕ ਹਮਲਾਵਰ ਯਤਨ ਦੱਸਿਆ। ਇਹ ਮੁਲਾਕਾਤ ਟਰੰਪ ਦੀ ਰਾਸ਼ਟਰਪਤੀ ਅਹੁਦੇ ’ਤੇ ਵਾਪਸ ਆਉਣ ਤੋਂ ਬਾਅਦ ਪੁਤਿਨ ਨਾਲ ਪਹਿਲੀ ਆਹਮੋ-ਸਾਹਮਣੇ ਮੁਲਾਕਾਤ ਹੋਵੇਗੀ।

ਪੁਤਿਨ ਦੀ ਅਲਾਸਕਾ ਫੇਰੀ ਇੱਕ ਦਹਾਕੇ ’ਚ ਸੰਯੁਕਤ ਰਾਜ ਅਮਰੀਕਾ ਦੀ ਪਹਿਲੀ ਫੇਰੀ ਹੋਵੇਗੀ। ਉਸਨੇ ਆਖਰੀ ਵਾਰ ਸਤੰਬਰ 2015 ਵਿਚ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਮਹਾਸਭਾ ਦੇ ਮੌਕੇ ’ਤੇ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮੁਲਾਕਾਤ ਕੀਤੀ ਸੀ।

ਵਿਦੇਸ਼ ਵਿਭਾਗ ਅਨੁਸਾਰ, ਰੂਸ ਦੇ ਨੇਤਾ ਵਜੋਂ ਪੁਤਿਨ ਦੀ ਅਮਰੀਕਾ ਦੀ ਪਹਿਲੀ ਫੇਰੀ 2000 ਵਿਚ ਸੀ, ਜਦੋਂ ਉਹ ਸੰਯੁਕਤ ਰਾਸ਼ਟਰ ਮਿਲੇਨੀਅਮ ਸੰਮੇਲਨ ਵਿਚ ਰਾਸ਼ਟਰਪਤੀ ਬਿਲ ਕਲਿੰਟਨ ਨੂੰ ਮਿਲੇ ਸਨ। 2015 ਦੀ ਯਾਤਰਾ ਰਾਸ਼ਟਰਪਤੀ ਵਜੋਂ ਉਨ੍ਹਾਂ ਦੀ ਸੱਤਵੀਂ ਸੀ, ਜਿਸ ਨਾਲ ਅਲਾਸਕਾ ਵਿਚ ਟਰੰਪ ਨਾਲ ਉਨ੍ਹਾਂ ਦੀ ਆਉਣ ਵਾਲੀ ਮੁਲਾਕਾਤ ਉਨ੍ਹਾਂ ਦੀ ਅੱਠਵੀਂ ਸੀ।

## ਸ਼ਿਕਾਗੋ ’ਚ ਸੜਕ ਹਾਦਸੇ ਵਿਚ ਹੈਦਰਾਬਾਦ ਦੀ ਇਕ ਵਿਦਿਆਰਥਣ ਦੀ ਮੌਤ

ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਬੀਤੇ ਦਿਨੀਂ ਅਮਰੀਕਾ ਦੇ ਸ਼ਿਕਾਗੋ ਵਿਚ ਇੱਕ ਸੜਕ ਹਾਦਸੇ ਵਿਚ ਭਾਰਤੀ ਮੂਲ ਦੀ ਹੈਦਰਾਬਾਦ ਦੇ ਨਾਲ ਪਿਛੋਕੜ ਰੱਖਣ ਵਾਲੀ ਵਿਦਿਆਰਥਣ ਦੀ ਮੌਤ ਹੋ ਗਈ, ਜਿਸ ਦੀ ਪਛਾਣ ਸ਼੍ਰੀਜਾ ਵਰਮਾ ਵਜੋਂ ਹੋਈ ਹੈ। ਜੋ ਪੈਦਲ ਜਾ ਰਹੀ ਸੀ, ਜਦੋਂ ਉਸ ਨੂੰ ਸ਼ਿਕਾਗੋ ਵਿਚ ਇੱਕ ਟਰੱਕ ਨੇ ਟੱਕਰ ਮਾਰ ਦਿੱਤੀ ਅਤੇ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ।



ਜਾਣਕਾਰੀ ਅਨੁਸਾਰ, ਉਹ ਹੈਦਰਾਬਾਦ ਦੇ ਮੈਸੰਮਾ ਖੇਤਰ ਦੇ ਬਾਲਾਜੀ ਨਗਰ ਦੀ ਰਹਿਣ ਵਾਲੀ ਸੀ। ਸ਼੍ਰੀਜਾ ਵਰਮਾ (23) ਕੁਝ ਸਮਾਂ ਪਹਿਲਾਂ ਉੱਚ ਸਿੱਖਿਆ ਲਈ ਅਮਰੀਕਾ ਚਲੀ ਗਈ ਸੀ ਅਤੇ ਸ਼ਿਕਾਗੋ ਵਿਚ ਰਹਿ ਰਹੀ ਸੀ। ਮ੍ਰਿਤਕ ਆਪਣੇ ਅਪਾਰਟਮੈਂਟ ਤੋਂ ਪੈਦਲ ਰੈਸਟੋਰੈਂਟ ਵਿਚ ਖਾਣਾ ਖਾਣ ਲਈ ਨਿਕਲੀ ਸੀ। ਉਸ ਨੂੰ ਇਕ ਟਰੱਕ ਨੇ ਟੱਕਰ ਮਾਰ ਦਿੱਤੀ ਅਤੇ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਸ਼੍ਰੀਜਾ ਦੇ ਪਰਿਵਾਰ ਨੇ ਅਮਰੀਕਾ ਵਿਚ ਸਥਾਪਤ ਤੇਲਗੂ ਐਸੋਸੀਏਸ਼ਨਾਂ ਨੂੰ ਉਸ ਦੀ ਮ੍ਰਿਤਕ ਦੇਹ ਨੂੰ ਭਾਰਤ ਵਿਚ ਤੇਜ਼ੀ ਨਾਲ ਲਿਆਉਣ ਵਿਚ ਮਦਦ ਕਰਨ ਦੀ ਅਪੀਲ ਵੀ ਕੀਤੀ ਹੈ।

## ਬੇਘਰੇ ਲੋਕ ਤੁਰੰਤ ਰਾਜਧਾਨੀ ਛੱਡ ਕੇ ਚਲੇ ਜਾਣ : ਡੋਨਾਲਡ ਟਰੰਪ

**■ ਬੇਘਰਿਆਂ ਨੂੰ ਰਾਜਧਾਨੀ ਤੋਂ ਦੂਰ ਦਿੱਤੀ ਜਾਵੇਗੀ ਜਗ੍ਹਾ**

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਰੀ ਇੱਕ ਬਿਆਨ ’ਚ ਬੇਘਰੇ ਲੋਕਾਂ ਨੂੰ ਕਿਹਾ ਹੈ ਕਿ ਉਹ ਤੁਰੰਤ ਵਾਸ਼ਿੰਗਟਨ ਡੀ.ਸੀ. ਛੱਡ ਕੇ ਚਲੇ ਜਾਣ। ਹਾਲਾਂਕਿ ਪਿਛਲੇ ਸਾਲ ਵਾਸ਼ਿੰਗਟਨ ਡੀ.ਸੀ. ਵਿਚ ਹਿੰਸਕ ਅਪਰਾਧ ਘਟਿਆ ਹੈ ਪਰੰਤੂ ਰਾਸ਼ਟਰਪਤੀ ਨੇ ਸ਼ਹਿਰ ਵਿਚ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਉਹ ਇੱਕ ਯੋਜਨਾ ਉਪਰ ਕੰਮ ਕਰ ਰਹੇ ਹਨ, ਜਿਸ ਤਹਿਤ ਬੇਘਰੇ ਲੋਕਾਂ ਦੀ ਸਮੱਸਿਆ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਨੇ ਟਰੁੱਥ ਸੋਸ਼ਲ ਮੀਡੀਆ ਉੱਪਰ ਲਿਖਿਆ ਹੈ, “ਬੇਘਰੇ ਲੋਕਾਂ ਨੂੰ ਤੁਰੰਤ ਸ਼ਹਿਰ ਛੱਡ ਕੇ ਜਾਣਾ ਪਵੇਗਾ, ਅਸੀਂ ਤੁਹਾਨੂੰ ਰਹਿਣ ਲਈ ਜਗ੍ਹਾ ਦੇਵਾਂਗੇ ਪਰੰਤੂ ਉਹ ਜਗ੍ਹਾ ਰਾਜਧਾਨੀ ਤੋਂ ਦੂਰ ਹੋਵੇਗੀ।” ਟਰੰਪ ਨੇ ਕਿਹਾ, “ਉਹ ਛੇਤੀ ਇਕ ਯੋਜਨਾ ਦਾ ਐਲਾਨ ਕਰਨ ਵਾਲੇ ਹਨ, ਜਿਸ ਨਾਲ ਸ਼ਹਿਰ ਵਿਚ ਅਪਰਾਧ ਤੇ ਗੰਦਗੀ ਦੀ ਸਮੱਸਿਆ ਹੱਲ ਹੋ ਜਾਵੇਗੀ। ਸ਼ਹਿਰ ਦਾ ਆਮ ਨਵੀਨੀਕਰਣ ਹੋਵੇਗਾ ਤੇ ਸ਼ਹਿਰ ਵਿਚਲੇ ਹਾਲਾਤ ਬਦਲ ਜਾਣਗੇ, ਜੋ ਕਦੇ ਸਾਡੇ ਸੁੰਦਰ ਤੇ ਵਧੀਆ ਰੱਖ-ਰਖਾਵ ਵਾਲੇ ਸ਼ਹਿਰ ਵਿਚ ਹੁੰਦੇ ਸਨ।” ਇੱਥੇ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਨੇ ਬੀਤੇ ਦਿਨੀਂ ਅਪਰਾਧ ਬਾਰੇ ਸ਼ਿਕਾਇਤ ਕਰਦਿਆਂ ਚਿਤਾਵਨੀ ਦਿੱਤੀ ਸੀ ਕਿ ਵਾਸ਼ਿੰਗਟਨ ਡੀ.ਸੀ. ਦੇ ਨਿਯੰਤਰਣ ਨੂੰ ਸੰਘੀ ਪ੍ਰਸ਼ਾਸਨ ਆਪਣੇ ਹੱਥ ਵਿਚ ਲੈ ਲਵੇਗਾ। ਉਨ੍ਹਾਂ ਕਿਹਾ ਸੀ, “ਵਾਸ਼ਿੰਗਟਨ ਡੀ.ਸੀ. ਵਿਚ ਅਪਰਾਧ ਮੁਕੰਮਲ ਤੌਰ ’ਤੇ ਕੰਟਰੋਲ ਤੋਂ ਬਾਹਰ ਹੋ ਗਿਆ ਹੈ। ਜੇਕਰ ਇਸੇ ਤਰ੍ਹਾਂ ਹੀ ਜਾਰੀ ਰਿਹਾ, ਤਾਂ ਉਹ ਆਪਣੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਸ਼ਹਿਰ ਦਾ ਸੰਘੀਕਰਣ ਕਰ ਦੇਣਗੇ।” ਇਸ ਤੋਂ ਬਾਅਦ ਟਰੰਪ ਨੇ ਸ਼ਹਿਰ ਵਿਚ ਸੰਘੀ ਲਾਅ ਇਨਫੋਰਸਮੈਂਟ ਅਫਸਰਾਂ ਦੀ ਹਾਜ਼ਰੀ ਵਧਾਉਣ ਦਾ ਆਦੇਸ਼ ਦਿੱਤਾ ਸੀ।






# ਟੈਰਿਫ ਵਾਰ : ਟਰੰਪ ਤੋਂ ਬਾਅਦ ਭਾਰਤ ਵੀ ਚੋਣਵੇਂ ਅਮਰੀਕੀ ਸਾਮਾਨ 'ਤੇ ਟੈਰਿਫ ਲਾਉਣ 'ਤੇ ਕਰ ਰਿਹੈ ਵਿਚਾਰ!

**ਨਵੀਂ ਦਿੱਲੀ, (ਪੰਜਾਬ ਮੇਲ) -** ਅਮਰੀਕਾ ਨੇ ਭਾਰਤੀ ਸਟੀਲ, ਐਲੂਮੀਨੀਅਮ ਅਤੇ ਸਬੰਧਤ ਉਤਪਾਦਾਂ 'ਤੇ 50 ਫੀਸਦੀ ਦੀ ਭਾਰੀ ਇੰਪੋਰਟ ਡਿਊਟੀ ਲਾਈ ਹੈ। ਇਸ ਦੇ ਜਵਾਬ 'ਚ ਭਾਰਤ ਵੀ ਚੋਣਵੇਂ ਅਮਰੀਕੀ ਸਾਮਾਨ 'ਤੇ ਟੈਰਿਫ ਲਾਉਣ 'ਤੇ ਵਿਚਾਰ ਕਰ ਰਿਹਾ ਹੈ। ਸੂਤਰਾਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਗਈ ਹੈ।



ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ 'ਤੇ ਭਾਰਤ ਦਾ ਪਹਿਲਾ ਰਸਮੀ ਪਲਟਵਾਰ ਹੋਵੇਗਾ। ਟਰੰਪ ਨੇ 31 ਜੁਲਾਈ ਨੂੰ ਸਾਰੀਆਂ ਭਾਰਤੀ ਵਸਤਾਂ 'ਤੇ 25 ਫੀਸਦੀ ਟੈਰਿਫ ਲਾਇਆ ਸੀ। ਫਿਰ 6 ਅਗਸਤ ਨੂੰ ਰੂਸ ਤੋਂ ਤੇਲ ਦਰਾਮਦ ਨੂੰ ਲੈ ਕੇ 25 ਫੀਸਦੀ ਦਾ ਐਕਸਟ੍ਰਾ ਟੈਰਿਫ ਲਾ ਦਿੱਤਾ ਸੀ।

ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਵਾਸ਼ਿੰਗਟਨ ਭਾਰਤ ਦੀਆਂ ਚਿੰਤਾਵਾਂ ਨੂੰ ਗੱਲਬਾਤ ਨਾਲ ਸੁਲਝਾਉਣ ਨੂੰ ਤਿਆਰ ਨਹੀਂ ਹੈ, ਜਿਸ ਨਾਲ ਭਾਰਤ ਕੋਲ ਪਲਟਵਾਰ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਬਚਦਾ। ਇਸ ਪਲਟਵਾਰ ਦੀ ਸ਼ੁਰੂਆਤ ਅਮਰੀਕੀ ਵਸਤਾਂ ਦੇ ਇਕ ਸੈੱਟ 'ਤੇ ਅਜਿਹੇ ਟੈਰਿਫ ਨਾਲ ਹੋ ਸਕਦੀ ਹੈ, ਜੋ ਅਮਰੀਕੀ ਡਿਊਟੀ ਨਾਲ ਹੋਏ ਨੁਕਸਾਨ ਦੇ ਅਨੁਪਾਤ 'ਚ ਹੋਣ।

ਇਕ ਹੋਰ ਅਧਿਕਾਰੀ ਨੇ ਦੱਸਿਆ, "ਅਮਰੀਕਾ ਇਕ ਪਾਸੇ ਦੋਪੱਖੀ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਿਹਾ ਹੈ, ਤਾਂ ਦੂਜੇ ਪਾਸੇ ਭਾਰਤ ਦੇ ਆਰਥਿਕ ਹਿੱਤਾਂ ਖਿਲਾਫ ਅਣ-ਉਚਿਤ ਕਦਮ ਉਠਾ ਰਿਹਾ ਹੈ। ਭਾਰਤ ਨੂੰ ਅਮਰੀਕਾ ਦੀ ਇਕਪਾਸੜ ਅਤੇ ਅਣ-ਉਚਿਤ ਕਾਰਵਾਈ ਦਾ ਜਵਾਬ ਦੇਣ ਦਾ ਅਧਿਕਾਰ ਹੈ।"

ਭਾਰਤ ਨੂੰ ਅਮਰੀਕਾ 45 ਅਰਬ ਡਾਲਰ ਤੋਂ ਜ਼ਿਆਦਾ ਦਾ ਮਾਲ ਬਰਾਮਦ ਕਰਦਾ ਹੈ। ਉਥੇ ਹੀ, ਹਾਲੀਆ ਟੈਰਿਫ ਤੋਂ ਪਹਿਲਾਂ ਭਾਰਤ ਦੀ ਅਮਰੀਕਾ ਨੂੰ ਬਰਾਮਦ 86 ਅਰਬ ਡਾਲਰ ਦੀ ਸੀ। ਜੇਕਰ ਭਾਰਤ ਟੈਰਿਫ ਦੇ ਮਾਮਲੇ 'ਚ ਜਵਾਬੀ ਕਾਰਵਾਈ ਕਰਦਾ ਹੈ, ਤਾਂ ਵਪਾਰ ਘਾਟਾ ਹੋਰ ਵਧ ਸਕਦਾ ਹੈ।

ਇਸ ਸਾਲ ਫਰਵਰੀ 'ਚ ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਪੱਖੀ ਵਪਾਰ ਨੂੰ 500 ਅਰਬ ਡਾਲਰ ਤੱਕ ਵਧਾਉਣ ਅਤੇ ਵਿਆਪਕ ਗੱਲਬਾਤ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ ਪਰ ਅਮਰੀਕਾ ਭਾਰਤ ਦੇ ਖੇਤੀਬਾੜੀ ਅਤੇ ਸੰਵੇਦਨਸ਼ੀਲ ਖੇਤਰਾਂ 'ਚ ਜ਼ਿਆਦਾ ਪਹੁੰਚ ਚਾਹੁੰਦਾ ਹੈ। ਅਮਰੀਕੀ ਮੰਗ ਨੂੰ ਭਾਰਤ ਨੇ ਠੁਕਰਾ ਦਿੱਤਾ, ਜਿਸ ਤੋਂ ਬਾਅਦ ਗੱਲਬਾਤ ਠੱਪ ਪੈ ਗਈ।

ਅਮਰੀਕਾ ਨੇ 2024-25 'ਚ ਭਾਰਤ ਨੂੰ 13.62 ਅਰਬ ਡਾਲਰ ਦੀ ਊਰਜਾ ਬਰਾਮਦ ਕੀਤੀ, ਨਾਲ ਹੀ ਇਲੈਕਟ੍ਰਾਨਿਕਸ, ਕੈਮੀਕਲਜ਼ ਅਤੇ ਹੋਰ ਵਸਤਾਂ 'ਚ ਵੀ ਜ਼ਿਕਰਯੋਗ ਵਪਾਰ ਕੀਤਾ। ਸੇਵਾ ਵਪਾਰ ਵੀ ਮਹੱਤਵਪੂਰਨ ਹੈ। 2024 'ਚ ਦੋਪੱਖੀ ਸੇਵਾਵਾਂ ਦਾ ਵਪਾਰ 83.4 ਅਰਬ ਡਾਲਰ ਦਾ ਰਿਹਾ, ਜਿਸ 'ਚ ਅਮਰੀਕਾ ਦਾ 102 ਮਿਲੀਅਨ ਡਾਲਰ ਦਾ ਸਰਪਲੱਸ ਸੀ।

2024 'ਚ ਭਾਰਤ ਨੂੰ ਅਮਰੀਕੀ ਸੇਵਾ ਬਰਾਮਦ ਕਰੀਬ 16 ਫੀਸਦੀ ਵਧ ਕੇ 41.8 ਅਰਬ ਡਾਲਰ ਤੱਕ ਪੁੱਜੀ, ਜਦੋਂਕਿ ਭਾਰਤ ਤੋਂ ਦਰਾਮਦ ਵੀ ਲੱਗਭਗ ਸਮਾਨ ਦਰ ਨਾਲ ਵਧ ਕੇ 41.6 ਅਰਬ ਡਾਲਰ ਹੋ ਗਈ।

## ਬਾਲਟੀਮੋਰ 'ਚ ਹੋਈ ਗੋਲੀਬਾਰੀ ਵਿਚ 5 ਸਾਲ ਦੀ ਲੜਕੀ ਸਮੇਤ 6 ਜ਼ਖਮੀ; 1 ਦੀ ਹਾਲਤ ਗੰਭੀਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਬਾਲਟੀਮੋਰ ਵਿਚ ਹੋਈ ਗੋਲੀਬਾਰੀ ਵਿਚ ਇਕ 5 ਸਾਲ ਦੀ ਲੜਕੀ ਸਮੇਤ 6 ਜਣਿਆਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਬਾਲਟੀਮੋਰ ਪੁਲਿਸ ਨੇ ਕਿਹਾ ਹੈ ਕਿ ਘਟਨਾ ਦੀ ਸੂਚਨਾ ਮਿਲਣ 'ਤੇ ਤੁਰੰਤ ਪੁਲਿਸ ਅਫਸਰ ਤਕਰਬੀਨ ਸ਼ਾਮ 8.46 ਵਜੇ ਘਟਨਾ ਸਥਾਨ ਸਪਾਲਡਿੰਗ ਤੇ ਕੁਈਨਜ਼ਬਰੀ ਐਵਨਿਊਜ਼ ਵਿਚ ਪੁੱਜੇ ਤੇ ਹਾਲਾਤ ਨੂੰ ਕਾਬੂ ਹੇਠ ਕੀਤਾ। ਪੁਲਿਸ ਨੇ ਇਸ ਨੂੰ ਸਮੂਹਿਕ ਗੋਲੀਬਾਰੀ ਦੀ ਘਟਨਾ ਕਰਾਰ ਦਿੱਤਾ ਹੈ। ਬਾਲਟੀਮੋਰ ਪੁਲਿਸ ਕਮਿਸ਼ਨਰ ਰਿਚਰਡ ਵੌਰਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 5 ਸਾਲਾ ਲੜਕੀ ਦੇ ਹੱਥ ਵਿਚ ਗੋਲੀ ਵੱਜੀ ਹੈ ਤੇ ਉਸ ਦਾ ਜ਼ਖਮ ਗੰਭੀਰ ਨਹੀਂ ਲੱਗਦਾ। ਪੁਲਿਸ ਅਨੁਸਾਰ ਇੱਕ ਜ਼ਖਮੀ ਦੀ ਹਾਲਤ ਨਾਜ਼ੁਕ ਹੈ। ਬਾਕੀ ਜ਼ਖਮੀਆਂ ਵਿਚ ਇੱਕ ਔਰਤ ਤੇ 3 ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਦੀ ਉਮਰ 23 ਤੋਂ 52 ਸਾਲ ਦੇ ਦਰਮਿਆਨ ਹੈ। ਇਹ ਸਾਰੇ ਸਥਿਰ ਹਾਲਤ ਵਿਚ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਨਫਰਤੀ ਹਮਲਿਆਂ ਦੇ ਮਾਮਲੇ 'ਚ ਯਹੂਦੀਆਂ ਤੇ ਮੁਸਲਮਾਨਾਂ ਤੋਂ ਬਾਅਦ ਸਿੱਖ ਤੀਸਰੇ ਸਥਾਨ 'ਤੇ




ਸਿੱਖ ਭਾਈਚਾਰਾ ਨਫਰਤੀ ਅਪਰਾਧਾਂ ਬਾਰੇ ਜਾਣਕਾਰੀ ਦਿੰਦਾ ਹੋਇਆ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦੇ 2024 ਦੇ ਸਾਲਾਨਾ ਨਫਰਤੀ ਅਪਰਾਧ ਅੰਕੜਿਆਂ ਅਨੁਸਾਰ ਸਿੱਖ ਭਾਈਚਾਰਾ ਤੀਸਰੇ ਸਥਾਨ 'ਤੇ ਹੈ, ਜਿਨ੍ਹਾਂ ਨੂੰ ਧਾਰਮਿਕ ਦਿੱਖ ਕਾਰਨ ਸਮਾਜ ਵਿਰੋਧੀ ਅਨਸਰਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ। ਸਭ ਤੋਂ ਵਧ ਪੀੜਤ ਯਹੂਦੀ ਹਨ ਤੇ ਇਸ ਤੋਂ ਬਾਅਦ ਦੂਸਰੇ ਸਥਾਨ 'ਤੇ ਮੁਸਲਮਾਨ ਭਾਈਚਾਰਾ ਹੈ। ਐੱਫ.ਬੀ.ਆਈ. ਰਿਪੋਰਟ ਅਨੁਸਾਰ 2024 'ਚ ਸਿੱਖਾਂ ਵਿਰੁੱਧ ਨਫਰਤੀ ਹਮਲਿਆਂ ਦੇ 153 ਮਾਮਲੇ ਦਰਜ ਹੋਏ ਹਨ, ਜੋ ਕਿ 2023 ਨਾਲੋਂ ਘੱਟ ਹਨ। ਹਾਲਾਂਕਿ ਇਸ ਰਿਪੋਰਟ ਵਿਚ ਮੰਨਿਆ ਗਿਆ ਹੈ ਕਿ ਇਹ ਅੰਕੜੇ ਬੁਨਿਆਦੀ ਤੌਰ 'ਤੇ ਨਾਮੁਕੰਮਲ ਹਨ ਕਿਉਂਕਿ ਬਹੁਤ ਸਾਰੇ ਮਾਮਲਿਆਂ ਵਿਚ ਪੀੜਤ ਅੱਗੇ ਨਹੀਂ ਆਏ ਤੇ ਉਨ੍ਹਾਂ ਨੇ ਆਪਣੇ ਨਾਲ ਹੋਈ ਵਧੀਕੀ ਦੀ ਸ਼ਿਕਾਇਤ ਦਰਜ ਨਹੀਂ ਕਰਵਾਈ। ਸਿੱਖ ਕੁਲੀਸ਼ਨ ਦੀ ਸੀਨੀਅਰ ਫੈਡਰਲ ਪਾਲਿਸੀ ਮੈਨੇਜਰ ਮਨਨਿਰਮਲ ਕੌਰ ਨੇ ਜਾਰੀ ਇੱਕ ਬਿਆਨ 'ਚ ਸਿੱਖ ਭਾਈਚਾਰੇ ਨੂੰ ਦਰਪੇਸ਼ ਅਸਾਧਾਰਨ ਖਤਰੇ ਦੀ ਗੱਲ ਕਰਦਿਆਂ ਕਿਹਾ ਹੈ ਕਿ ਆਬਾਦੀ ਦੇ ਹਿਸਾਬ ਨਾਲ ਸਿੱਖ ਸਭ ਤੋਂ ਵਧ ਨਸਲੀ ਹਿੰਸਾ ਤੋਂ ਪੀੜਤ ਹਨ। ਉਨ੍ਹਾਂ ਕਿਹਾ ਹੈ ਕਿ ਦੇਸ਼ ਭਰ ਵਿਚ ਨਸਲੀ ਹਮਲਿਆਂ ਦੇ ਮਾਮਲੇ ਵਿਚ ਹੋਏ ਸਧਾਰ ਬਾਰੇ ਰਿਪੋਰਟ ਪਹਿਲਾ ਬੁਨਿਆਦੀ ਕਦਮ ਹੈ, ਜਿਸ ਤੋਂ ਸਮੱਸਿਆ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ।

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਟਰੰਪ ਪ੍ਰਸ਼ਾਸਨ ਵੱਲੋਂ ਬੱਚਿਆਂ ਲਈ ਗ੍ਰੀਨ ਕਾਰਡ ਦੇ ਨਿਯਮ ’ਚ ਬਦਲਾਅ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਬੱਚਿਆਂ ਲਈ ਗ੍ਰੀਨ ਕਾਰਡ ਦੇ ਨਿਯਮ ਬਦਲ ਗਏ ਹਨ ਅਤੇ ਇਸਦੇ ਪ੍ਰਭਾਵ ਦੂਰਗਾਮੀ ਹੋਣਗੇ। ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਗ੍ਰੀਨ ਕਾਰਡ ਦੇ ਨਿਯਮਾਂ ’ਚ ਬਦਲਾਅ ਕੀਤਾ ਹੈ, ਜਿਸ ਨਾਲ ਉਨ੍ਹਾਂ ਬੱਚਿਆਂ ’ਤੇ ਅਸਰ ਪਵੇਗਾ ਜੋ ਆਪਣੇ ਮਾਪਿਆਂ ਦੀਆਂ ਪਟੀਸ਼ਨਾਂ ’ਤੇ ਗ੍ਰੀਨ ਕਾਰਡ ਲਈ ਅਰਜ਼ੀ ਦਿੰਦੇ ਹਨ। ਭਾਵੇਂ ਇਹ ਬਦਲਾਅ ਤਕਨੀਕੀ ਲੱਗ ਸਕਦਾ ਹੈ, ਪਰ ਇਸਦਾ ਪ੍ਰਭਾਵ ਬਹੁਤ ਨਿੱਜੀ ਹੈ। ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਦੇ ਨਵੇਂ ਨਿਯਮ ਵਿਚ ਕਿਹਾ ਗਿਆ ਹੈ ਕਿ ਹੁਣ ਅਰਜ਼ੀ ਦਾਇਰ ਕਰਨ ਦੀਆਂ ਤਰੀਕਾਂ ਦੀ ਬਜਾਏ ਬੱਚੇ ਦੀ ਉਮਰ ਦੀ ਗਣਨਾ ਕਰਨ ਲਈ ਅੰਤਿਮ ਕਾਰਵਾਈ ਮਿਤੀ ਦੀ ਵਰਤੋਂ ਕੀਤੀ ਜਾਵੇਗੀ। ਇਸਦਾ ਮਤਲਬ ਹੈ ਕਿ ਬੱਚਿਆਂ ਨੂੰ ਜਲਦੀ ਹੀ ਬਾਲਗ




ਮੰਨਿਆ ਜਾਵੇਗਾ। ਨਵਾਂ ਨਿਯਮ 15 ਅਗਸਤ ਤੋਂ ਲਾਗੂ ਹੋ ਰਿਹਾ ਹੈ।

ਅਮਰੀਕਾ ਦੇ ਮੌਜੂਦਾ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਨਿਯਮਾਂ ਤਹਿਤ ਪਰਿਵਾਰ-ਪ੍ਰਯੋਜਿਤ, ਰੁਜ਼ਗਾਰ-ਅਧਾਰਤ ਜਾਂ ਵਿਭਿੰਨਤਾ ਵੀਜ਼ਾ ਲਈ ਆਪਣੇ ਮਾਪਿਆਂ ਦੀ ਪ੍ਰਵਾਨਿਤ ਪਟੀਸ਼ਨ ਦੇ ਆਧਾਰ ’ਤੇ ਅਮਰੀਕਾ ਵਿਚ ਵੈਧ ਸਥਾਈ ਨਿਵਾਸੀ ਦਾ ਦਰਜਾ ਹਾਸਲ ਕਰਨ ਲਈ ਇੱਕ ਅਣਵਿਆਹੇ ਵਿਦੇਸ਼ੀ ਬੱਚੇ ਦੀ ਉਮਰ 21 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਜੇਕਰ ਉਹ ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ 21 ਸਾਲ ਦੇ ਹੋ ਜਾਂਦੇ ਹਨ, ਤਾਂ ਉਨ੍ਹਾਂ ਦੀ ਉਮਰ ਖ਼ਤਮ ਹੋ ਜਾਂਦੀ ਹੈ ਅਤੇ ਉਹ ਆਮ ਤੌਰ ’ਤੇ ਮਾਪਿਆਂ ਦੀ ਪਟੀਸ਼ਨ ਦੇ ਆਧਾਰ ’ਤੇ ਇਮੀਗ੍ਰੇਸ਼ਨ ਲੈਣ ਦੇ ਯੋਗ ਨਹੀਂ ਰਹਿੰਦੇ।

15 ਅਗਸਤ ਤੋਂ ਯੂ.ਐੱਸ.ਸੀ.ਆਈ.ਐੱਸ. ਵੀਜ਼ਾ ਬੁਲੇਟਿਨ ਵਿਚ ਅੰਤਿਮ ਕਾਰਵਾਈ ਮਿਤੀ ਦੇ ਆਧਾਰ ’ਤੇ ਬੱਚੇ ਦੀ ਉਮਰ ਨਿਰਧਾਰਤ ਕਰੇਗਾ। ਪਹਿਲਾਂ ਇਸਨੂੰ ਅਰਜ਼ੀ ਦੀ ਮਿਤੀ ਤੋਂ ਲਿਆ ਜਾਂਦਾ ਸੀ। ਇਸ ਬਦਲਾਅ ਦਾ ਮਤਲਬ ਹੈ ਕਿ ਬੱਚੇ ਦੇ 21ਵੇਂ ਜਨਮਦਿਨ ਦੀ ਉਲਟੀ ਗਿਣਤੀ ਅੰਤਿਮ ਕਾਰਵਾਈ ਤੱਕ ਗਿਣੀ ਜਾਵੇਗੀ, ਜੋ ਆਮ ਤੌਰ ’ਤੇ ਹੌਲੀ ਹੋਵੇਗੀ। ਇਹ ਬਦਲਾਅ ਸੰਭਾਵਤ ਤੌਰ ’ਤੇ ਵਧੇਰੇ ਨੌਜਵਾਨ ਬਿਨੈਕਾਰਾਂ ਨੂੰ ਉਨ੍ਹਾਂ ਦੀਆਂ ਅਰਜ਼ੀਆਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਅਯੋਗ ਕਰ ਦੇਵੇਗਾ। ਨਿਯਮਾਂ ਵਿਚ ਇਹ ਬਦਲਾਅ ਭਾਰਤ ਵਰਗੇ ਉੱਚ-ਮੰਗ ਵਾਲੇ ਦੇਸ਼ਾਂ ਵਿਚ ਪਰਿਵਾਰਾਂ ਨੂੰ ਕਾਫ਼ੀ ਪ੍ਰਭਾਵਿਤ ਕਰ ਸਕਦਾ ਹੈ, ਜੋ ਪਹਿਲਾਂ ਹੀ ਲੰਬੇ ਸਮੇਂ ਤੋਂ ਗ੍ਰੀਨ ਕਾਰਡ ਲਈ ਅਰਜ਼ੀ ਦੇ ਰਹੇ ਹਨ।

ਅਮਰੀਕੀ ਕਾਨੂੰਨ ਅਨੁਸਾਰ ਇੱਕ ਅਣਵਿਆਹੇ ਬੱਚੇ ਦੀ ਉਮਰ ਮਾਪਿਆਂ ਤੋਂ ਪ੍ਰਵਾਨਿਤ ਪਟੀਸ਼ਨ ਰਾਹੀਂ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ 21 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਇਹ ਪਰਿਵਾਰ-ਪ੍ਰਯੋਜਿਤ, ਰੁਜ਼ਗਾਰ-ਅਧਾਰਤ ਅਤੇ ਵਿਭਿੰਨਤਾ ਵੀਜ਼ਾ ਦੇ ਸਾਰੇ ਤਰੀਕਿਆਂ ਲਈ ਇੱਕੋ ਜਿਹੀ ਹੈ। ਜੇਕਰ ਬੱਚਾ ਪ੍ਰਕਿਰਿਆ ਦੌਰਾਨ 21 ਸਾਲ ਦਾ ਹੋ ਜਾਂਦਾ ਹੈ, ਤਾਂ ਉਹ ਆਮ ਤੌਰ ’ਤੇ ਯੋਗਤਾ ਗੁਆ ਦਿੰਦਾ ਹੈ ਅਤੇ ਉਸ ਨੂੰ ਇੱਕ ਵੱਖਰੀ ਅਰਜ਼ੀ ਸ਼ੁਰੂ ਕਰਨੀ ਪੈਂਦੀ ਹੈ। ਇਸ ਵਿਚ ਅਕਸਰ ਬਹੁਤ ਲੰਮੀ ਉਡੀਕ ਸ਼ਾਮਲ ਹੁੰਦੀ ਹੈ।

# ਫ਼ੀਨਿਕਸ ’ਚ ਗੈਸ ਲੀਕ ਹੋਣ ਕਾਰਨ ਲੱਗੀ ਭਿਆਨਕ ਅੱਗ; ਜਾਨੀ ਨੁਕਸਾਨ ਤੋਂ ਰਿਹਾ ਬਚਾਅ




■ ਫਾਇਰ ਫਾਈਟਰਾਂ ਨੇ ਮੁਸ਼ੈਦੀ ਨਾਲ ਅੱਗ ’ਤੇ ਕਾਬੂ ਪਾਇਆ

ਫ਼ੀਨਿਕਸ, (ਹਰਦੀਪ ਸੋਢੀ/ ਪੰਜਾਬ ਮੇਲ)- ਐਰੀਜ਼ੋਨਾ ਸੂਬੇ ਦੇ ਸ਼ਹਿਰ ਫ਼ੀਨਿਕਸ ਦੇ ਨਜ਼ਦੀਕ ਗੁਆਡਾਲੂਪੇ ਕਸਬੇ ਵਿਚ ਇਕ (ਸਮਾਲ) ਮੈਕਸੀਕਨ ਮਾਰਕੀਟ ਅਤੇ ਇੱਕ ਰਿਹਾਇਸ਼ੀ ਮਕਾਨ ਨੂੰ ਗੈਸ ਸਿਲੰਡਰ ਲੀਕ ਹੋਣ ਕਾਰਨ ਭਿਆਨਕ ਅੱਗ ਨੇ ਘੇਰ ਲਿਆ। ਫਾਇਰ ਵਿਭਾਗ ਨੂੰ ਫੋਨ ਕਰਦੇ-ਕਰਦੇ ਅੱਗ ਦੀਆਂ ਲਾਟਾਂ ਪੂਰੀ ਤਰ੍ਹਾਂ ਮੱਚ ਗਈਆਂ ਅਤੇ ਘਰ ਵਿਚੋਂ ਉਠੀ ਅੱਗ ਨੇ ਮਾਰਕੀਟ ਨੂੰ ਵੀ ਪੂਰੀ ਤਰ੍ਹਾਂ ਘੇਰ ਲਿਆ। ਉਪਰੰਤ ਸ਼ੈਰਿਫ ਡਿਪਾਰਟਮੇਂਟ, ਗੁਆਡਾਲੁਪੇ, ਟੈਂਪੀ ਅਤੇ ਫੀਨਿਕਸ ਦੇ ਫਾਇਰ ਫਾਈਟਰਾਂ, ਪੁਲਿਸ ਨੇ ਮੁਸ਼ਤੈਦੀ ਨਾਲ ਕੰਮ ਕਰਦੇ ਹੋਏ ਕੋਈ ਜਾਨੀ ਨੁਕਸਾਨ ਨਹੀਂ ਹੋਣ ਦਿੱਤਾ ਅਤੇ ਨਾ ਹੀ ਅੱਗ ਨੂੰ ਹੋਰ ਵਧਣ ਦਿੱਤਾ। ਜੇ ਅੱਗ ’ਤੇ ਮੌਕੇ ਸਿਰ ਕਾਬੂ ਨਾ ਪਾਇਆ ਜਾਂਦਾ, ਤਾਂ ਟਾਊਨ ਦੇ ਕਮਿਊਨਿਟੀ ਹਾਊਸ ਅਤੇ ਮਾਰਕੀਟ ਦੇ ਨਾਲ ਲੱਗਦੀ ਕਾਰਾਂ ਦੀ ਵਰਕਸ਼ਾਪ ਵੀ ਲਪੇਟ ਵਿਚ ਆ ਸਕਦੀ ਸੀ, ਜਿੱਥੇ ਰਿਪੇਅਰ ਹੋਣ ਆਈਆਂ ਬਹੁਤ ਕਾਰਾਂ ਖੜ੍ਹੀਆਂ ਸਨ।

# ਰੂਸ-ਯੂਕਰੇਨ ਜੰਗਬੰਦੀ ’ਤੇ ਸ਼ਸ਼ੋਪੰਜ ਬਰਕਰਾਰ; ਜ਼ੇਲੇਂਸਕੀ ਵੱਲੋਂ ਟਰੰਪ ਦਾ ਪ੍ਰਸਤਾਵ ਰੱਦ

ਕੀਵ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰੂਸ-ਯੂਕਰੇਨ ਵਿਚਾਲੇ ਜਾਰੀ ਸੰਘਰਸ਼ ਨੂੰ ਰੋਕਣ ਦੀ ਕੋਸ਼ਿਸ਼ ਨੂੰ ਝਟਕਾ ਲੱਗਾ ਹੈ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਇਸ ਸੁਝਾਅ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ ਕਿ ਯੂਕਰੇਨ ਕਿਸੇ ਵੀ ਸੰਭਾਵੀ ਸ਼ਾਂਤੀ ਸਮਝੌਤੇ ਦੇ ਹਿੱਸੇ ਵਜੋਂ ਰੂਸ ਨੂੰ ਆਪਣਾ ਖੇਤਰ ਦੇ ਸਕਦਾ ਹੈ। ਇਹ ਟਿੱਪਣੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਯੁੱਧ ਨੂੰ ਖਤਮ ਕਰਨ ਲਈ "ਖੇਤਰੀ ਅਦਲਾ-ਬਦਲੀ" ਦਾ ਪ੍ਰਸਤਾਵ ਰੱਖਣ ਤੋਂ ਬਾਅਦ ਕੀਤੀ ਗਈ ਹੈ।

ਜ਼ੇਲੇਂਸਕੀ ਨੇ ਬੀਤੇ ਦਿਨੀਂ ਕਿਹਾ, "ਯੂਕਰੇਨ ਕਬਜ਼ਾ ਕਰਨ ਵਾਲੇ ਨੂੰ ਜ਼ਮੀਨ ਨਹੀਂ ਦੇਵੇਗਾ।" ਉਸ ਨੇ ਜ਼ੋਰ ਦਿੰਦੇ ਹੋਏ ਕਿ ਕੀਵ ਦਾ ਰੂਸ ਨੂੰ ਉਸਦੇ ਹਮਲੇ ਲਈ ਇਨਾਮ ਦੇਣ ਦਾ ਕੋਈ ਇਰਾਦਾ ਨਹੀਂ ਹੈ। ਉਸਨੇ ਐਲਾਨ ਕੀਤਾ, "ਅਸੀਂ ਰੂਸ ਨੂੰ ਇਸ ਦੇ ਕੀਤੇ ਕੰਮ ਲਈ ਕੋਈ ਇਨਾਮ ਨਹੀਂ ਦੇਵਾਂਗੇ।" ਜ਼ੇਲੇਂਸਕੀ ਨੇ ਇੱਕ ਸੱਚੀ ਅਤੇ ਸਥਾਈ ਸ਼ਾਂਤੀ ਦੀ ਜ਼ਰੂਰਤ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਟੀਚਾ "ਕਤਲਾਂ ’ਤੇ ਵਿਰਾਮ ਲਗਾਉਣਾ ਨਹੀਂ ਹੈ, ਸਗੋਂ ਇੱਕ ਅਸਲ, ਸਥਾਈ ਸ਼ਾਂਤੀ ਸਥਾਪਿਤ ਕਰਨਾ ਹੈ।" ਉਸ ਨੇ ਉਕਤ ਟਿੱਪਣੀਆਂ ਉਦੋਂ ਕੀਤੀਆਂ, ਜਦੋਂ ਚੋਟੀ ਦੇ ਯੂਕਰੇਨੀ ਅਤੇ ਯੂਰਪੀਅਨ ਅਧਿਕਾਰੀਆਂ ਨੇ ਇੰਗਲੈਂਡ ਦੇ ਕੈਂਟ ਵਿਚ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨਾਲ ਮੁਲਾਕਾਤ ਕਰਕੇ ਸੰਘਰਸ਼ ਨੂੰ ਖਤਮ ਕਰਨ ਲਈ ਕੂਟਨੀਤਕ ਤਰੀਕਿਆਂ ’ਤੇ ਚਰਚਾ ਕੀਤੀ, ਜੋ ਹੁਣ ਆਪਣੇ ਚੌਥੇ ਸਾਲ ਵਿਚ ਦਾਖਲ ਹੋ ਰਿਹਾ ਹੈ।

ਮੀਟਿੰਗ ਵਿਚ ਯੂਨਾਈਟਿਡ ਕਿੰਗਡਮ, ਫਰਾਂਸ, ਜਰਮਨੀ, ਇਟਲੀ, ਫਿਨਲੈਂਡ ਅਤੇ ਪੋਲੈਂਡ ਸਮੇਤ ਮੁੱਖ ਯੂਰਪੀਅਨ ਦੇਸ਼ਾਂ ਦੇ ਪ੍ਰਤੀਨਿਧੀ ਸ਼ਾਮਲ ਸਨ। ਜ਼ੇਲੇਂਸਕੀ ਨੇ ਚਰਚਾਵਾਂ ਨੂੰ "ਰਚਨਾਤਮਕ" ਦੱਸਿਆ ਅਤੇ ਪੱਛਮੀ ਸਮਰਥਨ ਜਾਰੀ ਰੱਖਣ ਬਾਰੇ ਆਸ ਪ੍ਰਗਟ ਕੀਤੀ। ਟਰੰਪ ਨੇ ਆਪਣੇ ਟਰੂਥ ਸੋਸ਼ਲ ਪਲੇਟਫਾਰਮ ’ਤੇ ਇੱਕ ਸੰਖੇਪ ਪੋਸਟ ਦੌਰਾਨ ਮੀਟਿੰਗ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਇਹ ਅਗਲੇ ਸ਼ੁੱਕਰਵਾਰ ਨੂੰ ਅਲਾਸਕਾ ਵਿਚ ਹੋਵੇਗੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com



# ਟਰੰਪ ਵੱਲੋਂ ਅਮਰੀਕੀ ਅਦਾਲਤਾਂ ਨੂੰ ਚਿਤਾਵਨੀ

**■ ਕਿਹਾ: ਜੇਕਰ ਅਦਾਲਤ ਵੱਲੋਂ ਟੈਰਿਫ ਨੀਤੀ ਰੱਦ ਕੀਤੀ ਗਈ, ਤਾਂ ਹੋ ਸਕਦੈ ਭਾਰੀ ਨੁਕਸਾਨ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਅਮਰੀਕੀ ਅਦਾਲਤਾਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਉਨ੍ਹਾਂ ਦੀ ਟੈਰਿਫ (ਆਯਾਤ ਡਿਊਟੀ) ਨੀਤੀ ਨੂੰ ਰੱਦ ਕਰਦੇ ਹਨ, ਤਾਂ ਇਸ ਨਾਲ ਭਾਰੀ ਆਰਥਿਕ ਨੁਕਸਾਨ ਹੋ ਸਕਦਾ ਹੈ। ਟਰੰਪ ਦਾ ਕਹਿਣਾ ਹੈ ਕਿ ਇਨ੍ਹਾਂ ਟੈਰਿਫਾਂ ਦਾ ਸਟਾਕ ਮਾਰਕੀਟ 'ਤੇ "ਬਹੁਤ ਸਕਾਰਾਤਮਕ ਪ੍ਰਭਾਵ" ਪਿਆ ਹੈ ਅਤੇ ਜੇਕਰ ਇਸ ਨੀਤੀ ਨੂੰ ਛੱਡ ਦਿੱਤਾ ਜਾਂਦਾ ਹੈ, ਤਾਂ ਅਮਰੀਕਾ ਮਹਾਮੰਦੀ ਵਰਗੀ ਸਥਿਤੀ ਵਿਚ ਪਹੁੰਚ ਸਕਦਾ ਹੈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੁਥ ਸੋਸ਼ਲ 'ਤੇ ਲਿਖਿਆ: "ਜੇਕਰ ਇੱਕ ਕੱਟੜਪੰਥੀ ਖੱਬੀ ਅਦਾਲਤ ਇੰਨੇ ਲੰਬੇ ਸਮੇਂ ਵਿਚ ਸਾਡੇ ਵਿਰੁੱਧ ਫੈਸਲਾ ਦਿੰਦੀ ਹੈ ਅਤੇ ਸਾਡੇ ਦੁਆਰਾ ਬਣਾਈ ਗਈ ਦੌਲਤ, ਜਾਇਦਾਦ ਅਤੇ ਪ੍ਰਭਾਵ ਦੇ ਸਭ ਤੋਂ ਵੱਡੇ ਸਿਸਟਮ ਨੂੰ ਹਿਲਾ ਦਿੰਦੀ ਹੈ, ਤਾਂ ਅਮਰੀਕਾ ਕਦੇ ਵੀ ਇਸਦੀ ਭਰਪਾਈ ਨਹੀਂ ਕਰ ਸਕੇਗਾ। ਇਹ 1929 ਦੇ ਮਹਾਮੰਦੀ ਵਿਚ ਵਾਪਰੇ ਵਾਂਗ ਹੋਵੇਗਾ।" ਉਨ੍ਹਾਂ ਅੱਗੇ ਕਿਹਾ, "ਜੇਕਰ ਅਦਾਲਤਾਂ ਨੂੰ ਫੈਸਲਾ ਦੇਣਾ ਹੀ ਪੈਂਦਾ, ਤਾਂ ਉਨ੍ਹਾਂ ਨੂੰ ਕੇਸ ਦੀ ਸ਼ੁਰੂਆਤ ਵਿਚ ਦੇਣਾ ਚਾਹੀਦਾ ਸੀ, ਜਦੋਂ ਅਮਰੀਕਾ ਕੋਲ ਇੰਨਾ ਮਹਾਨ ਬਣਨ ਦਾ ਮੌਕਾ ਨਹੀਂ ਸੀ। ਹੁਣ ਅਜਿਹਾ ਕਰਨਾ ਇੱਕ ਨਿਆਂਇਕ ਦੁਖਾਂਤ ਹੋਵੇਗਾ, ਜਿਸ ਤੋਂ ਅਮਰੀਕਾ ਉਭਰ ਨਹੀਂ ਸਕੇਗਾ।"

ਟਰੰਪ ਦੀ ਟੈਰਿਫ ਨੀਤੀ 'ਤੇ ਸੁਣਵਾਈ ਇਸ ਸਮੇਂ ਸੰਘੀ ਅਪੀਲ ਅਦਾਲਤ ਵਿਚ ਚੱਲ ਰਹੀ ਹੈ। ਟੈਰਿਫ ਇੱਕ ਅਜਿਹਾ ਟੈਕਸ ਹੈ, ਜੋ ਕਿਸੇ ਦੇਸ਼ ਤੋਂ ਆਯਾਤ ਕੀਤੇ ਗਏ ਸਮਾਨ 'ਤੇ ਲਗਾਇਆ ਜਾਂਦਾ ਹੈ। ਟਰੰਪ ਨੇ ਆਪਣੇ ਕਾਰਜਕਾਲ ਦੌਰਾਨ ਕਈ ਚੀਨੀ ਅਤੇ ਹੋਰ ਦੇਸ਼ਾਂ ਦੇ ਸਮਾਨ 'ਤੇ ਉੱਚ ਟੈਰਿਫ ਲਗਾਏ ਸਨ। ਇਹ ਟੈਰਿਫ 1977 ਵਿਚ ਬਣੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਐਕਟ (ਆਈ.ਈ.ਈ.ਪੀ.ਏ.) ਦੇ ਤਹਿਤ ਲਾਗੂ ਕੀਤੇ ਗਏ ਸਨ। ਪਰ ਕਾਨੂੰਨੀ ਮਾਹਿਰਾਂ ਅਤੇ ਸਾਬਕਾ ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਨੂੰ ਦਿੱਤੀ ਗਈ ਇਹ ਸ਼ਕਤੀ ਸੀਮਤ ਹੈ ਅਤੇ ਇਹ ਸੰਭਵ ਹੈ ਕਿ ਸੁਪਰੀਮ ਕੋਰਟ ਇਨ੍ਹਾਂ ਟੈਰਿਫਾਂ ਨੂੰ ਗੈਰ-ਕਾਨੂੰਨੀ ਐਲਾਨ ਕਰ ਸਕਦੀ ਹੈ। ਸਾਬਕਾ ਸਪੀਕਰ ਪਾਲ ਰਿਆਨ ਨੇ ਇਸ ਹਫ਼ਤੇ ਕਿਹਾ ਸੀ ਕਿ ਅਦਾਲਤਾਂ ਇਨ੍ਹਾਂ ਟੈਰਿਫਾਂ ਨੂੰ ਖਾਰਜ ਕਰ ਸਕਦੀਆਂ ਹਨ, ਜਿਸਦਾ ਟਰੰਪ ਦੀ ਨੀਤੀ 'ਤੇ ਵੱਡਾ ਪ੍ਰਭਾਵ ਪਵੇਗਾ।

ਟੈਰਿਫ ਹਟਾਉਣ ਨਾਲ ਅਮਰੀਕਾ ਨੂੰ ਆਯਾਤ ਸਸਤਾ ਹੋ ਸਕਦਾ ਹੈ, ਪਰ ਟਰੰਪ ਦਾ ਕਹਿਣਾ ਹੈ ਕਿ ਇਸ ਨਾਲ ਦੇਸ਼ ਦੀ ਆਰਥਿਕਤਾ, ਵਪਾਰ ਅਤੇ ਬਾਜ਼ਾਰਾਂ ਨੂੰ ਵੱਡਾ ਨੁਕਸਾਨ ਹੋਵੇਗਾ। ਮਾਹਿਰ ਐਲਨ ਵੁਲਫ਼ (ਪੀਟਰਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਇਕਨਾਮਿਕਸ) ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਦਾਲਤਾਂ ਟੈਰਿਫ ਰੱਦ ਕਰ ਦਿੰਦੀਆਂ ਹਨ, ਤਾਂ ਇਹ ਫੈਸਲਾ ਕਰਨਾ ਬਹੁਤ ਮੁਸ਼ਕਲ ਹੋ ਜਾਵੇਗਾ ਕਿ ਕਿਸ ਨੂੰ ਕਿੰਨੀ ਰਕਮ ਵਾਪਸ ਕਰਨੀ ਹੈ, ਜਿਸ ਨਾਲ ਇੱਕ ਕਿਸਮ ਦੀ ਨੌਕਰਸ਼ਾਹੀ ਹਫੜਾ-ਦਫੜੀ ਪੈਦਾ ਹੋ ਸਕਦੀ ਹੈ। ਉਨ੍ਹਾਂ ਕਿਹਾ, "ਇਹ ਇੱਕ ਘੰਟੀ ਹੈ, ਜੋ ਦੁਬਾਰਾ ਨਹੀਂ ਵਜਾਈ ਜਾ ਸਕਦੀ"।

ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਟੈਰਿਫ ਨੇ ਸਟਾਕ ਮਾਰਕੀਟ ਵਿਚ ਜ਼ਬਰਦਸਤ ਵਾਧਾ ਕੀਤਾ ਹੈ। ਪਰ ਸੱਚਾਈ ਥੋੜ੍ਹੀ ਮਿਲੀ-ਜੁਲੀ ਹੈ: ਜਦੋਂ ਟਰੰਪ ਨੇ ਅਪ੍ਰੈਲ ਵਿਚ 90 ਦਿਨਾਂ ਲਈ ਟੈਰਿਫ ਮੁਅੱਤਲ ਕਰ ਦਿੱਤੇ, ਤਾਂ ਨੈਸਡੈਕ ਕੰਪੋਜ਼ਿਟ ਇੰਡੈਕਸ ਕੁਝ ਮਿੰਟਾਂ ਵਿਚ 7% ਵੱਧ ਗਿਆ। ਏ.ਐੱਮ.ਡੀ., ਮਾਰਵੈਲ ਅਤੇ ਐਪਲ ਵਰਗੀਆਂ ਕੰਪਨੀਆਂ ਦੇ ਸ਼ੇਅਰ ਤੇਜ਼ੀ ਨਾਲ ਵਧੇ, ਜਦੋਂ ਉਨ੍ਹਾਂ ਨੂੰ ਅਮਰੀਕਾ ਵਿਚ ਨਿਰਮਾਣ ਵਧਾਉਣ ਦੇ ਬਦਲੇ ਟੈਰਿਫ ਤੋਂ ਛੋਟ ਦਿੱਤੀ ਗਈ।

## ਰਾਸ਼ਟਰਪਤੀ ਟਰੰਪ ਵੱਲੋਂ ਉੱਤਰਾਧਿਕਾਰੀ ਦਾ ਐਲਾਨ!

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਪ ਰਾਸ਼ਟਰਪਤੀ ਜੇਡੀ ਵੈਂਸ ਉਨ੍ਹਾਂ ਦੇ 'ਮੇਕ ਅਮਰੀਕਾ ਗ੍ਰੇਟ ਅਗੇਨ' (ਐੱਮ.ਏ.ਜੀ.ਏ.) ਅੰਦੋਲਨ ਦੇ ਉੱਤਰਾਧਿਕਾਰੀ ਹੋਣ ਦੀ ਸੰਭਾਵਨਾ ਸਭ ਤੋਂ ਵੱਧ ਹੈ। ਟਰੰਪ ਦਾ ਕਹਿਣਾ ਹੈ ਕਿ 2028 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਉਨ੍ਹਾਂ ਦੇ ਸਭ ਤੋਂ ਪਸੰਦੀਦਾ ਉੱਤਰਾਧਿਕਾਰੀ ਉਪ ਰਾਸ਼ਟਰਪਤੀ ਵੈਂਸ ਹਨ। ਟਰੰਪ ਨੇ ਇਹ ਵੀ ਕਿਹਾ ਕਿ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੀ 'ਕਿਸੇ ਨਾ ਕਿਸੇ ਰੂਪ ਵਿਚ' ਉਨ੍ਹਾਂ ਨਾਲ ਸ਼ਾਮਲ ਹੋ ਸਕਦੇ ਹਨ।

ਐੱਮ.ਏ.ਜੀ.ਏ. ਦੇ ਉਨ੍ਹਾਂ ਦੇ ਉੱਤਰਾਧਿਕਾਰੀ ਬਾਰੇ ਪੁੱਛੇ ਜਾਣ 'ਤੇ, ਟਰੰਪ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਇਹ ਬਹੁਤ ਸੰਭਾਵਨਾ ਹੈ ਕਿ ਵੈਂਸ ਮੇਰਾ ਉੱਤਰਾਧਿਕਾਰੀ ਹੋ ਸਕਦਾ ਹੈ। ਇਮਾਨਦਾਰੀ ਨਾਲ ਕਹਾਂ ਤਾਂ ਉਹ ਉਪ ਰਾਸ਼ਟਰਪਤੀ ਹਨ।' ਰਿਪੋਰਟ ਅਨੁਸਾਰ, ਰਾਸ਼ਟਰਪਤੀ ਟਰੰਪ ਨੇ ਕਿਹਾ ਕਿ 'ਮੇਰੇ ਉੱਤਰਾਧਿਕਾਰੀਆਂ ਬਾਰੇ ਗੱਲ ਕਰਨਾ ਬਹੁਤ ਜਲਦੀ ਹੈ, ਪਰ ਵੈਂਸ ਨਿਸ਼ਚਤ ਤੌਰ 'ਤੇ ਵਧੀਆ ਕੰਮ ਕਰ ਰਿਹਾ ਹੈ ਅਤੇ ਇਸ ਸਮੇਂ ਉਹ ਸ਼ਾਇਦ ਮੇਰਾ ਪਸੰਦੀਦਾ ਹੋਵੇਗਾ।'

ਹਾਲਾਂਕਿ, ਵੈਂਸ ਦਾ ਨਾਮ ਲੈਣ ਤੋਂ ਤੁਰੰਤ ਬਾਅਦ, ਟਰੰਪ ਨੇ ਵਿਦੇਸ਼ ਮੰਤਰੀ ਰੂਬੀਓ ਦਾ ਨਾਮ ਦਿੱਤਾ, ਇਹ ਕਹਿੰਦੇ ਹੋਏ ਕਿ ਉਹ 'ਕਿਸੇ ਨਾ ਕਿਸੇ ਰੂਪ ਵਿਚ ਜੇਡੀ ਨਾਲ ਮਿਲ ਸਕਦੇ ਹਨ।' ਇਸ ਤੋਂ ਪਹਿਲਾਂ, ਜਦੋਂ ਟਰੰਪ ਨੂੰ ਉਨ੍ਹਾਂ ਦੇ 2028 ਦੇ ਉੱਤਰਾਧਿਕਾਰੀ ਬਾਰੇ ਪੁੱਛਿਆ ਗਿਆ ਸੀ, ਤਾਂ ਉਨ੍ਹਾਂ ਨੇ ਸਮਰਥਨ ਦੇਣ ਤੋਂ ਇਨਕਾਰ ਕਰ ਦਿੱਤਾ। ਟਰੰਪ ਨੇ ਫਰਵਰੀ ਵਿਚ ਕਿਹਾ ਸੀ ਕਿ ਵੈਨਸ ਬਹੁਤ ਸਮਰੱਥ ਹੈ, ਪਰ ਉਨ੍ਹਾਂ ਨੂੰ ਐੱਮ.ਏ.ਜੀ.ਏ. ਦੇ ਪ੍ਰਮੁੱਖ ਉਮੀਦਵਾਰ ਵਜੋਂ ਨਾਮਜ਼ਦ ਕਰਨਾ ਸਮੇਂ ਤੋਂ ਪਹਿਲਾਂ ਹੋਵੇਗਾ।

# ਟੈਰਿਫ ਦੇ ਨਾਂ 'ਤੇ ਵਿਸ਼ਵ ਨੂੰ ਧਮਕਾਉਣ ਵਾਲੇ ਟਰੰਪ ਭਾਰਤ 'ਚ ਕਰ ਰਹੇ ਨੇ ਕਰੋੜਾਂ ਦੀ ਕਮਾਈ!

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਟੈਰਿਫ ਦੇ ਨਾਂ 'ਤੇ ਦੁਨੀਆਂ ਨੂੰ ਧਮਕੀ ਦੇ ਰਹੇ ਹੋਣ ਪਰ ਇਹ ਵੀ ਸੱਚ ਹੈ ਕਿ ਪਿਛਲੇ 10 ਸਾਲਾਂ 'ਚ ਉਨ੍ਹਾਂ ਦੀ ਕੰਪਨੀ ਟਰੰਪ ਆਰਗੇਨਾਈਜ਼ੇਸ਼ਨ ਲਈ ਭਾਰਤ ਅਮਰੀਕਾ ਤੋਂ ਬਾਹਰ ਸਭ ਤੋਂ ਵੱਡਾ ਬਾਜ਼ਾਰ ਬਣ ਗਿਆ ਹੈ। ਟਰੰਪ ਆਰਗੇਨਾਈਜ਼ੇਸ਼ਨ ਨੇ ਪਿਛਲੇ ਦਹਾਕੇ 'ਚ ਭਾਰਤ 'ਚ ਰੀਅਲ ਅਸਟੇਟ ਪ੍ਰਾਜੈਕਟਾਂ ਤੋਂ ਲਗਭਗ 21 ਮਿਲੀਅਨ ਡਾਲਰ ਯਾਨੀ 175 ਕਰੋੜ ਰੁਪਏ ਕਮਾਏ ਹਨ। ਇਕ ਰਿਪੋਰਟ ਅਨੁਸਾਰ 2024 'ਚ ਕੰਪਨੀ ਨੇ ਲਾਇਸੈਂਸਿੰਗ ਅਤੇ ਵਿਕਾਸ ਫੀਸਾਂ ਰਾਹੀਂ 12 ਮਿਲੀਅਨ ਡਾਲਰ (ਲਗਭਗ 100 ਕਰੋੜ ਰੁਪਏ) ਕਮਾਏ ਹਨ। ਇਹ ਆਮਦਨ ਮੁੱਖ ਤੌਰ 'ਤੇ ਉਨ੍ਹਾਂ ਦੇ ਬ੍ਰਾਂਡ ਨਾਂ ਨੂੰ ਲਾਇਸੈਂਸ ਦੇਣ ਤੋਂ ਆਈ ਹੈ ਕਿਉਂਕਿ ਟਰੰਪ ਆਰਗੇਨਾਈਜੇਸ਼ਨ ਭਾਰਤ 'ਚ ਸਿੱਧੇ ਤੌਰ 'ਤੇ ਨਿਰਮਾਣ ਜਾਂ ਵਿੱਤੀ ਨਿਵੇਸ਼ ਨਹੀਂ ਕਰਦਾ ਹੈ। ਇਸ ਦੀ ਬਜਾਏ ਇਹ ਰਿਲਾਇੰਸ, ਲੋਢਾ ਗਰੁੱਪ, ਐੱਮ3ਐੱਮ, ਪੰਚਸ਼ੀਲ, ਯੂਨੀਮਾਰਕ ਅਤੇ ਟ੍ਰਿਬੇਕਾ ਡਿਵੈੱਲਪਰਾਂ ਵਰਗੇ ਭਾਰਤੀ ਡਿਵੈੱਲਪਰਾਂ ਨਾਲ ਭਾਈਵਾਲੀ ਕਰਦਾ ਹੈ, ਜੋ ਟਰੰਪ ਬ੍ਰਾਂਡ ਦੀ ਵਰਤੋਂ ਕਰਕੇ ਲਗਜ਼ਰੀ ਪ੍ਰਾਜੈਕਟ ਵਿਕਸਤ ਕਰਦੇ ਹਨ।

ਪਿਛਲੇ ਅੱਠ ਮਹੀਨਿਆਂ 'ਚ ਡੋਨਾਲਡ ਟਰੰਪ ਦੇ ਬ੍ਰਾਂਡ ਦਾ ਭਾਰਤ 'ਚ ਤੇਜ਼ੀ ਨਾਲ ਵਿਸਥਾਰ ਹੋਇਆ ਹੈ। ਰਾਸ਼ਟਰਪਤੀ ਚੁਣੇ ਜਾਣ ਤੋਂ ਤੁਰੰਤ ਬਾਅਦ ਟਰੰਪ ਆਰਗੇਨਾਈਜੇਸ਼ਨ ਨੇ ਆਪਣੇ ਭਾਰਤੀ ਭਾਈਵਾਲ ਟ੍ਰਿਬੇਕਾ ਡਿਵੈੱਲਪਰਜ਼ ਨਾਲ ਮਿਲ ਕੇ ਗੁਰੂਗ੍ਰਾਮ, ਪੁਣੇ, ਹੈਦਰਾਬਾਦ, ਮੁੰਬਈ, ਨੋਇਡਾ ਅਤੇ ਬੰਗਲੁਰੂ 'ਚ ਘੱਟੋ-ਘੱਟ 6 ਪ੍ਰਾਜੈਕਟਾਂ ਦਾ ਐਲਾਨ ਕੀਤਾ ਸੀ, ਜੋ ਕੁੱਲ 80 ਲੱਖ ਵਰਗ ਫੁੱਟ ਰੀਅਲ ਅਸਟੇਟ ਪ੍ਰਾਜੈਕਟ ਨੂੰ ਜੋੜਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਦੇ ਦੋਸ਼ ਹੇਠ 2 ਭਾਰਤੀ ਗ੍ਰਿਫ਼ਤਾਰ



**ਨਿਊਯਾਰਕ, (ਪੰਜਾਬ ਮੇਲ)-** ਬਾਰਡਰ ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਹਫ਼ਤੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ ਤੇ ਦਾਖ਼ਲ ਹੋਣ ਵਾਲੇ ਦੋ ਭਾਰਤੀ ਨਾਗਰਿਕਾਂ ਨੂੰ ਅਮਰੀਕੀ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੇ ਇੱਕ ਬਿਆਨ ਵਿਚ ਕਿਹਾ ਗਿਆ ਹੈ ਕਿ ਹਾਊਲਟਨ ਸੈਕਟਰ ਬਾਰਡਰ ਪੈਟਰੋਲ ਏਜੰਟਾਂ ਨੇ ਦੋ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ, ਜੋ 1 ਅਗਸਤ ਨੂੰ ਮੇਨ ਦੇ ਉੱਤਰ-ਪੂਰਬੀ ਰਾਜ ਦੇ ਨੇੜੇ ਪੈਦਲ ਹੀ ਅੰਤਰਰਾਸ਼ਟਰੀ ਸਰਹੱਦ ਪਾਰ ਕਰ ਚੁੱਕੇ ਸਨ।

ਸੀ.ਬੀ.ਪੀ. ਨੇ ਕਿਹਾ, "ਇਹ ਗ੍ਰਿਫ਼ਤਾਰੀਆਂ ਅਨੋਖੀਆਂ ਹਨ ਕਿਉਂਕਿ ਮੇਨ ਵਿਚ ਬਾਰਡਰ ਪੈਟਰੋਲ ਏਜੰਟਾਂ ਨੂੰ ਪਿਛਲੇ ਤਿੰਨ ਵਿੱਤੀ ਸਾਲਾਂ ਵਿਚ ਸਿਰਫ਼ 15 ਭਾਰਤੀ ਨਾਗਰਿਕਾਂ ਦਾ ਸਾਹਮਣਾ ਕਰਨਾ ਪਿਆ ਹੈ।" ਦੋਵਾਂ ਵਿਅਕਤੀਆਂ 'ਤੇ ਕੇਸ ਚਲਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦੀ ਕਾਰਵਾਈ ਵਿਚ ਵੀ ਸ਼ਾਮਲ ਕੀਤਾ ਜਾਵੇਗਾ। ਹਾਉਲਟਨ ਸੈਕਟਰ ਦੇ ਕਾਰਜਕਾਰੀ ਚੀਫ਼ ਪੈਟਰੋਲ ਏਜੰਟ ਕਰੇਗ ਸ਼ੈਪਲੇ ਨੇ ਕਿਹਾ, "ਜਦੋਂ ਕਿ ਯੂ.ਐੱਸ. ਬਾਰਡਰ ਪੈਟਰੋਲ ਗ਼ੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਵਾਲਿਆਂ ਦੀ ਰਿਕਾਰਡ ਘੱਟ ਗਿਣਤੀ ਦਾ ਅਨੁਭਵ ਕਰ ਰਿਹਾ ਹੈ, ਕੁਝ ਵਿਅਕਤੀ ਅਜੇ ਵੀ ਸਾਡੇ ਕਾਨੂੰਨਾਂ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਜੇ ਤੁਸੀਂ ਗ਼ੈਰ-ਕਾਨੂੰਨੀ ਢੰਗ ਨਾਲ ਸਾਡੀਆਂ ਸਰਹੱਦਾਂ ਪਾਰ ਕਰਦੇ ਹੋ, ਤਾਂ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ, ਕੇਸ ਚਲਾਇਆ ਜਾਵੇਗਾ ਅਤੇ ਤੁਹਾਡੇ ਮੂਲ ਦੇਸ਼ ਵਾਪਸ ਭੇਜ ਦਿੱਤਾ ਜਾਵੇਗਾ।"

ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਨੇ ਕਿਹਾ ਕਿ ਹੁਣ ਇਹ ਅਮਰੀਕਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਮੌਜੂਦ ਵਿਅਕਤੀਆਂ ਲਈ ਆਪਣੇ ਦੇਸ਼ ਜਾਂ ਕਿਸੇ ਹੋਰ ਦੇਸ਼ ਵਿਚ ਵਾਪਸ ਜਾਣ ਲਈ ਇੱਕ ਸਵੈ-ਇੱਛਤ, ਪ੍ਰੇਰਿਤ ਪ੍ਰਕਿਰਿਆ ਦੀ ਪੇਸ਼ਕਸ਼ ਕਰ ਰਿਹਾ ਹੈ।

ਇਸਦੇ ਤਹਿਤ ਭਾਗੀਦਾਰ ਅਮਰੀਕਾ ਨੂੰ ਸਵੈ-ਇੱਛਾ ਨਾਲ ਛੱਡਣ ਦੇ ਆਪਣੇ ਇਰਾਦੇ ਨੂੰ ਰਿਕਾਰਡ ਕਰਨ ਲਈ ਸੀ.ਬੀ.ਪੀ. ਹੋਮ ਐਪ ਦੀ ਵਰਤੋਂ ਕਰ ਸਕਦੇ ਹਨ, ਜਿਸ ਵਿਚ ਯੋਗ ਵਿਅਕਤੀਆਂ ਨੂੰ ਯਾਤਰਾ ਸਹਾਇਤਾ, ਦਸਤਾਵੇਜ਼ ਸਹਾਇਤਾ ਅਤੇ ਜਾਣ ਦੀ ਤਿਆਰੀ ਕਰਦੇ ਸਮੇਂ ਨਜ਼ਰਬੰਦੀ ਅਤੇ ਹਟਾਉਣ ਲਈ ਡੀ-ਪ੍ਰਾਥਮਿਕਤਾ ਲਈ ਵੀ ਯੋਗਤਾ ਪ੍ਰਾਪਤ ਹੁੰਦੀ ਹੈ।

ਸੀ.ਬੀ.ਪੀ. ਨੇ ਕਿਹਾ ਕਿ ਕੋਈ ਵੀ ਵਿਅਕਤੀ ਜੋ ਐਪ ਦੀ ਵਰਤੋਂ ਕਰਦਾ ਹੈ ਅਤੇ ਇਸਦੇ ਰਾਹੀਂ ਆਪਣੀ ਰਵਾਨਗੀ ਦੀ ਪੁਸ਼ਟੀ ਕਰਦਾ ਹੈ, ਉਸਨੂੰ 1,000 ਡਾਲਰ ਦਾ ਵਜ਼ੀਫ਼ਾ ਵੀ ਮਿਲੇਗਾ।

# ਯੂਕਰੇਨ ਅਤੇ ਯੂਰਪੀ ਦੇਸ਼ ਵੱਲੋਂ ਅਮਰੀਕਾ ਤੋਂ ਸੁਰੱਖਿਆ ਗਾਰੰਟੀ ਦੀ ਮੰਗ



**ਵਾਸ਼ਿੰਗਟਨ, (ਪੰਜਾਬ ਮੇਲ)-** ਯੂਕਰੇਨ ਅਤੇ ਯੂਰਪ ਨੇ ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਹੇ ਟਕਰਾਅ ਨੂੰ ਹੱਲ ਕਰਨ ਲਈ ਕਿਸੇ ਵੀ ਸਮਝੌਤੇ ਦੇ ਹਿੱਸੇ ਵਜੋਂ ਅਮਰੀਕਾ ਤੋਂ ਸੁਰੱਖਿਆ ਗਾਰੰਟੀ ਦੀ ਮੰਗ ਕੀਤੀ ਹੈ। ਨਿਊਯਾਰਕ ਟਾਈਮਜ਼ ਨੇ ਸੂਤਰਾਂ ਦੇ ਹਵਾਲੇ ਨਾਲ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਉਹ ਇਸ ਗੱਲ 'ਤੇ ਵੀ ਜ਼ੋਰ ਦੇ ਰਹੇ ਹਨ ਕਿ ਯੂਕਰੇਨ ਲਈ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਵਿਚ ਸ਼ਾਮਲ ਹੋਣ ਦਾ ਮੌਕਾ ਖੁੱਲ੍ਹਾ ਰੱਖਿਆ ਜਾਣਾ ਚਾਹੀਦਾ ਹੈ।

ਸੂਤਰਾਂ ਨੇ ਕਿਹਾ ਕਿ ਯੂਰਪੀ ਸਹਿਯੋਗੀ ਚਾਹੁੰਦੇ ਹਨ ਕਿ ਅਮਰੀਕਾ ਯੂਕਰੇਨ ਦੀ ਨਾਟੋ ਮੈਂਬਰਸ਼ਿਪ ਲਈ ਦਰਵਾਜ਼ਾ ਖੁੱਲ੍ਹਾ ਰੱਖੇ, ਭਾਵੇਂ ਗੱਠਜੋੜ ਵਿਚ ਸ਼ਾਮਲ ਹੋਣਾ ਤੁਰੰਤ ਸੰਭਵ ਨਾ ਹੋਵੇ। ਅਖ਼ਬਾਰ ਦੀ ਰਿਪੋਰਟ ਅਨੁਸਾਰ ਬ੍ਰਿਟਿਸ਼ ਵਿਦੇਸ਼ ਸਕੱਤਰ ਮੰਤਰੀ ਲੈਮੀ ਯੂਕਰੇਨ ਅਤੇ ਯੂਰਪ ਦੇ ਪ੍ਰਤੀਨਿਧੀਆਂ ਅਤੇ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਵਿਚਕਾਰ ਹੋਈ ਇੱਕ ਮੀਟਿੰਗ ਵਿਚ ਇਨ੍ਹਾਂ ਮੁੱਦਿਆਂ 'ਤੇ ਚਰਚਾ ਕੀਤੀ ਗਈ। ਅਖ਼ਬਾਰ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਮੀਟਿੰਗ ਵਿਚ ਆਨਲਾਈਨ ਸ਼ਾਮਲ ਹੋਏ। ਇਸ ਤੋਂ ਪਹਿਲਾਂ ਨਿਊਯਾਰਕ ਟਾਈਮਜ਼ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਸੀ ਕਿ ਯੂਰਪੀ ਦੇਸ਼ ਚਿੰਤਤ ਹਨ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਟਰੰਪ ਆਪਣੇ ਆਪ ਯੂਕਰੇਨ ਮੁੱਦੇ 'ਤੇ ਇੱਕ ਸਮਝੌਤੇ 'ਤੇ ਪਹੁੰਚ ਸਕਦੇ ਹਨ।

ਸੂਤਰਾਂ ਨੇ ਦੱਸਿਆ ਕਿ ਯੂਰਪੀ ਦੇਸ਼ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ, ਪੁਤਿਨ ਅਤੇ ਟਰੰਪ ਵਿਚਕਾਰ ਹੋਣ ਵਾਲੀ ਮੀਟਿੰਗ ਵਿਚ ਮੌਜੂਦ ਹੋਣ। ਅਖ਼ਬਾਰ ਦੀ ਰਿਪੋਰਟ ਅਨੁਸਾਰ ਯੂਰਪੀ ਦੇਸ਼ ਵੀ ਗੱਲਬਾਤ ਪ੍ਰਕਿਰਿਆ ਵਿਚ ਹਿੱਸਾ ਲੈਣਾ ਚਾਹੁੰਦੇ ਹਨ, ਪਰ ਇਸਦੀ ਸੰਭਾਵਨਾ ਨਹੀਂ ਹੈ। ਗੌਰਤਲਬ ਹੈ ਕਿ ਕ੍ਰੇਮਲਿਨ ਅਤੇ ਵ੍ਹਾਈਟ ਹਾਊਸ ਨੇ ਪਹਿਲਾਂ ਐਲਾਨ ਕੀਤਾ ਸੀ ਕਿ ਪੁਤਿਨ ਅਤੇ ਟਰੰਪ 15 ਅਗਸਤ ਨੂੰ ਅਲਾਸਕਾ ਵਿਚ ਮਿਲਣਗੇ। ਕ੍ਰੇਮਲਿਨ ਦੇ ਸਹਾਇਕ ਯੂਰੀ ਉਸ਼ਾਕੋਵ ਨੇ ਕਿਹਾ ਕਿ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੋਫ ਨੇ ਰੂਸ ਦੀ ਆਪਣੀ ਫੇਰੀ ਦੌਰਾਨ ਕ੍ਰੇਮਲਿਨ ਵਿਚ ਪੁਤਿਨ, ਟਰੰਪ ਅਤੇ ਜ਼ੇਲੇਂਸਕੀ ਵਿਚਕਾਰ ਤਿੰਨ-ਪੱਖੀ ਮੀਟਿੰਗ ਦੇ ਵਿਕਲਪ ਦਾ ਜ਼ਿਕਰ ਕੀਤਾ ਸੀ। ਪਰ ਰੂਸੀ ਪੱਖ ਨੇ ਇਸ 'ਤੇ ਕੋਈ ਟਿੱਪਣੀ ਨਹੀਂ ਕੀਤੀ ਅਤੇ ਦੁਵੱਲੇ ਸੰਮੇਲਨ ਦੀਆਂ ਤਿਆਰੀਆਂ 'ਤੇ ਧਿਆਨ ਕੇਂਦਰਿਤ ਕਰਨ ਦਾ ਸੁਝਾਅ ਦਿੱਤਾ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟੈਕਸ ਵਿਵਾਦ ਦੇ ਹੱਲ ਤੱਕ ਭਾਰਤ ਨਾਲ ਕੋਈ ਵਪਾਰਕ ਗੱਲਬਾਤ ਨਹੀਂ ਹੋਵੇਗੀ: ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਟੈਕਸ ਵਿਵਾਦ ਦਾ ਹੱਲ ਹੋਣ ਤੱਕ ਭਾਰਤ ਨਾਲ ਕੋਈ ਵਪਾਰਕ ਗੱਲਬਾਤ ਨਹੀਂ ਹੋਵੇਗੀ। ਇਹ ਬਿਆਨ ਉਨ੍ਹਾਂ ਦੇ ਪ੍ਰਸ਼ਾਸਨ ਵੱਲੋਂ ਭਾਰਤੀ ਦਰਾਮਦਾਂ ’ਤੇ ਟੈਕਸ ਦੁੱਗਣੇ ਕਰਨ ਦੇ ਫੈਸਲੇ ਤੋਂ ਬਾਅਦ ਆਇਆ ਹੈ।

ਜਦੋਂ ਓਵਲ ਆਫਿਸ ਵਿਚ ਖ਼ਬਰ ਏਜੰਸੀ ਏ.ਐੱਨ.ਆਈ. ਵੱਲੋਂ ਇਹ ਪੁੱਛਿਆ ਗਿਆ ਕਿ ਕੀ ਉਹ 50 ਫੀਸਦੀ ਦੇ ਨਵੇਂ ਟੈਕਸ ਦੇ ਮੱਦੇਨਜ਼ਰ ਗੱਲਬਾਤ ਮੁੜ ਸ਼ੁਰੂ ਹੋਣ ਦੀ ਉਮੀਦ ਕਰਦੇ ਹਨ, ਤਾਂ ਉਨ੍ਹਾਂ ਨੇ ਜਵਾਬ ਦਿੱਤਾ, “ਨਹੀਂ, ਜਦੋਂ ਤੱਕ ਅਸੀਂ ਇਸਨੂੰ ਹੱਲ ਨਹੀਂ ਕਰ ਲੈਂਦੇ।”

ਵ੍ਹਾਈਟ ਹਾਊਸ ਨੇ ਇੱਕ ਕਾਰਜਕਾਰੀ ਹੁਕਮ ਜਾਰੀ ਕੀਤਾ, ਜਿਸ ਵਿਚ ਭਾਰਤੀ ਵਸਤਾਂ ’ਤੇ ਵਾਧੂ 25 ਫੀਸਦੀ ਟੈਕਸ ਲਗਾਇਆ ਗਿਆ, ਜਿਸ ਨਾਲ ਕੁੱਲ ਟੈਕਸ 50 ਫੀਸਦੀ ਹੋ ਜਾਵੇਗਾ। ਇਸ ਦੌਰਾਨ ਪ੍ਰਸ਼ਾਸਨ ਨੇ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੀਆਂ ਚਿੰਤਾਵਾਂ ਦਾ ਹਵਾਲਾ ਦਿੱਤਾ, ਖਾਸ ਤੌਰ ’ਤੇ ਭਾਰਤ ਵੱਲੋਂ ਰੂਸੀ ਤੇਲ ਦੀ ਲਗਾਤਾਰ ਦਰਾਮਦ ਦਾ ਜ਼ਿਕਰ ਵੀ ਕੀਤਾ।

ਹੁਕਮ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਦਰਾਮਦ, ਚਾਹੇ ਸਿੱਧੀ ਹੋਵੇ ਜਾਂ ਵਿਚੋਲਿਆਂ ਰਾਹੀਂ ਅਮਰੀਕਾ ਲਈ ਇੱਕ ਅਸਾਧਾਰਨ



ਅਤੇ ਵਿਸ਼ੇਸ਼ ਖਤਰਾ ਪੈਦਾ ਕਰਦੀਆਂ ਹਨ ਅਤੇ ਐਮਰਜੈਂਸੀ ਆਰਥਿਕ ਉਪਾਵਾਂ ਨੂੰ ਜਾਇਜ਼ ਠਹਿਰਾਉਂਦੀਆਂ ਹਨ। ਅਮਰੀਕੀ ਅਧਿਕਾਰੀਆਂ ਅਨੁਸਾਰ ਸ਼ੁਰੂਆਤੀ 25 ਫੀਸਦੀ ਟੈਕਸ 7 ਅਗਸਤ ਨੂੰ ਲਾਗੂ ਹੋ ਗਿਆ ਸੀ। ਵਾਧੂ ਟੈਕਸ 21 ਦਿਨਾਂ ਵਿਚ ਲਾਗੂ ਹੋ ਜਾਵੇਗਾ ਅਤੇ ਅਮਰੀਕੀ ਬੰਦਰਗਾਹਾਂ ਵਿਚ ਦਾਖਲ ਹੋਣ ਵਾਲੀਆਂ ਸਾਰੀਆਂ ਭਾਰਤੀ ਵਸਤਾਂ ’ਤੇ ਲਾਗੂ ਹੋਵੇਗਾ, ਜਿਨ੍ਹਾਂ ਵਿਚ ਪਹਿਲਾਂ ਤੋਂ ਟ੍ਰਾਂਜ਼ਿਟ ਵਿਚ ਵਸਤਾਂ ਅਤੇ ਕੁਝ ਛੋਟ ਵਾਲੀਆਂ ਸ਼੍ਰੇਣੀਆਂ ਨੂੰ ਛੋਟ ਦਿੱਤੀ ਜਾਵੇਗੀ।

ਇਹ ਹੁਕਮ ਰਾਸ਼ਟਰਪਤੀ ਨੂੰ ਬਦਲਦੇ ਭੂ-ਰਾਜਨੀਤਿਕ ਹਾਲਾਤਾਂ ਜਾਂ ਭਾਰਤ ਜਾਂ ਹੋਰ ਦੇਸ਼ਾਂ ਵੱਲੋਂ ਬਦਲੇ ਦੀ ਕਾਰਵਾਈ ਦੇ ਆਧਾਰ ’ਤੇ ਉਪਾਵਾਂ ਨੂੰ ਸੋਧਣ ਦੀ ਲਚਕਤਾ ਵੀ ਪ੍ਰਦਾਨ ਕਰਦਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਵਿਚ ਐੱਮ.ਐੱਸ. ਸਵਾਮੀਨਾਥਨ ਸ਼ਤਾਬਦੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਇੱਕ ਭਾਸ਼ਣ ਦੌਰਾਨ ਸਖ਼ਤ ਜਵਾਬ ਦਿੱਤਾ, ਜਿਸ ਵਿਚ ਸੰਕੇਤ ਦਿੱਤਾ ਗਿਆ ਕਿ ਨਵੀਂ ਦਿੱਲੀ ਆਰਥਿਕ ਦਬਾਅ ਦੇ ਸਾਹਮਣੇ ਪਿੱਛੇ ਨਹੀਂ ਹਟੇਗੀ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, “ਸਾਡੇ ਲਈ, ਸਾਡੇ ਕਿਸਾਨਾਂ ਦਾ ਹਿੱਤ ਸਾਡੀ ਸਭ ਤੋਂ ਵੱਡੀ ਤਰਜੀਹ ਹੈ।” “ਭਾਰਤ ਕਦੇ ਵੀ ਕਿਸਾਨਾਂ, ਮਛੇਰਿਆਂ ਅਤੇ ਡੇਅਰੀ ਕਿਸਾਨਾਂ ਦੇ ਹਿੱਤਾਂ ’ਤੇ ਸਮਝੌਤਾ ਨਹੀਂ ਕਰੇਗਾ। ਮੈਨੂੰ ਪਤਾ ਹੈ ਕਿ ਸਾਨੂੰ ਇਸ ਲਈ ਭਾਰੀ ਕੀਮਤ ਚੁਕਾਉਣੀ ਪਵੇਗੀ ਅਤੇ ਮੈਂ ਇਸਦੇ ਲਈ ਤਿਆਰ ਹਾਂ। ਭਾਰਤ ਤਿਆਰ ਹੈ।”

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਅਮਰੀਕੀ ਇਮੀਗ੍ਰੈਂਟ ਵੀਜ਼ਾ ਲਈ ਟੀਕਾਕਰਨ ਕਰਵਾਉਣੀ ਲਾਜ਼ਮੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਅਨੁਸਾਰ, ਇਮੀਗ੍ਰੈਂਟ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਵੀਜ਼ਾ ਜਾਰੀ ਹੋਣ ਤੋਂ ਪਹਿਲਾਂ ਕੁਝ ਖਾਸ ਟੀਕਾਕਰਨ ਕਰਵਾਉਣਾ ਲਾਜ਼ਮੀ ਹੈ। ਇਹ ਪ੍ਰਕਿਰਿਆ ਵੀਜ਼ਾ ਲਈ ਹੋਣ ਵਾਲੀ ਮੈਡੀਕਲ ਜਾਂਚ ਦਾ ਹਿੱਸਾ ਹੁੰਦੀ ਹੈ। ਜੇ ਕਿਸੇ ਡਾਕਟਰ ਵੱਲੋਂ ਇਹ ਤਹਿ ਕੀਤਾ ਜਾਵੇ ਕਿ ਕੋਈ ਟੀਕਾ ਤੁਹਾਡੇ ਲਈ ਮੈਡੀਕਲ ਕਾਰਨਾਂ ਕਰਕੇ ਉਚਿਤ ਨਹੀਂ, ਤਾਂ ਉਸ ਤੋਂ ਛੂਟ ਮਿਲ ਸਕਦੀ ਹੈ। ਇਸ ਨਿਯਮ ਦਾ ਮਕਸਦ ਅਮਰੀਕਾ ਵਿਚ ਜਨ ਸਿਹਤ ਦੀ ਸੁਰੱਖਿਆ ਕਰਨਾ ਹੈ। ਟੀਕੇ ਲੱਗਣ ਨਾਲ ਸੰਕਰਾਮਕ ਬਿਮਾਰੀਆਂ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ, ਖਾਸ ਕਰਕੇ ਜਦੋਂ ਦੁਨੀਆਂ ਭਰ ਤੋਂ ਲੋਕ ਇੱਕ ਦੇਸ਼ ਵਿਚ ਆ ਰਹੇ ਹਨ।

ਮੌਜੂਦਾ ਅਮਰੀਕੀ ਨੀਤੀ ਮੁਤਾਬਕ ਹੇਠ ਲਿਖੇ ਟੀਕੇ ਲਾਜ਼ਮੀ ਹੋ ਸਕਦੇ ਹਨ (ਉਮਰ, ਸਿਹਤ ਅਤੇ ਮੈਡੀਕਲ ਇਤਿਹਾਸ ਅਨੁਸਾਰ): ਹੈਪੇਟਾਈਟਿਸ ਏ ਅਤੇ ਬੀ, ਇਨਫਲੂਐਂਜ਼ਾ, ਇਨਫਲੂਐਂਜ਼ਾ ਟਾਈਪ ਬੀ (ਐੱਚ.ਆਈ.ਬੀ.), ਖਸਰਾ, ਮੈਨਿੰਜੋਕੋਕਲ, ਮੰਮਪਸ, ਨਿਊਮੋਕੋਕਲ, ਪਰਟੂਸਿਸ, ਪੋਲਿਓ, ਰੋਟਾਵਾਇਰਸ, ਰੁਬੈਲਾ, ਟੈਟਨਸ ਅਤੇ ਡਿਪਥੀਰੀਆ ਟੌਕਸਾਇਡਜ਼, ਚਿਕਨਪੌਕਸ (ਵੈਰੀਸੈਲਾ)। ਆਪਣੇ ਟੀਕਾਕਰਨ ਦੇ ਪੂਰੇ ਰਿਕਾਰਡ ਨਾਲ ਜਾਓ, ਤਾਂ ਕਿ ਪ੍ਰਕਿਰਿਆ ਵਿਚ ਦੇਰੀ ਨਾ ਹੋਵੇ। ਜੇ ਰਿਕਾਰਡ ਨਹੀਂ, ਤਾਂ ਪੈਨਲ ਫ਼ਿਜ਼ੀਸ਼ਨ (ਅਧਿਕਾਰਤ ਡਾਕਟਰ) ਤੁਹਾਡੇ ਨਾਲ ਮਿਲ ਕੇ ਪਤਾ ਲਗਾਏਗਾ ਕਿ ਕਿਹੜੇ ਟੀਕੇ ਲਗਵਾਉਣ ਬਾਕੀ ਹਨ ਅਤੇ ਕੀ ਕੋਈ ਛੂਟ ਲਾਗੂ ਹੁੰਦੀ ਹੈ।

# ਭਾਰਤੀ ਮੂਲ ਦੀ ਰੇਸ਼ਮਾ ਕੇਵਲਰਮਾਨੀ ਦਾ ਨਾਂ ਸਭ ਤੋਂ ਵਧ ਸ਼ਕਤੀਸ਼ਾਲੀ 100 ਕਾਰੋਬਾਰੀਆਂ ਵਿਚ ਸ਼ਾਮਲ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਫਾਰਚੂਨ ਮੈਗਜ਼ੀਨ ਦੁਆਰਾ ਕਾਰੋਬਾਰ ਵਿਚ ਸਭ ਤੋਂ ਵਧ ਸ਼ਕਤੀਸ਼ਾਲੀ ਕਾਰੋਬਾਰੀਆਂ ਦੀ ਇੱਕ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਵਿਚ ਚੋਟੀ ਦੇ ਸ਼ਕਤੀਸ਼ਾਲੀ 100 ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਇਨ੍ਹਾਂ ਵਿਚ ਭਾਰਤੀ ਮੂਲ ਦੀ ਮੁੰਬਈ ਦੀ ਜਮਪਲ ਰੇਸ਼ਮਾ ਕੇਵਲਰਮਾਨੀ, ਜੋ ਕਿ ਵਰਟੈਕਸ ਫਾਰਮਾਸਿਊਟੀਕਲਜ਼ ਦੀ ਸੀ.ਈ.ਓ. ਹੈ, ਦਾ ਨਾਂ ਵੀ ਸ਼ਾਮਲ ਹੈ। ਕੌਮਾਂਤਰੀ ਕਾਰੋਬਾਰੀ ਆਗੂਆਂ ਦੀ ਸੂਚੀ ਵਿਚ ਕੇਵਲਰਮਾਨੀ 62ਵੇਂ ਸਥਾਨ ’ਤੇ ਹੈ। ਇਸ ਸੂਚੀ ਵਿਚ ਉਨ੍ਹਾਂ ਕਾਰੋਬਾਰੀਆਂ ਨੂੰ ਜਗ੍ਹਾ ਦਿੱਤੀ ਜਾਂਦੀ ਹੈ, ਜੋ ਭਵਿੱਖ ਦੇ ਕਾਰੋਬਾਰ ਨੂੰ ਸ਼ਕਲ ਦਿੰਦੇ ਹਨ। ਕੇਵਲਰਮਾਨੀ ਪਹਿਲੀ ਔਰਤ ਹੈ, ਜਿਸ ਨੇ ਇੱਕ ਵੱਡੀ ਯੂ.ਐੱਸ. ਬਾਇਓਟੈਕਨਾਲੋਜੀ ਫਰਮ ਦੀ ਅਗਵਾਈ ਕੀਤੀ ਹੈ। ਉਹ ਇੱਕ ਡਾਕਟਰ ਹੈ ਤੇ ਉਸ ਨੇ ਵਰਟੈਕਸ ਦੇ ਸੀ.ਈ.ਓ. ਵਜੋਂ ਅਪ੍ਰੈਲ 2020 ਵਿਚ ਅਹੁਦਾ ਸੰਭਾਲਿਆ ਸੀ। ਇਸ ਤੋਂ ਪਹਿਲਾਂ ਉਹ 2017 ਤੋਂ ਕੰਪਨੀ ਦੇ ਚੀਫ ਮੈਡੀਕਲ ਅਫਸਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਸ ਦੀ ਅਗਵਾਈ ਵਿਚ ਕੰਪਨੀ ਦੇ ਅਸਾਸੇ 110 ਅਰਬ ਡਾਲਰ ਤੱਕ ਪੁੱਜ ਗਏ ਹਨ। ਇਸ ਸੂਚੀ ਵਿਚ ਸ਼ਾਮਲ ਭਾਰਤੀ ਮੂਲ ਦੇ ਹੋਰ



ਰੇਸ਼ਮਾ ਕੇਵਲਰਮਾਨੀ

ਕਾਰੋਬਾਰੀਆਂ ਵਿਚ ਮਾਈਕਰੋਸਾਫਟ ਦਾ ਸੀ.ਈ.ਓ. ਸਤਿਆ ਨਾਡੇਲਾ (ਦੂਸਰਾ ਸਥਾਨ), ਗੂਗਲ ਸੀ.ਈ.ਓ. ਸੁੰਦਰ ਪਿਚਾਈ (6ਵਾਂ ਸਥਾਨ), ਯੂ ਟਿਊਬ ਸੀ.ਈ.ਓ. ਨੀਲ ਮੋਹਨ (83ਵਾਂ ਸਥਾਨ), ਰਿਲਾਇੰਸ ਇੰਡਸਟਰੀਜ਼ ਚੇਅਰਮੈਨ ਮੁਕੇਸ਼ ਅੰਬਾਨੀ (56ਵਾਂ ਸਥਾਨ) ਤੇ ਅਡਾਨੀ ਗਰੁੱਪ ਚੇਅਰਮੈਨ ਗੌਤਮ ਅਡਾਨੀ (96ਵਾਂ ਸਥਾਨ) ਸ਼ਾਮਲ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

Global Allianz
LAW FIRM LLP
ਕਾਨੂੰਨੀ ਸਲਾਹ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188



EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ 2 ਮਹੀਨਿਆਂ ਬਾਅਦ ਨੌਜਵਾਨ ਦਾ ਮ੍ਰਿਤਕ ਸਰੀਰ ਦੁਬਈ ਤੋਂ ਭਾਰਤ ਪੁੱਜਾ




**ਅੰਮ੍ਰਿਤਸਰ, (ਪੰਜਾਬ ਮੇਲ)-** ਲੋੜਵੰਦਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਧਾਰੀਵਾਲ ਨੇੜਲੇ ਪਿੰਡ ਸਰਸਪੁਰ ਸਾਲਾ ਸਬੰਧਿਤ 20 ਸਾਲਾ ਗਗਨਦੀਪ ਸਿੰਘ ਪੁੱਤਰ ਬਲਦੇਵ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਗਗਨਦੀਪ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੀ ਗ਼ੁਰਬਤ ਦੂਰ ਕਰਨ ਦੇ ਮਕਸਦ ਨਾਲ ਅਜੇ 6 ਕੁ ਮਹੀਨੇ ਪਹਿਲਾਂ ਹੀ ਦੁਬਈ ਆਇਆ ਸੀ ਕਿ ਬੀਤੀ 10 ਜੂਨ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ।

ਡਾ. ਓਬਰਾਏ ਨੇ ਦੱਸਿਆ ਕਿ ਇਸ ਘਟਨਾ ਸਬੰਧੀ ਦੁਬਈ ਸਥਿਤ ਭਾਰਤੀ ਦੂਤਾਵਾਸ ਨੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨਾਲ ਸੰਪਰਕ ਕਰਕੇ ਦੱਸਿਆ ਸੀ ਕਿ ਇੱਕ ਨੌਜਵਾਨ ਦਾ ਮ੍ਰਿਤਕ ਸਰੀਰ ਕੁਝ ਸਮੇਂ ਤੋਂ ਲਾਵਾਰਿਸ ਪਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਸਬੰਧੀ ਸਾਰੀ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਆਪਣੀ ਗੁਰਦਾਸਪੁਰ ਟੀਮ ਦੇ ਪ੍ਰਧਾਨ ਰਵਿੰਦਰ ਸਿੰਘ ਮਠਾੜੂ ਰਾਹੀਂ ਇਸ ਅਣਹੋਣੀ ਸਬੰਧੀ ਬੇਖ਼ਬਰ ਉਸਦੇ ਵਾਰਸਾਂ ਨੂੰ ਜਾਣੂ ਕਰਵਾਇਆ ਸੀ। ਡਾ. ਓਬਰਾਏ ਨੇ ਇਹ ਵੀ ਦੱਸਿਆ ਕਿ ਗਗਨਦੀਪ ਦੇ ਮ੍ਰਿਤਕ ਸਰੀਰ ਦੀ ਪੁਸ਼ਟੀ ਹੋਣ ਉਪਰੰਤ ਉਨ੍ਹਾਂ ਭਾਰਤੀ ਦੂਤਾਵਾਸ ਦੇ ਸਹਿਯੋਗ ਅਤੇ ਆਪਣੇ ਨਿੱਜੀ ਸਹਾਇਕ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਤੁਰੰਤ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਆਪਣੇ ਖਰਚ 'ਤੇ ਗਗਨਦੀਪ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ, ਜਿਸ ਉਪਰੰਤ ਅੰਮ੍ਰਿਤਸਰ ਹਵਾਈ ਅੱਡੇ ਤੋਂ ਪੀੜਤ ਪਰਿਵਾਰ ਦੀ ਹਾਜ਼ਰੀ 'ਚ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਵੱਲੋਂ ਮ੍ਰਿਤਕ ਸਰੀਰ ਪ੍ਰਾਪਤ ਕਰਕੇ ਟਰੱਸਟ ਦੀ "ਮੁਫ਼ਤ ਐਂਬੂਲੈਂਸ ਸੇਵਾ" ਰਾਹੀਂ ਉਸ ਦੇ ਘਰ ਤੱਕ ਭੇਜਿਆ ਗਿਆ ਹੈ। ਡਾ. ਓਬਰਾਏ ਨੇ ਕਿਹਾ ਕਿ ਟਰੱਸਟ ਦੀ ਜ਼ਿਲ੍ਹਾ ਟੀਮ ਵੱਲੋਂ ਜਲਦ ਹੀ ਪਰਿਵਾਰ ਦੀ ਆਰਥਿਕ ਹਾਲਤ ਤੋਂ ਜਾਣੂ ਕਰਵਾਉਣ ਉਪਰੰਤ ਗਗਨਦੀਪ ਦੇ ਪਰਿਵਾਰ ਨੂੰ ਲੋੜ ਅਨੁਸਾਰ ਮਹੀਨਾਵਾਰ ਪੈਨਸ਼ਨ ਵੀ ਦਿੱਤੀ ਜਾਵੇਗੀ। ਇਸ ਦੌਰਾਨ ਹਵਾਈ ਅੱਡੇ ਤੇ ਮ੍ਰਿਤਕ ਦੇਹ ਲੈਣ ਪਹੁੰਚੇ ਗਗਨਦੀਪ ਸਿੰਘ ਦੇ ਭਰਾ ਅਕਾਸ਼ਦੀਪ ਸਿੰਘ, ਰਾਜਾ, ਆਸ਼ਿਸ਼ ਤੇ ਮਾਮੇ ਵਿੱਕੀ, ਸਿਮੌਨ ਮਸੀਹ, ਇੰਦਰਾਜ਼ ਮਸੀਹ ਆਦਿ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਬਦੌਲਤ ਹੀ ਉਨ੍ਹਾਂ ਨੂੰ ਗਗਨਦੀਪ ਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।


ਡਾ. ਐੱਸ.ਪੀ. ਸਿੰਘ ਓਬਰਾਏ।

## '84 ਸਿੱਖ ਦੰਗਾ ਮਾਮਲਾ : ਦਿੱਲੀ ਅਦਾਲਤ ਵੱਲੋਂ ਮਾਮਲੇ ਦੀ ਮੁੜ ਸੁਣਵਾਈ ਦਾ ਹੁਕਮ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਸਾਲ 1986 ਵਿਚ ਚਾਰ ਜਣਿਆਂ ਨੂੰ ਬਰੀ ਕਰਨ ਫੈਸਲੇ ਨੂੰ ਰੱਦ ਕਰਦਿਆਂ ਇਸ ਮਾਮਲੇ ਦੀ ਮੁੜ ਸੁਣਵਾਈ ਕਰਨ ਦੇ ਹੁਕਮ ਦਿੱਤੇ ਹਨ। ਇਹ ਮਾਮਲਾ ਗਾਜ਼ੀਆਬਾਦ ਦੇ ਰਾਜ ਨਗਰ ਵਿਚ ਇੱਕ ਵਿਅਕਤੀ ਨਾਲ ਸਬੰਧਤ ਹੈ, ਜਿਸ ਦੀ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਹੱਤਿਆ ਕਰ ਦਿੱਤੀ ਗਈ ਸੀ। ਹਾਈ ਕੋਰਟ ਨੇ ਇਸ ਮਾਮਲੇ ਵਿਚ ਮੁੜ ਸੁਣਵਾਈ ਦਾ ਹੁਕਮ ਦਿੰਦਿਆਂ ਕਿਹਾ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਅਤੇ ਸੁਣਵਾਈ ਨਾ ਹੋਣ ਕਾਰਨ ਪੀੜਤ ਪਰਿਵਾਰ ਦਾ ਕਾਨੂੰਨ 'ਤੇ ਵਿਸ਼ਵਾਸ ਉੱਠ ਸਕਦਾ ਹੈ। ਜਸਟਿਸ ਸੁਬਰਾਮਨੀਅਮ ਪ੍ਰਸਾਦ ਅਤੇ ਜਸਟਿਸ ਹਰੀਸ਼ ਵੈਦਿਆਨਾਥਨ ਸ਼ੰਕਰ ਦੇ ਬੈਂਚ ਨੇ ਇਸ ਮਾਮਲੇ ਦਾ ਖੁਦ ਨੋਟਿਸ ਲੈਣ ਤੋਂ ਬਾਅਦ ਇਹ ਹੁਕਮ ਜਾਰੀ ਕੀਤਾ। ਅਦਾਲਤ ਨੇ ਕਿਹਾ ਕਿ ਉਨ੍ਹਾਂ ਨੂੰ ਪਹਿਲੀ ਨਜ਼ਰੇ ਜਾਂਚ ਵਿਚ ਗਲਤੀ ਮਿਲੀ ਹੈ। ਇਨ੍ਹਾਂ ਗਲਤੀਆਂ ਕਾਰਨ ਪੀੜਤ ਧਿਰ ਨੂੰ ਨਿਆਂ ਨਹੀਂ ਮਿਲਿਆ। ਕਤਲ ਅਤੇ ਅਗਜ਼ਨੀ ਨਾਲ ਸਬੰਧਤ ਮਾਮਲੇ ਦੀ ਪੁਲਿਸ ਤੇ ਏਜੰਸੀ ਨੇ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਤੇ ਨਾ ਹੀ ਵਧੀਕ ਸੈਸ਼ਨ ਜੱਜ ਨੇ ਸਹੀ ਢੰਗ ਨਾਲ ਕਾਰਵਾਈ ਚਲਾਈ। ਨਤੀਜੇ ਵਜੋਂ ਮ੍ਰਿਤਕ ਹਰਭਜਨ ਸਿੰਘ ਦੀ ਪਤਨੀ ਅਤੇ ਬੱਚਿਆਂ ਨੂੰ ਧਾਰਾ 21 ਤਹਿਤ ਨਿਰਪੱਖ ਜਾਂਚ ਦੇ ਮੌਲਿਕ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ ਹੈ, ਜਿਸ ਨੂੰ ਜੇਕਰ ਸੁਧਾਰਿਆ ਨਹੀਂ ਗਿਆ, ਤਾਂ ਉਨ੍ਹਾਂ ਦੀ ਸਾਡੀ ਕਾਨੂੰਨੀ ਪ੍ਰਣਾਲੀ ਵਿਚ ਉਮੀਦ ਖਤਮ ਹੋ ਸਕਦੀ ਹੈ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ 'ਸੰਨੀ ਓਬਰਾਏ ਅਵਾਸ ਯੋਜਨਾ' ਤਹਿਤ ਲੋੜਵੰਦ ਨੂੰ ਬਣਾ ਕੇ ਦੇਵੇਗਾ ਰਹਿਣਯੋਗ ਮਕਾਨ

**■ ਟਰੱਸਟ ਨੇ ਗਰੀਬ ਪਰਿਵਾਰਾਂ ਲਈ 620 ਘਰਾਂ ਦੀ ਕਰਵਾਈ ਮੁਰੰਮਤ; 480 ਬਣਾਏ ਨਵੇਂ ਘਰ : ਡਾ. ਓਬਰਾਏ**

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿਚ ਵੱਡੀ ਪੱਧਰ 'ਤੇ ਸੰਨੀ ਓਬਰਾਏ ਅਵਾਸ ਯੋਜਨਾ ਤਹਿਤ ਪੰਜਾਬ ਵਿਚ ਗਰੀਬ ਪਰਿਵਾਰਾਂ ਨੂੰ ਵੱਡੀ ਪੱਧਰ 'ਤੇ ਅਪਣਾ ਕੇ ਪੁਰਾਣੇ ਘਰਾਂ ਨੂੰ ਨਵ-ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਲੋੜ ਅਨੁਸਾਰ ਲੋੜਵੰਦਾਂ ਨੂੰ ਨਵੇਂ ਘਰ ਵੀ ਬਣਾ ਕੇ ਦਿੱਤੇ ਜਾ ਰਹੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਰਾਜਿੰਦਰ ਸਿੰਘ ਅਟਵਾਲ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਇੱਕ ਬਜ਼ੁਰਗ ਗਰੀਬ ਵਿਧਵਾ ਜਿਸ ਦੇ ਨੌਜਵਾਨ ਪੁੱਤਰ ਦੀ ਵੀ ਕਾਫੀ ਚਿਰ ਪਹਿਲਾਂ ਮੌਤ ਹੋ ਚੁੱਕੀ ਹੈ, ਇਹ ਥੋੜ੍ਹੀ ਜਿਹੀ ਜਗ੍ਹਾ ਵਿਚ ਇੱਕ ਕੱਚੀ ਛੱਤ ਅਤੇ ਗਾਰੇ ਨਾਲ ਬਣੇ ਇੱਕ ਕਮਰੇ ਵਿਚ ਰਹਿ ਰਹੀ ਹੈ, ਬਾਰਸ਼ਾਂ ਦੌਰਾਨ ਸਾਰਾ ਪਾਣੀ ਅੰਦਰ ਜਾਂਦਾ ਹੈ। ਕੋਈ ਵੀ ਜ਼ਮੀਨ ਅਤੇ ਕੋਈ ਵੀ ਆਮਦਨ ਨਾ ਹੋਣ ਕਾਰਨ ਇਸ ਦੀ ਮੁਰੰਮਤ ਕਰਨ ਤੋਂ ਅਸਮਰਥ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਜ਼ਰੀਏ ਇਸ ਬਜ਼ੁਰਗ ਵਿਧਵਾ ਨੂੰ ਰਹਿਣਯੋਗ ਜਗ੍ਹਾ ਬਣਾ ਕੇ ਦੇਣ ਲਈ ਡਾਕਟਰ ਓਬਰਾਏ ਨੂੰ ਬੇਨਤੀ ਕੀਤੀ ਗਈ ਸੀ। ਡਾਕਟਰ ਓਬਰਾਏ ਵੱਲੋਂ ਇਸ ਦੇ ਹਾਲਾਤ ਦੇਖਦੇ ਹੋਏ ਤਰੁੰਤ ਚਾਲੀ ਹਜ਼ਾਰ ਰੁਪਏ ਦੀ ਰਾਸ਼ੀ ਭੇਜ ਦਿੱਤੀ ਗਈ ਹੈ। ਬਾਕੀ ਸਮੇਂ-ਸਮੇਂ ਅਨੁਸਾਰ ਕਾਰਵਾਈ ਚੱਲਦੀ ਰਹੇਗੀ ਅਤੇ ਜਲਦੀ ਹੀ ਇਸ ਨੂੰ ਨਵਾਂ ਮਕਾਨ ਤਿਆਰ ਕਰਵਾ ਕੇ ਇਸ ਦੇ ਹਵਾਲੇ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਟਰੱਸਟ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਕਈ ਪਿੰਡਾਂ ਵਿਚ ਗਰੀਬ ਪਰਿਵਾਰਾਂ ਲਈ 620 ਘਰਾਂ ਦੀ ਮੁਰੰਮਤ ਕਰਵਾਈ ਅਤੇ 480 ਨਵੇਂ ਘਰ ਬਣਵਾਏ ਗਏ ਹਨ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਸਮੂਹ ਟੀਮ ਵੱਲੋਂ ਅਤੇ ਸਹਾਇਤਾ ਲੈ ਰਹੀ ਬਜ਼ੁਰਗ ਵਿਧਵਾ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।


ਡਾ. ਐੱਸ.ਪੀ. ਸਿੰਘ ਓਬਰਾਏ।




# ਅਮਰੀਕਾ ’ਚ ਭਾਰਤੀ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਮਿਲ ਰਹੇ ਨੇ ਦੇਸ਼ ਨਿਕਾਲੇ ਦੇ ਨੋਟਿਸ!

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਅਮਰੀਕਾ ’ਚ ਭਾਰਤੀ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਜਲਦੀ ’ਚ ਦੇਸ਼ ਨਿਕਾਲੇ ਦੇ ਨੋਟਿਸ ਮਿਲ ਰਹੇ ਹਨ। 60 ਦਿਨਾਂ ਦੀ ਸਮਾਂ ਸੀਮਾ ਤੋਂ ਪਹਿਲਾਂ ਨੋਟਿਸ ਮਿਲਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਭਾਰਤ ਵਾਪਸ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਨੌਕਰੀ ਗੁਆਉਣ ਤੋਂ ਬਾਅਦ, ਉਹ ਆਰਥਿਕ ਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਉੱਥੇ ਰਹਿਣ ਵਾਲੇ 50 ਪ੍ਰਤੀਸ਼ਤ ਭਾਰਤੀ ਆਪਣੇ ਦੇਸ਼ ਵਾਪਸ ਜਾਣ ਬਾਰੇ ਵਿਚਾਰ ਕਰ ਰਹੇ ਹਨ।

- **45 ਪ੍ਰਤੀਸ਼ਤ ਭਾਰਤੀਆਂ ਨੇ ਗੁਆਈਆਂ ਆਪਣੀਆਂ ਨੌਕਰੀਆਂ**
- **ਨੌਕਰੀ ਗੁਆਉਣ ਤੋਂ ਬਾਅਦ 60 ਦਿਨਾਂ ਦੀ ਸਮਾਂ ਸੀਮਾ ਖਤਮ ਹੋਣ ਤੋਂ ਪਹਿਲਾਂ ਹੀ ਮਿਲ ਰਹੇ ਨੇ ਨੋਟਿਸ**

ਜਦੋਂ ਤੋਂ ਰਾਸ਼ਟਰਪਤੀ ਟਰੰਪ ਅਮਰੀਕਾ ’ਚ ਦੁਬਾਰਾ ਸੱਤਾ ’ਚ ਆਏ ਹਨ, ਉੱਥੇ ਰਹਿਣ ਵਾਲੇ ਦੂਜੇ ਦੇਸ਼ਾਂ ਦੇ ਲੋਕਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾਂ ਵੀਜ਼ਾ ਸੰਬੰਧੀ ਨਿਯਮ ਸਖ਼ਤ ਕੀਤੇ ਗਏ ਸਨ, ਜਦੋਂ ਕਿ ਦੂਜੇ ਪਾਸੇ ਹੁਣ ਉੱਥੇ ਰਹਿਣ ਵਾਲੇ ਭਾਰਤੀਆਂ ਨੂੰ ਦੇਸ਼ ਨਿਕਾਲੇ (ਡਿਪੋਰਟੇਸ਼ਨ) ਦਾ ਨੋਟਿਸ ਦਿੱਤਾ ਗਿਆ ਹੈ। ਇਸ ਨੋਟਿਸ ਦੇ ਅਨੁਸਾਰ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਅਮਰੀਕਾ ਛੱਡਣ ਲਈ ਕਿਹਾ ਗਿਆ ਹੈ। ਜਦੋਂਕਿ ਨਿਯਮਾਂ ਅਨੁਸਾਰ, ਉਨ੍ਹਾਂ ਕੋਲ 60 ਦਿਨਾਂ ਦਾ ਸਮਾਂ ਸੀ।

ਅਮਰੀਕਾ ’ਚ ਕੰਮ ਕਰਨ ਵਾਲੇ ਐੱਚ-1ਬੀ ਵੀਜ਼ਾ ਧਾਰਕਾਂ ਲਈ ਸਥਿਤੀ ਚਿੰਤਾਜਨਕ ਹੈ। ਇੱਕ ਜਾਂਚ ਤੋਂ ਪਤਾ ਲੱਗਾ ਹੈ ਕਿ 6 ’ਚੋਂ ਇੱਕ ਐੱਚ-1ਬੀ ਵੀਜ਼ਾ ਧਾਰਕ ਜਾਂ ਉਨ੍ਹਾਂ ਦੇ ਜਾਣਕਾਰਾਂ ਨੂੰ ਨੌਕਰੀ ਗੁਆਉਣ ਤੋਂ ਬਾਅਦ 60 ਦਿਨਾਂ ਦੀ ਸਮਾਂ ਸੀਮਾ ਖਤਮ ਹੋਣ ਤੋਂ ਪਹਿਲਾਂ ਹੀ ਦੇਸ਼ ਨਿਕਾਲਾ ਨੋਟਿਸ ਮਿਲਿਆ ਹੈ। ਨੋਟਿਸ ਮਿਲਣ ਤੋਂ ਬਾਅਦ, ਲੋਕ ਕਹਿੰਦੇ ਹਨ ਕਿ ਉਨ੍ਹਾਂ ਕੋਲ ਭਾਰਤ ਵਾਪਸ ਜਾਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ।

ਅਮਰੀਕੀ ਪ੍ਰਸ਼ਾਸਨ ਦੇ ਇਸ ਤਰ੍ਹਾਂ ਦੇ ਨੋਟਿਸ ਨੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਚਿੰਤਾ ’ਚ ਪਾ ਦਿੱਤਾ ਹੈ। ਕਿਉਂਕਿ ਨੌਕਰੀ ਗੁਆਉਣ ਤੋਂ ਬਾਅਦ, ਲੋਕਾਂ ਦੀ ਤਨਖਾਹ ’ਚ ਕਮੀ ਦੇ ਨਾਲ, ਜੀਵਨ ਸ਼ੈਲੀ ’ਚ ਬਹੁਤ ਬਦਲਾਅ ਆਇਆ ਹੈ। ਇਹੀ ਕਾਰਨ ਹੈ ਕਿ ਹਰ ਕਿਸੇ ਦੀ ਚਿੰਤਾ ਵਧ ਗਈ ਹੈ।

ਆਮ ਤੌਰ ’ਤੇ, ਅਮਰੀਕਾ ’ਚ ਕੱਢੇ ਗਏ ਐੱਚ-1ਬੀ ਕਰਮਚਾਰੀਆਂ ਨੂੰ ਨਵੀਂ ਨੌਕਰੀ ਲੱਭਣ ਜਾਂ ਆਪਣਾ ਵੀਜ਼ਾ ਦਰਜਾ ਬਦਲਣ ਲਈ 60 ਦਿਨਾਂ ਦੀ ਛੋਟ (ਗ੍ਰੇਸ ਪੀਰੀਅਡ) ਦਿੱਤੀ ਜਾਂਦੀ ਹੈ, ਪਰ 2025 ਦੇ ਮੱਧ ਤੋਂ, ਅਜਿਹੀਆਂ ਰਿਪੋਰਟਾਂ ਆਈਆਂ ਹਨ ਕਿ ਗ੍ਰੇਸ ਪੀਰੀਅਡ ਖਤਮ ਹੋਣ ਤੋਂ ਪਹਿਲਾਂ ਐੱਨ.ਟੀ.ਏ. ਜਾਰੀ ਕੀਤੇ ਗਏ ਸਨ। ਬਹੁਤ ਸਾਰੇ ਮਾਮਲੇ ਹਨ ਜਿੱਥੇ ਐੱਨ.ਟੀ.ਏ. ਦੋ ਹਫ਼ਤਿਆਂ ’ਚ ਭੇਜੇ ਗਏ ਸਨ। ਜਦੋਂ ਕਿ ਨਿਯਮ ਅਨੁਸਾਰ, 60 ਦਿਨ ਦਿੱਤੇ ਜਾਂਦੇ ਹਨ, ਜੇਕਰ ਅਧਿਕਾਰੀ ਚਾਹੁਣ ਤਾਂ ਉਹ ਇਸ 60 ਦਿਨਾਂ ਦੇ ਸਮੇਂ ਨੂੰ ਹੋਰ ਵੀ ਵਧਾ ਸਕਦੇ ਹਨ। ਇਹ ਸਭ ਅਧਿਕਾਰੀਆਂ ਦੇ ਹੱਥ ’ਚ ਰਹਿੰਦਾ ਹੈ।

ਭਾਰਤ ਤੋਂ ਬਹੁਤ ਸਾਰੇ ਲੋਕ ਐੱਚ-1ਬੀ ਵੀਜ਼ਾ ’ਤੇ ਅਮਰੀਕਾ ’ਚ ਕੰਮ ਕਰ ਰਹੇ ਹਨ। ਹਾਲਾਂਕਿ, ਜੋ ਲੋਕ ਜ਼ਿੰਦਗੀ ਭਰ ਉੱਥੇ ਸੈਟਲ ਹੋਣ ਦੀ ਯੋਜਨਾ ਬਣਾ ਰਹੇ ਸਨ। ਉਹ ਹੁਣ ਆਪਣੀਆਂ ਯੋਜਨਾਵਾਂ ਬਦਲ ਰਹੇ ਹਨ। ਇੱਕ ਸਰਵੇਖਣ ਅਨੁਸਾਰ, ਲੋਕ ਭਾਰਤ ਵਾਪਸ ਆਉਣਾ ਚਾਹੁੰਦੇ ਹਨ। ਕਿਉਂਕਿ ਉੱਥੇ ਰਹਿਣ ਵਾਲੇ 45 ਪ੍ਰਤੀਸ਼ਤ ਭਾਰਤੀਆਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਹਨ। ਇਸ ਕਾਰਨ, 26 ਪ੍ਰਤੀਸ਼ਤ ਲੋਕ ਨੌਕਰੀਆਂ ਕਾਰਨ ਦੂਜੇ ਦੇਸ਼ਾਂ ’ਚ ਚਲੇ ਗਏ ਹਨ। ਬਾਕੀ ਬਚੇ ਲੋਕ ਹੁਣ ਭਾਰਤ ਵਾਪਸ ਜਾਣ ਬਾਰੇ ਸੋਚ ਰਹੇ ਹਨ। ਕਿਉਂਕਿ ਸਮੇਂ ਤੋਂ ਪਹਿਲਾਂ ਮਿਲੇ ਨੋਟਿਸ ਕਾਰਨ ਉਨ੍ਹਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਉਹ ਦੁਬਾਰਾ ਅਮਰੀਕਾ ’ਚ ਕੰਮ ਨਹੀਂ ਕਰਨਾ ਚਾਹੁਣਗੇ। ਪਰ ਬਹੁਤ ਸਾਰੇ ਲੋਕ ਅਜੇ ਵੀ ਉੱਥੇ ਕੰਮ ਕਰਨ ਦੀ ਇੱਛਾ ਜ਼ਾਹਰ ਕਰ ਰਹੇ ਹਨ।

## ਸਤੰਬਰ ਮਹੀਨੇ ਹੋ ਸਕਦੀ ਹੈ ਮੋਦੀ ਤੇ ਟਰੰਪ ਦੀ ਮੁਲਾਕਾਤ!



**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਅਤੇ ਅਮਰੀਕਾ ਵਿਚਕਾਰ ਇਸ ਸਮੇਂ ਟੈਰਿਫ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ। ਵਪਾਰ ਸਮਝੌਤੇ ਨੂੰ ਲੈ ਕੇ ਵੀ ਗੱਲਬਾਤ ਚੱਲ ਰਹੀ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਜਾਣ ਵਾਲੇ ਦੌਰੇ ਨੂੰ ਲੈ ਕੇ ਸੂਤਰਾਂ ਵਲੋਂ ਇਕ ਮਹੱਤਵਪੂਰਨ ਜਾਣਕਾਰੀ ਸਾਹਮਣੇ ਆਈ ਹੈ, ਜਿਸ ਵਿਚ ਪ੍ਰਧਾਨ ਮੰਤਰੀ ਮੋਦੀ ਅਗਲੇ ਮਹੀਨੇ ਯਾਨੀ ਸਤੰਬਰ ਵਿਚ ਅਮਰੀਕਾ ਦਾ ਦੌਰਾ ਕਰ ਸਕਦੇ ਹਨ। ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕੀ ਫੇਰੀ ਦਾ ਮੁੱਖ ਉਦੇਸ਼ ਯੂ.ਐੱਨ.ਜੀ.ਏ. ਯਾਨੀ ਸੰਯੁਕਤ ਰਾਸ਼ਟਰ ਮਹਾਸਭਾ ਵਿਚ ਹਿੱਸਾ ਲੈਣਾ ਹੈ।

ਸੂਤਰਾਂ ਅਨੁਸਾਰ ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਅਮਰੀਕੀ ਡੋਨਾਲਡ ਟਰੰਪ ਨਾਲ ਦੁਵੱਲੀ ਗੱਲਬਾਤ ਵੀ ਹੋਵੇਗੀ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੇ ਮਹੀਨੇ ਅਮਰੀਕੀ ਦੌਰੇ ਦੌਰਾਨ ਨਿਊਯਾਰਕ ਵਿਚ ਹੋਣ ਵਾਲੀ ਸੰਯੁਕਤ ਰਾਸ਼ਟਰ ਮਹਾਸਭਾ (ਯੂ.ਐੱਨ.ਜੀ.ਏ.) ਦੀ ਉੱਚ-ਪੱਧਰੀ ਮੀਟਿੰਗ ’ਚ ਸ਼ਾਮਲ ਹੋਣਗੇ। ਇਹ ਮੀਟਿੰਗ 23 ਤੋਂ 27 ਸਤੰਬਰ ਤੱਕ ਹੋਵੇਗੀ, ਜਦੋਂ ਕਿ ਆਖਰੀ ਦਿਨ ਦੀ ਕਾਰਵਾਈ 29 ਸਤੰਬਰ 2025 ਨੂੰ ਹੋਵੇਗੀ।

# ਸਵ. ਗੁੱਡੀ ਸਿੱਧੂ ਦੀ ਯਾਦ ਵਿਚ ਫਰਿਜ਼ਨੋ ਵਿਖੇ ਸਮਾਗਮ



**ਫਰਿਜ਼ਨੋ, (ਨੀਟਾ/ ਧਾਲੀਆਂ/ ਪੰਜਾਬ ਮੇਲ)**- ਫਰਿਜ਼ਨੋ ਦੀ ਬਹੁਪੱਖੀ ਸ਼ਖ਼ਸੀਅਤ ਸਵ. ਗੁੱਡੀ ਸਿੱਧੂ ਕੁਝ ਵਰਸ਼ ਪਹਿਲਾਂ ਅਚਾਨਕ ਵਿਛੋੜਾ ਦੇ ਗਏ ਸਨ। ਉਹਨਾਂ ਦੀ ਮਿੱਠੀ ਯਾਦ ਨੂੰ ਸਮਰਪਿਤ ਇੱਕ ਸਹਿਤਕ ਸਮਾਗਮ ਸ਼ਾਇਰ ਹਰਜਿੰਦਰ ਕੰਗ, ਡਾ. ਗੁਰਚਰਨ ਸਿੰਘ ਸਿੱਧੂ ਅਤੇ ਸਾਥੀਆਂ ਵੱਲੋਂ ਇੰਡੀਆ ਓਵਨ ਰੈਸਟੋਰੈਂਟ ਵਿਚ ਰੱਖਿਆ ਗਿਆ। ਇਸ ਸਮਾਗਮ ਵਿਚ ਫਰਿਜ਼ਨੋ ਦੀਆਂ ਸਿਰਕੱਢ ਸਾਹਿਤਕ ਸ਼ਖ਼ਸੀਅਤਾਂ ਨੇ ਭਾਗ ਲਿਆ। ਸਟੇਜ ਦੀ ਸ਼ੁਰੂਆਤ ਹਰਜਿੰਦਰ ਕੰਗ ਨੇ ਸਭ ਨੂੰ ਜੀ ਆਇਆਂ ਆਖਕੇ ਸ਼ਾਇਰਾਨਾ ਅੰਦਾਜ਼ ਵਿਚ ਕੀਤੀ। ਇਸ ਪਿੱਛੋਂ ਰਾਜ ਬਰਾੜ ਨੇ ਇੱਕ ਧਾਰਮਿਕ ਗੀਤ ਗਾਇਆ। ਬੁਲਾਰਿਆਂ ਵਿਚ ਟੋਨੀ ਰੇਡੀਓ ਕੇ.ਬੀ.ਆਈ.ਐੱਫ. 900, ਜਨਕਰਾਜ ਸਿੰਘ, ਕਰਮ ਸਿੰਘ ਮਾਨ, ਗੁਰਪ੍ਰੀਤ ਮਾਨ, ਅਵਤਾਰ ਗੋਂਦਾਰਾ, ਜੋਤ ਰਣਜੀਤ ਕੌਰ, ਸੰਤੋਖ ਮਨਿਹਾਸ, ਗੁੱਡੀ ਰਾਣੂੰ, ਡਾ. ਚੰਨ, ਗੁਰਚਰਨ ਸਿੰਘ ਸਿੱਧੂ, ਚਰਨਜੀਤ ਸਿੰਘ ਗਿੱਲ, ਹਰਜਿੰਦਰ ਸਿੰਘ ਢੇਸੀ, ਕਮਲਜੀਤ ਬੈਨੀਪਾਲ, ਸ਼ਾਇਰ ਰਣਜੀਤ ਗਿੱਲ, ਸ਼ਾਇਰ ਦਲਜੀਤ ਰਿਆੜ, ਨਾਵਲਕਾਰ ਸਾਧੂ ਸਿੰਘ ਸੰਘਾ ਆਦਿ ਹਾਜ਼ਰੀ ਲਵਾਈ। ਉਨ੍ਹਾਂ ਗੁੱਡੀ ਸਿੱਧੂ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਬੁਲਾਰਿਆਂ ਨੇ ਕਿਹਾ ਕਿ ਗੁੱਡੀ ਸਿੱਧੂ ਇੱਕ ਬਹੁਪੱਖੀ ਸ਼ਖਸੀਅਤ ਹੀ ਨਹੀਂ, ਸਗੋਂ ਇੱਕ ਤੁਰਦੀ ਫਿਰਦੀ ਸੰਸਥਾ ਸੀ। ਇਸ ਮੌਕੇ ਸ਼ਾਇਰਾਂ ਨੇ ਕਵਿਤਾਵਾਂ ਨਾਲ ਵੀ ਹਾਜ਼ਰੀ ਲਵਾਈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**




# ਸ਼੍ਰੋਮਣੀ ਅਕਾਲੀ ਦਲ ਵੱਲੋਂ ਬਾਬਾ ਬਕਾਲਾ ਸਾਹਿਬ ਵਿਖੇ ਕਾਨਫਰੰਸ




**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਵੱਲੋਂ ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਸਾਹਿਬ ਦੀ ਪਵਿੱਤਰ ਧਰਤੀ 'ਤੇ ਭਾਰੀ ਅਕਾਲੀ ਕਾਨਫਰੰਸ ਕੀਤੀ ਗਈ, ਜਿੱਥੇ ਬਹੁਤ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸਮੇਤ ਸਮੁੱਚੀ ਲੀਡਰਸ਼ਿਪ ਹਾਜ਼ਰ ਰਹੀ। ਸ. ਬਾਦਲ ਨੇ ਆਪਣੇ ਸੰਬੋਧਨ ਵਿਚ ਪੰਥ, ਪੰਜਾਬ ਅਤੇ ਪੰਜਾਬੀਅਤ ਨੂੰ ਮਜ਼ਬੂਤ ਕਰਨ ਲਈ ਅਪੀਲ ਕੀਤੀ। ਸ. ਬਾਦਲ ਨੇ ਸਮੁੱਚੀ ਲੀਡਰਸ਼ਿਪ ਸਮੇਤ ਵਰਕਰਾਂ ਦਾ ਧੰਨਵਾਦ ਕੀਤਾ, ਜੋ ਇਸ ਕਾਨਫਰੰਸ ਵਿਚ ਪਹੁੰਚੇ।







## ਸ਼੍ਰੋਮਣੀ ਅਕਾਲੀ ਦਲ (ਬਾਗੀ) ਦੇ ਨਵੇਂ ਪ੍ਰਧਾਨ ਬਣੇ ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ (ਬਾਗੀ) ਦਾ ਚੋਣ ਇਜਲਾਸ ਬੁਰਜ ਅਕਾਲੀ ਫੂਲਾ ਸਿੰਘ 'ਚ ਹੋਇਆ, ਜਿੱਥੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ (ਬਾਗੀ ਧੜੇ) ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ ਹੈ। ਉਨ੍ਹਾਂ ਦੇ ਨਾਮ ਨੂੰ ਲੈ ਕੇ ਪਹਿਲਾਂ ਤੋਂ ਹੀ ਕਿਆਸਆਰੀਆਂ ਲਗਾਈਆਂ ਜਾ ਰਹੀਆਂ ਸਨ ਅਤੇ ਆਖਿਰਕਾਰ ਹਰਪ੍ਰੀਤ ਸਿੰਘ ਦਾ ਨਾਂ ਨਵੇਂ ਪ੍ਰਧਾਨ ਵਜੋਂ ਐਲਾਨ ਕਰ ਦਿੱਤਾ ਗਿਆ।



ਜ਼ਿਕਰਯੋਗ ਹੈ ਕਿ ਭਰਤੀ ਕਮੇਟੀ ਵੱਲੋਂ 18 ਮਾਰਚ ਨੂੰ ਕੀਤੀ ਗਈ ਭਰਤੀ ਦੌਰਾਨ 15 ਲੱਖ ਦੀ ਭਰਤੀ ਹੋਈ ਸੀ। ਇਸ ਤੋਂ ਬਾਅਦ ਡੈਲੀਗੇਟਸ ਚੁਣੇ ਗਏ ਸਨ, ਜਿਨ੍ਹਾਂ ਨੇ ਆਪਣੇ ਨਵੇਂ ਪ੍ਰਧਾਨ ਵਜੋਂ ਗਿਆਨੀ ਹਰਪ੍ਰੀਤ ਸਿੰਘ ਦੇ ਨਾਮ 'ਤੇ ਮੋਹਰ ਲਗਾਈ ਹੈ। ਇਸ ਚੋਣ ਨਾਲ ਸ਼੍ਰੋਮਣੀ ਅਕਾਲੀ ਦਲ (ਬਾਗੀ) ਦੀ ਨਵੀਂ ਲੀਡਰਸ਼ਿਪ ਤੈਅ ਹੋ ਗਈ ਹੈ। ਦੱਸ ਦੇਈਏ ਗਿਆਨੀ ਹਰਪ੍ਰੀਤ ਸਿੰਘ ਤੋਂ ਇਲਾਵਾ ਬੀਬੀ ਸਤਵੰਤ ਕੌਰ ਦੇ ਨਾਂ 'ਤੇ ਵੀ ਮੋਹਰ ਲੱਗੀ ਹੈ। ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੇ ਚੇਅਰਪਰਸਨ ਚੁਣਿਆ ਗਿਆ ਹੈ, ਜਦਕਿ ਗਿਆਨੀ ਹਰਪ੍ਰੀਤ ਸਿੰਘ ਪ੍ਰਧਾਨ ਹੋਣਗੇ।

## ਸਿੱਧੂ ਮੂਸੇਵਾਲਾ ਦੇ ਪਰਿਵਾਰ ਵਲੋਂ ਮਰਹੂਮ ਗਾਇਕ ਦੇ ਸਾਬਕਾ ਮੈਨੇਜਰ 'ਤੇ ਡਿਜੀਟਲ ਧੋਖਾਧੜੀ ਦਾ ਦੋਸ਼

**■ ਡੀ.ਜੀ.ਪੀ. ਨੂੰ ਚਿੱਠੀ ਲਿਖ ਕੇ ਕਾਰਵਾਈ ਦੀ ਮੰਗ ਕੀਤੀ**

**ਮਾਨਸਾ, (ਪੰਜਾਬ ਮੇਲ)-** ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਉਸ ਵੱਲੋਂ ਜਿਊਂਦੇ ਜੀਅ ਵੱਖ-ਵੱਖ ਸ਼ਹਿਰਾਂ ਅਤੇ ਵਿਦੇਸ਼ਾਂ ਵਿਚ ਲਗਾਏ ਗਏ ਪ੍ਰੋਗਰਾਮ ਆਦਿ ਦੇ ਪੈਸੇ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਇਹ ਵਿਵਾਦ ਕਿਸੇ ਹੋਰ ਨਾਲ ਨਹੀਂ, ਬਲਕਿ ਸਿੱਧੂ ਮੂਸੇਵਾਲਾ ਦੇ ਕਿਸੇ ਸਮੇਂ ਮੈਨੇਜਰ ਰਹੇ ਬੰਟੀ ਬੈਂਸ ਨਾਮ ਦੇ ਵਿਅਕਤੀ ਨਾਲ ਹੈ। ਇਸ ਨੂੰ ਲੈ ਕੇ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਡੀ.ਜੀ.ਪੀ. ਪੰਜਾਬ ਨੂੰ ਪੱਤਰ ਲਿਖ ਕੇ ਕਾਰਵਾਈ ਦੀ ਮੰਗ ਕੀਤੀ ਹੈ। ਇਸ ਨੂੰ ਲੈ ਕੇ ਪੁਲਿਸ ਨੇ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਉਂਝ ਤਾਂ ਇਸ ਪੈਸੇ ਦਾ ਕੋਈ ਰਿਕਾਰਡ ਨਹੀਂ ਹੈ ਪਰ ਪਰਿਵਾਰ ਵੱਲੋਂ ਇਹ ਪੈਸਾ 37 ਕਰੋੜ ਰੁਪਏ ਦੇ ਕਰੀਬ ਦੱਸਿਆ ਜਾ ਰਿਹਾ ਹੈ। ਪਰਿਵਾਰ ਦਾ ਕਹਿਣਾ ਹੈ ਕਿ ਬੰਟੀ ਤੋਂ ਉਹ ਲੰਬੇ ਸਮੇਂ ਤੋਂ ਇਸ ਪੈਸੇ ਅਤੇ ਪ੍ਰੋਗਰਾਮਾਂ ਦਾ ਹਿਸਾਬ ਮੰਗਦੇ ਆ ਰਹੇ ਹਨ, ਪਰ ਉਹ ਹਰ ਵਾਰ ਹਿਸਾਬ ਦੇਣ ਤੋਂ ਆਨਾਕਾਨੀ ਕਰ ਰਿਹਾ ਸੀ।

ਵੇਰਵਿਆਂ ਅਨੁਸਾਰ ਸਿੱਧੂ ਮੂਸੇਵਾਲਾ ਦੇ ਦੇਸ਼ ਵਿਦੇਸ਼ 'ਚ ਆਯੋਜਿਤ ਹੋਣ ਵਾਲੇ ਸ਼ੋਅ ਦੇ ਪੂਰੇ ਲੈਣ ਦੇਣ ਦਾ ਹਿਸਾਬ ਕਿਤਾਬ ਬੰਟੀ ਕੋਲ ਹੁੰਦਾ ਸੀ। ਮੂਸੇਵਾਲਾ ਦੀ ਮੌਤ ਮਗਰੋਂ ਪਰਿਵਾਰ ਨੇ ਬੰਟੀ ਤੋਂ ਇਸ ਦਾ ਹਿਸਾਬ ਕਿਤਾਬ ਮੰਗਿਆ ਪਰ ਉਹ ਟਾਲ ਮਟੋਲ ਕਰਦਾ ਰਿਹਾ। ਇਸ ਨੂੰ ਲੈ ਕੇ ਪਰਿਵਾਰ ਵੱਲੋਂ ਡੀ.ਜੀ.ਪੀ. ਨੂੰ ਪੱਤਰ ਲਿਖ ਕੇ ਇਸ ਦੀ ਸ਼ਿਕਾਇਤ ਕੀਤੀ ਗਈ ਹੈ।

ਸਿੱਧੂ ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਨੇ ਦੱਸਿਆ ਕਿ ਸਿੱਧੂ ਦੇ ਪ੍ਰੋਗਰਾਮਾਂ ਦਾ ਕਰੋੜਾਂ ਰੁਪਏ ਦਾ ਬਿਜ਼ਨਸ ਹੋਣ ਦਾ ਅਨੁਮਾਨ ਹੈ। ਪਰ ਉਨ੍ਹਾਂ ਵੱਲੋਂ ਜੁਟਾਏ ਗਏ ਰਿਕਾਰਡ ਮੁਤਾਬਕ 37 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਪ੍ਰੋਗਰਾਮਾਂ ਦਾ ਪੂਰਾ ਰਿਕਾਰਡ ਘੋਖਿਆ ਜਾਵੇ ਤਾਂ ਰਕਮ ਇਸ ਤੋਂ ਜ਼ਿਆਦਾ ਵੀ ਹੋ ਸਕਦੀ ਹੈ। ਪਰਿਵਾਰ ਮੁਤਾਬਕ ਉਨ੍ਹਾਂ ਨੂੰ ਮਜਬੂਰਨ ਪੁਲਿਸ ਦਾ ਸਹਾਰਾ ਲੈਣਾ ਪਿਆ ਹੈ।

ਉਧਰ ਬੰਟੀ ਬੈਂਸ ਨੇ ਕਿਹਾ ਕਿ ਉਨ੍ਹਾਂ ਦਾ ਇਸ ਮਾਮਲੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਸ ਨੇ ਕਿਹਾ, "ਸਿੱਧੂ ਮੂਸੇਵਾਲਾ ਮੇਰਾ ਦੋਸਤ ਸੀ। ਉਸ ਦਾ ਸਿੰਗਾਪੁਰ ਦੀ ਕਿਸੇ ਕੰਪਨੀ ਨਾਲ ਕਰੀਬ ਸਵਾ ਅਰਬ ਰੁਪਏ 'ਚ ਐਗਰੀਮੈਂਟ ਹੋਇਆ ਸੀ, ਜਿਸ ਵਿਚੋਂ ਕੰਪਨੀ 80 ਫੀਸਦੀ ਭੁਗਤਾਨ ਕਰ ਚੁੱਕੀ ਹੈ। ਬਾਕੀ ਕਿਸ਼ਤਾਂ ਰਾਹੀਂ ਕੀਤਾ ਜਾ ਰਿਹਾ ਹੈ।"

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**



# ਬੀਤੇ ਸਾਢੇ ਚਾਰ ਸਾਲਾਂ 'ਚ 52 ਹਜ਼ਾਰ ਪੰਜਾਬੀ ਅਰਬ ਮੁਲਕਾਂ 'ਚ ਗਏ

**ਖਾੜੀ ਮੁਲਕਾਂ ਵੱਲ ਕੂਚ ਕਰਨ 'ਚ ਪੰਜਾਬੀ ਪਿੱਛੇ ਨਹੀਂ**

**ਚੰਡੀਗੜ੍ਹ, (ਪੰਜਾਬ ਮੇਲ)-** ਖਾੜੀ ਮੁਲਕਾਂ ਵੱਲ ਕੂਚ ਕਰਨ 'ਚ ਪੰਜਾਬੀ ਪਿੱਛੇ ਨਹੀਂ। ਡੇਢ ਦਰਜਨ ਮੁਲਕਾਂ ਵੱਲ ਮਜ਼ਦੂਰੀ ਖ਼ਾਤਰ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਪਰਵਾਸ ਕਰ ਰਹੇ ਹਨ। ਦੂਜੇ ਪਾਸੇ ਹਰਿਆਣਾ ਦੇ ਲੋਕਾਂ 'ਚ ਖਾੜੀ ਮੁਲਕਾਂ 'ਚ ਜਾਣ ਦਾ ਰੁਝਾਨ ਕਾਫ਼ੀ ਘੱਟ ਹੈ। ਇਸ ਮਾਮਲੇ 'ਚ ਦੇਸ਼ 'ਚੋਂ ਪਹਿਲੇ ਨੰਬਰ 'ਤੇ ਉੱਤਰ ਪ੍ਰਦੇਸ਼ ਹੈ, ਜਦੋਂ ਕਿ ਬਿਹਾਰ ਦੂਜੇ ਨੰਬਰ 'ਤੇ ਹੈ। ਬੀਤੇ ਸਾਢੇ ਚਾਰ ਵਰ੍ਹਿਆਂ ਦੌਰਾਨ ਪੰਜਾਬ 'ਚੋਂ 52,643 ਵਰਕਰ ਅਰਬ ਮੁਲਕਾਂ ਵਿਚ ਗਏ ਹਨ।

ਵੇਰਵਿਆਂ ਅਨੁਸਾਰ ਅੰਡਰ ਮੈਟ੍ਰਿਕ ਵਰਕਰਾਂ ਨੂੰ 18 ਮੁਲਕਾਂ, ਅਫ਼ਗਾਨਿਸਤਾਨ, ਬਹਿਰੀਨ, ਇੰਡੋਨੇਸ਼ੀਆ, ਇਰਾਕ, ਜਾਰਡਨ, ਕੁਵੈਤ, ਲਿਬੀਆ, ਮਲੇਸ਼ੀਆ, ਓਮਾਨ, ਕਤਰ, ਸਾਊਦੀ ਅਰਬ, ਸੂਡਾਨ, ਸੀਰੀਆ, ਥਾਈਲੈਂਡ, ਯੂ.ਏ.ਈ., ਯਮਨ ਲਈ ਇਮੀਗਰੇਸ਼ਨ ਚੈੱਕ ਰਿਕੁਆਇਰਡ (ਈ.ਸੀ.ਆਰ.) ਪਾਸਪੋਰਟ ਜਾਰੀ ਹੁੰਦੇ ਹਨ। ਵਿਦੇਸ਼ ਮੰਤਰਾਲੇ ਨੇ ਤਾਜ਼ਾ ਵੇਰਵੇ ਸਾਂਝੇ ਕੀਤੇ ਹਨ, ਜਿਨ੍ਹਾਂ ਮੁਤਾਬਕ ਦੇਸ਼ 'ਚੋਂ ਸਾਲ 2020 ਤੋਂ 30 ਜੂਨ, 2025 ਤੱਕ 16.06 ਲੱਖ ਵਰਕਰ ਡੇਢ ਦਰਜਨ ਮੁਲਕਾਂ ਵਿਚ ਚਲੇ ਗਏ ਹਨ।

ਪੰਜਾਬ 'ਚੋਂ ਸਾਲ 2025 'ਚ (30 ਜੂਨ ਤੱਕ) 8,609 ਵਰਕਰ ਅਰਬ ਮੁਲਕਾਂ ਵਿਚ ਗਏ ਹਨ, ਜਦਕਿ ਬੀਤੇ ਵਰ੍ਹੇ 12,575 ਵਰਕਰਾਂ ਨੇ ਪਰਵਾਸ ਕੀਤਾ ਸੀ। ਉਪਰੋਕਤ ਦੇਸ਼ਾਂ 'ਚੋਂ ਕਈਆਂ ਦੇ ਹਾਲਾਤ ਕਾਫ਼ੀ ਨਾਜ਼ੁਕ ਹਨ ਪ੍ਰੰਤੂ ਫਿਰ ਵੀ ਪੰਜਾਬੀ ਖ਼ਤਰਿਆਂ ਵਿਚ ਖੇਡਣ ਲਈ ਮਜਬੂਰ ਹੋ ਜਾਂਦੇ ਹਨ। ਇਮੀਗਰੇਸ਼ਨ ਨਾਲ ਜੁੜੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਬਹੁਤੀਆਂ ਕੰਪਨੀਆਂ ਅਰਬ ਮੁਲਕਾਂ ਵਿਚ ਭਾਰਤ 'ਚੋਂ ਲੇਬਰ ਸਪਲਾਈ ਕਰਦੀਆਂ ਹਨ ਅਤੇ ਜ਼ਿਆਦਾਤਰ ਕਾਮੇ ਉਸਾਰੀ ਦੇ ਕੰਮਾਂ ਨਾਲ ਜੁੜਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕੋਲ ਤਕਨੀਕੀ ਹੁਨਰ ਹੁੰਦਾ ਹੈ, ਉਨ੍ਹਾਂ ਨੂੰ ਚੰਗੀ ਕਮਾਈ ਦੀ ਆਸ ਵੀ ਬੱਝਦੀ ਹੈ।

**ਸਾਢੇ ਚਾਰ ਸਾਲਾਂ 'ਚ 52 ਹਜ਼ਾਰ ਪੰਜਾਬੀ ਅਰਬ ਮੁਲਕਾਂ 'ਚ ਗਏ**

| ਸੂਬੇ ਦਾ ਨਾਮ | ਵਰਕਰਾਂ ਦੀ ਗਿਣਤੀ |
|---|---|
| ਉੱਤਰ ਪ੍ਰਦੇਸ਼ | 5.49 ਲੱਖ |
| ਬਿਹਾਰ | 2.84 ਲੱਖ |
| ਪੱਛਮੀ ਬੰਗਾਲ | 1.24 ਲੱਖ |
| ਰਾਜਸਥਾਨ | 1.11 ਲੱਖ |
| ਆਂਧਰਾ ਪ੍ਰਦੇਸ਼ | 71,317 |
| ਪੰਜਾਬ | 52,643 |
| ਗੁਜਰਾਤ | 16,966 |
| ਹਰਿਆਣਾ | 5,589 |

ਖਾੜੀ ਮੁਲਕਾਂ ਵਿਚ ਜਾਣ ਲਈ ਬਹੁਤੇ ਖ਼ਰਚੇ ਦੀ ਲੋੜ ਨਹੀਂ ਪੈਂਦੀ ਹੈ। ਭਾਰਤ 'ਚੋਂ ਪੜ੍ਹੇ-ਲਿਖੇ ਵਿਅਕਤੀਆਂ ਦੇ ਇਨ੍ਹਾਂ ਮੁਲਕਾਂ 'ਚ ਪਰਵਾਸ ਕਰਨ ਵਾਲਿਆਂ ਦਾ ਅੰਕੜਾ ਵੱਖਰਾ ਹੈ। ਰਾਜਸਥਾਨ 'ਚੋਂ ਬੀਤੇ ਸਾਢੇ ਚਾਰ ਵਰ੍ਹਿਆਂ ਵਿਚ 1.11 ਲੱਖ ਵਰਕਰ ਅਰਬ ਦੇਸ਼ਾਂ ਵਿਚ ਗਏ ਹਨ। ਪੰਜਾਬ ਦੇ ਮੁਕਾਬਲੇ ਹਰਿਆਣਾ ਦਾ ਰੁਝਾਨ ਵੱਖਰੀ ਕਿਸਮ ਦਾ ਹੈ। ਹਰਿਆਣਾ 'ਚੋਂ ਲੰਘੇ ਸਾਢੇ ਚਾਰ ਸਾਲਾਂ ਵਿਚ ਸਿਰਫ਼ 5,589 ਵਰਕਰ ਹੀ ਖਾੜੀ ਮੁਲਕਾਂ ਵਿਚ ਗਏ। ਇਸ ਸਮੇਂ ਦੌਰਾਨ ਸਭ ਤੋਂ ਵੱਧ ਉੱਤਰ ਪ੍ਰਦੇਸ਼ 'ਚੋਂ 5.49 ਲੱਖ ਵਰਕਰ, ਜਦੋਂ ਕਿ ਬਿਹਾਰ 'ਚੋਂ 2.84 ਲੱਖ ਵਰਕਰ ਅਰਬ ਮੁਲਕਾਂ ਵਿਚ ਰੁਜ਼ਗਾਰ ਲਈ ਗਏ ਹਨ।

ਪੱਛਮੀ ਬੰਗਾਲ 'ਚੋਂ ਵੀ 1.24 ਲੱਖ ਵਰਕਰ ਗਏ ਹਨ। ਮੱਧ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਦਾ ਵੀ ਇਸ ਪਾਸੇ ਰੁਝਾਨ ਨਹੀਂ ਹੈ। ਹਾਲਾਂਕਿ ਵੱਧ ਸਾਖਰਤਾ ਦਰ ਵਾਲੇ ਕੇਰਲਾ ਸੂਬੇ 'ਚੋਂ ਵੀ ਉਕਤ ਸਮੇਂ ਦੌਰਾਨ 77,722 ਵਰਕਰ ਖਾੜੀ ਦੇਸ਼ਾਂ ਵਿਚ ਗਏ ਹਨ। ਇਨ੍ਹਾਂ ਮੁਲਕਾਂ 'ਚੋਂ ਕੋਈ ਬਹੁਤੀ ਕਮਾਈ ਨਹੀਂ ਹੁੰਦੀ ਪ੍ਰੰਤੂ ਭਾਰਤ ਦੇ ਮੁਕਾਬਲੇ ਵਰਕਰ ਇਨ੍ਹਾਂ ਮੁਲਕਾਂ 'ਚੋਂ ਵੱਧ ਆਮਦਨ ਹੋਣ ਦੀ ਗੱਲ ਕਰਦੇ ਹਨ। ਹਾਲਾਂਕਿ ਪੰਜਾਬ 'ਚੋਂ ਗਏ ਬਹੁਤੇ ਵਰਕਰਾਂ ਖ਼ਾਸ ਕਰਕੇ ਔਰਤਾਂ ਦੇ ਸ਼ੋਸ਼ਣ ਦੀਆਂ ਖ਼ਬਰਾਂ ਵੀ ਨਿੱਤ ਸਾਹਮਣੇ ਆਉਂਦੀਆਂ ਹਨ।

# ਟਰੰਪ ਸਰਕਾਰ ਨੇ ਅਪਰਾਧ ਘਟਾਉਣ ਲਈ ਪੁਲਿਸ ਵਿਭਾਗ ਆਪਣੇ ਹੱਥ 'ਚ ਲਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਸ਼ਹਿਰ ਦੇ ਪੁਲਿਸ ਵਿਭਾਗ ਨੂੰ ਆਪਣੇ ਹੱਥ ਵਿਚ ਲੈ ਰਹੇ ਹਨ ਅਤੇ ਇੱਥੇ ਨੈਸ਼ਨਲ ਗਾਰਡ ਤਾਇਨਾਤ ਕਰ ਰਹੇ ਹਨ, ਤਾਂ ਜੋ ਅਪਰਾਧ ਨੂੰ ਘੱਟ ਕੀਤਾ ਜਾ ਸਕੇ। ਰਾਸ਼ਟਰਪਤੀ ਕਿਹਾ ਕਿ ਉਹ ਰਸਮੀ ਤੌਰ 'ਤੇ ਜਨਤਕ ਸੁਰੱਖਿਆ ਐਮਰਜੈਂਸੀ ਦਾ ਐਲਾਨ ਕਰ ਰਹੇ ਹਨ। ਉਨ੍ਹਾਂ ਨੇ ਅਮਰੀਕੀ ਰਾਜਧਾਨੀ ਵਿਚ ਅਪਰਾਧ ਦੀ ਤੁਲਨਾ ਦੂਜੇ ਵੱਡੇ ਸ਼ਹਿਰਾਂ ਨਾਲ ਕੀਤੀ ਅਤੇ ਕਿਹਾ ਕਿ ਵਾਸ਼ਿੰਗਟਨ ਇਰਾਕ, ਬ੍ਰਾਜ਼ੀਲ ਅਤੇ ਕੋਲੰਬੀਆ ਦੀਆਂ ਰਾਜਧਾਨੀਆਂ ਦੇ ਮੁਕਾਬਲੇ ਸੁਰੱਖਿਆ ਦੇ ਮਾਮਲੇ ਵਿਚ ਮਾੜਾ ਪ੍ਰਦਰਸ਼ਨ ਕਰਦਾ ਹੈ।

ਟਰੰਪ ਨੇ ਆਪਣੀ ਨਿਊਜ਼ ਬ੍ਰੀਫਿੰਗ ਵਿਚ ਇਹ ਵੀ ਕਿਹਾ ਕਿ ਪ੍ਰਸ਼ਾਸਨ ਨੇ ਸਾਰੇ ਪਾਰਕਾਂ ਵਿਚੋਂ ਬੇਘਰ ਕੈਂਪਾਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ, "ਅਸੀਂ ਝੁੱਗੀਆਂ-ਝੌਂਪੜੀਆਂ ਤੋਂ ਵੀ ਛੁਟਕਾਰਾ ਪਾ ਰਹੇ ਹਾਂ, ਅਮਰੀਕਾ ਆਪਣੇ ਸ਼ਹਿਰਾਂ ਨੂੰ ਨਹੀਂ ਗੁਆਏਗਾ ਅਤੇ ਵਾਸ਼ਿੰਗਟਨ ਸਿਰਫ਼ ਇੱਕ ਸ਼ੁਰੂਆਤ ਹੈ।"

ਉਨ੍ਹਾਂ ਕਿਹਾ ਕਿ ਅਮਰੀਕੀ ਅਟਾਰਨੀ ਜਨਰਲ ਪੈਮ ਬੋਂਡੀ ਵਾਸ਼ਿੰਗਟਨ ਦੇ ਮੈਟਰੋ ਪੁਲਿਸ ਵਿਭਾਗ ਦੀ ਜ਼ਿੰਮੇਵਾਰੀ ਸੰਭਾਲਣਗੇ। ਟਰੰਪ ਲਈ ਵਾਸ਼ਿੰਗਟਨ ਵਿਚ ਜਨਤਕ ਸੁਰੱਖਿਆ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਨੂੰ ਰੋਕਣ ਲਈ ਉਨ੍ਹਾਂ ਦੇ ਹਮਲਾਵਰ ਦਬਾਅ ਤੋਂ ਬਾਅਦ ਉਨ੍ਹਾਂ ਦੇ ਕਾਨੂੰਨ ਲਾਗੂ ਕਰਨ ਵਾਲੇ ਏਜੰਡੇ ਵਿਚ ਇੱਕ ਅਗਲਾ ਕਦਮ ਦਰਸਾਉਂਦੀ ਹੈ। ਹਾਲਾਂਕਿ ਟਰੰਪ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਉਹ ਸੰਘੀ ਸਰਕਾਰ ਵੱਲੋਂ ਵਾਸ਼ਿੰਗਟਨ ਦਾ ਕੰਟਰੋਲ ਆਪਣੇ ਕਬਜ਼ੇ ਵਿਚ ਲੈਣ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੇ ਹਨ।


## MATRIMONIAL

South Indian man, 65, (Look's 50), 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐੱਪ ਨੰਬਰ : (706) 206-2516

845

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com





# ਟਰੰਪ ਦੇ ਟੈਰਿਫ ਐਲਾਨ ਤੋਂ ਬਾਅਦ ਭਾਰਤ ਵੱਲੋਂ ਚੀਨ ਲਈ ਸਿੱਧੀਆਂ ਉਡਾਣਾਂ ਹੋਣਗੀਆਂ ਸ਼ੁਰੂ !



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰਤ 'ਤੇ ਭਾਰੀ ਟੈਰਿਫ ਲਗਾਉਣ ਦੇ ਐਲਾਨ ਤੋਂ ਬਾਅਦ, ਹੁਣ ਕੇਂਦਰ ਦੀ ਮੋਦੀ ਸਰਕਾਰ ਵੀ ਅਮਰੀਕਾ ਨੂੰ ਕੂਟਨੀਤਿਕ ਤੌਰ 'ਤੇ ਜਵਾਬ ਦੇਣ ਦੀ ਤਿਆਰੀ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਬੰਦ ਕੀਤੀਆਂ ਗਈਆਂ ਭਾਰਤ ਅਤੇ ਚੀਨ ਵਿਚਕਾਰ ਸਿੱਧੀਆਂ ਉਡਾਣਾਂ ਅਗਲੇ ਮਹੀਨੇ ਮੁੜ ਸ਼ੁਰੂ ਹੋ ਸਕਦੀਆਂ ਹਨ।

ਇਹ ਇਸ ਗੱਲ ਦਾ ਸੰਕੇਤ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਕੂਟਨੀਤਿਕ ਸਬੰਧ ਕੁਝ ਹੱਦ ਤੱਕ ਸੁਧਰ ਰਹੇ ਹਨ। ਰਾਇਟਰਜ਼ ਦੀ ਇੱਕ ਰਿਪੋਰਟ ਅਨੁਸਾਰ, ਭਾਰਤ ਸਰਕਾਰ ਨੇ ਏਅਰ ਇੰਡੀਆ ਅਤੇ ਇੰਡੀਗੋ ਵਰਗੀਆਂ ਏਅਰਲਾਈਨਾਂ ਨੂੰ ਚੀਨ ਲਈ ਉਡਾਣਾਂ ਸ਼ੁਰੂ ਕਰਨ ਲਈ ਤਿਆਰ ਰਹਿਣ ਲਈ ਕਿਹਾ ਹੈ। ਇਹ ਉਡਾਣਾਂ ਅਚਾਨਕ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ।

ਗਲਵਾਨ ਘਾਟੀ ਵਿਚ ਜੂਨ 2020 ਵਿਚ ਹੋਈ ਹਿੰਸਕ ਝੜਪ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧ ਤਣਾਅਪੂਰਨ ਰਹੇ। ਇਸ ਝੜਪ ਤੋਂ ਬਾਅਦ, ਸਰਹੱਦ 'ਤੇ ਫੌਜੀ ਤਾਇਨਾਤੀ ਵਧ ਗਈ ਅਤੇ ਫੌਜੀ ਅਤੇ ਕੂਟਨੀਤਿਕ ਗੱਲਬਾਤ ਦੇ ਕਈ ਦੌਰ ਹੋਏ, ਪਰ ਬਹੁਤ ਸਾਰੇ ਮੁੱਦੇ ਅਜੇ ਵੀ ਅਣਸੁਲਝੇ ਹਨ। ਸਰਹੱਦੀ ਵਿਵਾਦ ਅਤੇ ਕੋਵਿਡ ਕਾਰਨ, ਚੀਨ ਤੋਂ ਨਿਵੇਸ਼ 'ਤੇ ਪਾਬੰਦੀ ਲਗਾ ਦਿੱਤੀ ਗਈ, ਆਯਾਤ ਦੀ ਸਖ਼ਤ ਜਾਂਚ ਕੀਤੀ ਗਈ ਅਤੇ ਸਿੱਧੀਆਂ ਹਵਾਈ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ। ਜਿਸ ਕਾਰਨ ਕਾਰੋਬਾਰੀਆਂ ਅਤੇ ਆਮ ਲੋਕਾਂ ਵਿਚਕਾਰ ਸੰਪਰਕ ਘੱਟ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ 28 ਅਗਸਤ ਨੂੰ ਤਿਆਨਜਿਨ ਜਾਣਗੇ, ਜਿੱਥੇ ਉਹ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਸੰਮੇਲਨ ਵਿਚ ਸ਼ਾਮਲ ਹੋਣਗੇ। ਇਹ 2018 ਤੋਂ ਬਾਅਦ ਪਹਿਲੀ ਵਾਰ ਹੋਵੇਗਾ, ਜਦੋਂ ਪ੍ਰਧਾਨ ਮੰਤਰੀ ਮੋਦੀ ਚੀਨ ਜਾਣਗੇ। ਇਸ ਤੋਂ ਪਹਿਲਾਂ, ਉਹ 2018 ਵਿਚ ਐੱਸ.ਸੀ.ਓ. ਸੰਮੇਲਨ ਵਿਚ ਸ਼ਾਮਲ ਹੋਣ ਲਈ ਚੀਨ ਗਏ ਸਨ।ਕੋਵਿਡ-19 ਤੋਂ ਪਹਿਲਾਂ, ਭਾਰਤ ਅਤੇ ਚੀਨ ਵਿਚਕਾਰ ਸਿੱਧੀਆਂ ਉਡਾਣਾਂ ਸਨ, ਪਰ ਮਹਾਂਮਾਰੀ ਕਾਰਨ ਉਨ੍ਹਾਂ ਨੂੰ ਰੋਕ ਦਿੱਤਾ ਗਿਆ ਸੀ। ਹੁਣ ਯਾਤਰੀਆਂ ਨੂੰ ਹਾਂਗਕਾਂਗ, ਸਿੰਗਾਪੁਰ ਜਾਂ ਬੈਂਕਾਕ ਵਰਗੇ ਸ਼ਹਿਰਾਂ ਰਾਹੀਂ ਯਾਤਰਾ ਕਰਨੀ ਪੈਂਦੀ ਹੈ, ਜਿਸ ਨਾਲ ਸਮਾਂ ਅਤੇ ਲਾਗਤ ਦੋਵੇਂ ਵਧ ਜਾਂਦੇ ਹਨ। ਸਿੱਧੀਆਂ ਉਡਾਣਾਂ ਸ਼ੁਰੂ ਕਰਨ ਨਾਲ ਯਾਤਰਾ ਆਸਾਨ ਅਤੇ ਸਸਤੀ ਹੋ ਜਾਵੇਗੀ।

# ਕੈਨੇਡਾ 'ਚ ਭਾਰਤੀ ਵਿਦਿਆਰਥਣ ਨੂੰ ਗੋਲੀ ਮਾਰਨ ਵਾਲਾ ਗ੍ਰਿਫ਼ਤਾਰ



**ਓਟਵਾ, (ਪੰਜਾਬ ਮੇਲ)-** ਕੈਨੇਡੀਅਨ ਪੁਲਿਸ ਨੇ ਦੱਸਿਆ ਹੈ ਕਿ ਕੈਨੇਡਾ ਵਿਚ 21 ਸਾਲਾ ਭਾਰਤੀ ਵਿਦਿਆਰਥਣ ਹਰਸਿਮਰਤ ਰੰਧਾਵਾ 'ਤੇ ਇਕ ਨਿਸ਼ਾਨਾ ਖੁੰਝੀ ਗੋਲੀ ਚਲਾਉਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ 'ਤੇ ਪਹਿਲੇ ਦਰਜੇ ਦਾ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਗ਼ੌਰਤਲਬ ਹੈ ਕਿ ਗੈਂਗਵਾਰ ਵਿਚ ਚੱਲੀ ਇਸ ਗੋਲੀ ਕਾਰਨ ਹਰਸਿਮਰਤ ਦੀ ਮੌਤ ਹੋ ਗਈ ਸੀ।

ਸੀ.ਬੀ.ਸੀ. ਨਿਊਜ਼ ਨੇ ਇੱਕ ਨਿਊਜ਼ ਕਾਨਫਰੰਸ ਵਿਚ ਐਕਟਿੰਗ ਡਿਟੈਕਟ-ਸਾਰਜੈਂਟ ਡੈਰਿਲ ਰੀਡ ਦੇ ਹਵਾਲੇ ਨਾਲ ਕਿਹਾ ਕਿ ਹੈਮਿਲਟਨ ਪੁਲਿਸ ਨੇ ਬੀਤੇ ਹਫਤੇ ਮੰਗਲਵਾਰ ਨੂੰ ਓਨਟਾਰੀਓ ਦੇ ਨਿਆਗਰਾ ਫਾਲਜ਼ ਵਿਖੇ 32 ਸਾਲਾ ਮੁਲਜ਼ਮ ਜੇਰਡੇਨ ਫੋਸਟਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ 'ਤੇ ਕਤਲ ਦੀ ਕੋਸ਼ਿਸ਼ ਦੇ ਤਿੰਨ ਦੋਸ਼ ਵੀ ਲਗਾਏ ਗਏ ਹਨ। ਮੋਹਾਕ ਕਾਲਜ ਵਿਚ ਫਿਜ਼ੀਓਥੈਰੇਪੀ ਕੋਰਸ ਦੀ ਪੜ੍ਹਾਈ ਕਰ ਰਹੀ ਦੂਜੇ ਸਾਲ ਦੀ ਵਿਦਿਆਰਥਣ ਹਰਸਿਮਰਤ ਰੰਧਾਵਾ ਨੂੰ ਬੀਤੀ 17 ਅਪ੍ਰੈਲ ਨੂੰ ਅੱਪਰ ਜੇਮਜ਼ ਸਟਰੀਟ ਅਤੇ ਸਾਊਥ ਬੈਂਡ ਰੋਡ ਦੇ ਚੌਰਾਹੇ 'ਤੇ ਇੱਕ ਬੱਸ ਸਟਾਪ 'ਤੇ ਅਚਾਨਕ ਗੋਲੀ ਲੱਗ ਗਈ ਸੀ। ਉਸ ਨੇ ਹਸਪਤਾਲ ਵਿਚ ਦਮ ਤੋੜ ਦਿੱਤਾ ਸੀ। ਭਾਰਤੀ ਵਿਦਿਆਰਥਣ ਕਥਿਤ ਤੌਰ 'ਤੇ ਬੱਸ ਤੋਂ ਉਤਰੀ ਸੀ ਅਤੇ ਸੜਕ ਪਾਰ ਕਰਨ ਦੀ ਉਡੀਕ ਕਰ ਰਿਹਾ ਸੀ, ਜਦੋਂ ਇਹ ਘਟਨਾ ਵਾਪਰੀ।

ਇਸ ਗੈਂਗਵਾਰ 'ਚ ਚਾਰ ਕਾਰਾਂ 'ਚ ਘੱਟੋ-ਘੱਟ ਸੱਤ ਲੋਕ ਸ਼ਾਮਲ ਸਨ, ਜਿਸ ਕਾਰਨ ਗੋਲੀਬਾਰੀ ਹੋਈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਾਰਾਂ ਵਿਚਕਾਰ ਗੋਲੀਆਂ ਚਲਾਈਆਂ ਗਈਆਂ ਅਤੇ ਘੱਟੋ-ਘੱਟ ਦੋ ਬੰਦੂਕਾਂ ਦੀ ਵਰਤੋਂ ਕੀਤੀ ਗਈ।

ਰਿਪੋਰਟ ਵਿਚ ਰੀਡ ਦੇ ਹਵਾਲੇ ਨਾਲ ਵੀਰਵਾਰ ਨੂੰ ਕਿਹਾ ਗਿਆ ਹੈ, "ਹਰਸਿਮਰਤ ਇੱਕ

# ਬਰੈਂਪਟਨ 'ਚ ਵੱਡੀ ਮਾਤਰਾ 'ਚ ਨਸ਼ੇ ਦੀ ਖੇਪ ਤੇ ਚੋਰੀ ਦੇ ਸਾਮਾਨ ਸਮੇਤ ਦੋ ਭਾਰਤੀ ਗ੍ਰਿਫ਼ਤਾਰ



ਮੁਲਜ਼ਮਾਂ ਕੋਲੋਂ ਬਰਾਮਦ ਨਸ਼ੇ ਅਤੇ ਚੋਰੀ ਕੀਤਾ ਸਾਮਾਨ।

**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ ਬਰੈਂਪਟਨ ਰਹਿੰਦੇ ਦੋ ਭਾਰਤੀਆਂ ਨੂੰ ਵੱਡੀ ਮਾਤਰਾ ਵਿਚ ਮਾਰੂ ਨਸ਼ੇ ਤੇ ਚੋਰੀ ਕੀਤੀਆਂ ਸੈਂਕੜੇ ਆਈਟਮਾਂ ਸਮੇਤ ਕਾਬੂ ਕੀਤਾ ਹੈ। ਦੋਵਾਂ ਉੱਤੇ ਗੰਭੀਰ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਅਨੁਸਾਰ ਇਹ ਲੋਕ ਲੰਮੇ ਸਮੇਂ ਤੋਂ ਇਨ੍ਹਾਂ ਕੰਮਾਂ ਵਿਚ ਪਏ ਹੋਏ ਸਨ। ਮੁਲਜ਼ਮਾਂ ਦੀ ਸ਼ਨਾਖਤ ਗੁਰਪ੍ਰੀਤ ਮਾਂਗਟ (26) ਅਤੇ ਪਰਵੀਨ ਗਿੱਲ (40) ਵਜੋਂ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਬਰੈਂਪਟਨ ਦੇ ਇੱਕ ਘਰ 'ਚ ਨਸ਼ਿਆਂ ਦੀ ਖੇਪ ਅਤੇ ਚੋਰੀ ਕੀਤਾ ਸਮਾਨ ਹੋਣ ਦੀ ਸੂਚਨਾ ਮਿਲੀ। ਅਦਾਲਤ 'ਚੋਂ ਵਰੰਟ ਲੈ ਕੇ ਉਨ੍ਹਾਂ ਘਰ ਦੀ ਤਲਾਸ਼ੀ ਕੀਤੀ, ਤਾਂ ਉਥੋਂ ਵੱਡੀ ਮਾਤਰਾ ਵਿਚ ਹੈਰੋਇਨ ਅਤੇ ਮੈਥਾਫੈਟਮਾਈਨ ਦੀ ਖੇਪ ਬਰਾਮਦ ਹੋਈ, ਜਿਸ ਨੂੰ ਪ੍ਰਚੂਨ ਵਿਚ ਬਾਜ਼ਾਰ ਵਿਚ ਵੇਚਿਆ ਜਾਣਾ ਸੀ।

ਘਰ ਦੀ ਤਲਾਸ਼ੀ ਦੌਰਾਨ ਉੱਥੋਂ ਸੈਂਕੜਿਆਂ ਦੀ ਗਿਣਤੀ ਵਿਚ ਅਜਿਹਾ ਸਮਾਨ ਮਿਲਿਆ, ਜਿਸ ਦੀ ਖਰੀਦ ਦਾ ਉਕਤ ਦੋਸ਼ੀ ਕੋਈ ਸਬੂਤ ਨਾ ਦੇ ਸਕੇ ਤੇ ਪੁੱਛਗਿੱਛ ਦੌਰਾਨ ਮੰਨ ਗਏ ਕਿ ਉਹ ਲੰਮੇ ਸਮੇਂ ਤੋਂ ਚੋਰੀਆਂ ਵੀ ਕਰਦੇ ਸਨ। ਪੁਲਿਸ ਨੇ ਨਸ਼ੇ ਅਤੇ ਚੋਰੀ ਕੀਤੇ ਸਮਾਨ ਦੀ ਬਾਜ਼ਾਰੀ ਕੀਮਤ ਦੋ ਲੱਖ ਡਾਲਰ (ਸਵਾ ਕਰੋੜ ਰੁਪਏ) ਦੇ ਕਰੀਬ ਦੱਸੀ ਹੈ। ਪੁਲਿਸ ਨੇ ਮਸ਼ਕੂਕਾਂ ਦੀਆਂ ਤਸਵੀਰਾਂ ਤਾਂ ਜਾਰੀ ਨਹੀਂ ਕੀਤੀਆਂ, ਪਰ ਉਨ੍ਹਾਂ ਤੋਂ ਬਰਾਮਦ ਸਮਾਨ ਦੀਆਂ ਤਸਵੀਰਾਂ ਜ਼ਰੂਰ ਨਸ਼ਰ ਕੀਤੀਆਂ ਹਨ।

ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਫੋਰਟ ਸੇਂਟ ਜੌਹਨ ਪੁਲਿਸ ਨੇ ਇੱਕ ਘਰ 'ਚੋਂ ਵੱਡੀ ਮਾਤਰਾ ਵਿਚ ਨਸ਼ੇ ਬਰਾਮਦ ਕਰਕੇ 42 ਤੇ 49 ਸਾਲਾਂ ਦੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।
ਮੁਫ਼ਤ
ਮੁਫ਼ਤ
ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.
Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।
SHARE NOW WITH YOUR FAMILY & FRIENDS
eBaba ENTERTAINMENT APP AVAILABLE ON IOS APP STORE & GOOGLE PLAY STORE
ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।




# ਪ੍ਰਧਾਨ ਮੰਤਰੀ ਮੋਦੀ ਦੇ ਸਵਾਗਤ ਲਈ ਚੀਨ ਤਿਆਰ

- ਐੱਸ.ਸੀ.ਓ. 'ਚ ਹਿੱਸਾ ਲੈਣ ਲਈ 29 ਅਗਸਤ ਨੂੰ ਕਰ ਸਕਦੈ ਨੇ ਚੀਨ ਦਾ ਦੌਰਾ
- ਦੋਸਤੀ ਅਤੇ ਏਕਤਾ ਦਾ ਪ੍ਰਤੀਕ ਹੋਵੇਗਾ ਸਮਾਗਮ : ਚੀਨ



ਬੀਜਿੰਗ, (ਪੰਜਾਬ ਮੇਲ)- ਚੀਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤਿਆਨਜਿਨ 'ਚ ਹੋਣ ਵਾਲੇ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਸ਼ਿਖਰ ਸੰਮੇਲਨ ਵਿਚ ਸ਼ਾਮਲ ਹੋਣ ਲਈ ਰਸਮੀ ਤੌਰ 'ਤੇ ਸਵਾਗਤ ਕੀਤਾ ਹੈ। ਚੀਨ ਨੇ ਇਹ ਉਮੀਦ ਪ੍ਰਗਟਾਈ ਹੈ ਕਿ ਇਹ ਸਮਾਗਮ ਏਕਤਾ ਅਤੇ ਦੋਸਤੀ ਦਾ ਪ੍ਰਤੀਕ ਹੋਵੇਗਾ।

ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਓ ਜਿਆਕੁਨ ਨੇ ਕਿਹਾ, "ਚੀਨ ਪ੍ਰਧਾਨ ਮੰਤਰੀ ਮੋਦੀ ਦਾ ਐੱਸ.ਸੀ.ਓ. ਤਿਆਨਜਿਨ ਸੰਮੇਲਨ 'ਚ ਸਵਾਗਤ ਕਰਦਾ ਹੈ। ਸਾਨੂੰ ਵਿਸ਼ਵਾਸ ਹੈ ਕਿ ਸਾਰੀਆਂ ਧਿਰਾਂ ਦੇ ਸਾਂਝੇ ਯਤਨਾਂ ਨਾਲ ਇਹ ਸੰਮੇਲਨ ਏਕਤਾ, ਦੋਸਤੀ ਅਤੇ ਠੋਸ ਨਤੀਜਿਆਂ ਦਾ ਪ੍ਰਤੀਕ ਬਣੇਗਾ। ਐੱਸ.ਸੀ.ਓ. ਹੁਣ ਵਿਕਾਸ ਦੇ ਇੱਕ ਨਵੇਂ ਪੜਾਅ ਵਿਚ ਦਾਖਲ ਹੋਵੇਗਾ, ਜਿੱਥੇ ਮੈਂਬਰ ਦੇਸ਼ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਏਕਤਾ ਅਤੇ ਮਿਲ ਕੇ ਕੰਮ ਕਰਨਗੇ ਅਤੇ ਬਿਹਤਰ ਨਤੀਜੇ ਪ੍ਰਾਪਤ ਕਰਨਗੇ।"

ਗੁਓ ਜਿਆਕੁਨ ਨੇ ਕਿਹਾ ਕਿ ਇਸ ਵਿਚ 10 ਕੌਮਾਂਤਰੀ ਸੰਗਠਨਾਂ ਦੇ ਮੁਖੀਆਂ ਸਣੇ ਐੱਸ.ਸੀ.ਓ. ਮੈਂਬਰ ਦੇਸ਼ਾਂ ਅਤੇ 20 ਤੋਂ ਵੱਧ ਦੇਸ਼ਾਂ ਦੇ ਆਗੂ ਸ਼ਾਮਲ ਹੋਣਗੇ।

ਉਨ੍ਹਾਂ ਕਿਹਾ ਕਿ ਐੱਸ.ਸੀ.ਓ. ਤਿਆਨਜਿਨ ਸੰਮੇਲਨ ਐੱਸ.ਸੀ.ਓ. ਦੀ ਸਥਾਪਨਾ ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਵੱਡਾ ਸੰਮੇਲਨ ਹੋਵੇਗਾ।

ਦੱਸ ਦਈਏ ਕਿ ਸ਼੍ਰੀ ਮੋਦੀ ਦੇ 29 ਅਗਸਤ ਨੂੰ ਜਾਪਾਨ ਦੇ ਦੌਰੇ 'ਤੇ ਜਾਣ ਦੀ ਉਮੀਦ ਹੈ ਅਤੇ ਯਾਤਰਾ ਖ਼ਤਮ ਕਰਨ ਤੋਂ ਬਾਅਦ ਉਹ ਐੱਸ.ਸੀ.ਓ. ਸੰਮੇਲਨ ਲਈ ਚੀਨੀ ਸ਼ਹਿਰ ਤਿਆਨਜਿਨ ਜਾਣਗੇ। ਹਾਲਾਂਕਿ ਪ੍ਰਧਾਨ ਮੰਤਰੀ ਦੇ ਜਾਪਾਨ ਅਤੇ ਚੀਨ ਦੌਰੇ ਬਾਰੇ ਅਜੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ।

ਜ਼ਿਕਰਯੋਗ ਹੈ ਕਿ ਮੋਦੀ ਹੁਣ ਤੱਕ ਪੰਜ ਵਾਰ ਚੀਨ ਦਾ ਦੌਰਾ ਕਰ ਚੁੱਕੇ ਹਨ। ਅਮਰੀਕਾ ਵੱਲੋਂ ਭਾਰਤ ਉੱਤੇ ਰੂਸੀ ਤੇਲ ਖ਼ਰੀਦਣ ਤੇ ਵਧਾਏ ਜਾ ਰਹੇ ਦਬਾਅ ਦੇ ਦਰਮਿਆਨ ਇਹ ਦੌਰਾ ਅਹਿਮ ਮੰਨਿਆ ਜਾ ਰਿਹਾ ਹੈ।

## ਟਰੰਪ ਵੱਲੋਂ ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੇ ਆਲੋਚਕ ਰਹੇ ਐਂਟਨੀ ਨਵੇਂ ਕਮਿਸ਼ਨਰ ਵਜੋਂ ਨਾਮਜ਼ਦ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈ.ਜੇ. ਐਂਟਨੀ ਨੂੰ ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੇ ਨਵੇਂ ਕਮਿਸ਼ਨਰ ਵਜੋਂ ਨਾਮਜ਼ਦ ਕੀਤਾ ਹੈ। ਦੱਸਣਯੋਗ ਹੈ ਕਿ ਇਹ ਏਜੰਸੀ ਨੌਕਰੀਆਂ ਅਤੇ ਮਹਿੰਗਾਈ ਬਾਰੇ ਡੇਟਾ ਇਕੱਠਾ ਕਰਦੀ ਹੈ ਅਤੇ ਪ੍ਰਕਾਸ਼ਿਤ ਕਰਦੀ ਹੈ। ਈ.ਜੇ. ਐਂਟਨੀ ਏਰਿਕਾ ਮੈਕਐਂਟਾਫਰ ਦੀ ਥਾਂ ਲੈਣਗੇ, ਜਿਨ੍ਹਾਂ ਨੂੰ ਰਾਸ਼ਟਰਪਤੀ ਟਰੰਪ ਨੇ ਹਾਲ ਹੀ ਵਿਚ ਬਿਨਾਂ ਕਿਸੇ ਸਬੂਤ ਦੇ ਨੌਕਰੀਆਂ ਦੇ ਡੇਟਾ ਵਿਚ ਹੇਰਾਫੇਰੀ ਕਰਨ ਦਾ ਦੋਸ਼ ਲਗਾਉਂਦੇ ਹੋਏ ਬਰਖਾਸਤ ਕਰ ਦਿੱਤਾ ਸੀ।

ਟਰੰਪ ਨੇ ਸੋਮਵਾਰ ਨੂੰ ਇੱਕ ਟਰੂਥ ਸੋਸ਼ਲ ਪੋਸਟ ਵਿਚ ਲਿਖਿਆ, 'ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਮੈਂ ਬਹੁਤ ਹੀ ਸਤਿਕਾਰਤ ਅਰਥਸ਼ਾਸਤਰੀ ਡਾ. ਈ.ਜੇ. ਐਂਟਨੀ ਨੂੰ ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੇ ਅਗਲੇ ਕਮਿਸ਼ਨਰ ਵਜੋਂ ਨਾਮਜ਼ਦ ਕਰ ਰਿਹਾ ਹਾਂ।' ਹਾਲ ਹੀ ਦੇ ਸਾਲਾਂ ਵਿਚ ਐਂਟਨੀ ਨੇ ਦੋ ਰੂੜੀਵਾਦੀ ਥਿੰਕ ਟੈਂਕਾਂ, ਟੈਕਸਾਸ ਪਬਲਿਕ ਪਾਲਿਸੀ ਫਾਊਂਡੇਸ਼ਨ ਅਤੇ ਹੈਰੀਟੇਜ ਫਾਊਂਡੇਸ਼ਨ ਵਿਚ ਇੱਕ ਅਰਥਸ਼ਾਸਤਰੀ ਵਜੋਂ ਕੰਮ ਕੀਤਾ ਹੈ। ਰਿਪੋਰਟ ਅਨੁਸਾਰ, ਉਹ ਪਿਛਲੇ ਸਮੇਂ ਵਿਚ ਬੀ.ਐੱਲ.ਐੱਸ. ਅਤੇ ਡੇਟਾ ਇਕੱਠਾ ਕਰਨ ਦੇ ਇਸਦੇ ਪਹੁੰਚ ਦੇ ਇੱਕ ਖੁੱਲ੍ਹੇ ਆਲੋਚਕ ਰਹੇ ਹਨ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਰੂਸੀ ਰਾਸ਼ਟਰਪਤੀ ਨੂੰ ਭਾਰਤ ਆਉਣ ਦਾ ਸੱਦਾ

- ਟਰੰਪ ਵੱਲੋਂ ਰੂਸੀ ਤੇਲ ਖਰੀਦਣ ਨੂੰ ਲੈ ਕੇ ਭਾਰਤ 'ਤੇ ਵਧਾਏ ਜਾ ਰਹੇ ਦਬਾਅ ਵਿਚਕਾਰ ਹੋਈ ਗੱਲਬਾਤ

ਨਵੀਂ ਦਿੱਲੀ, (ਪੰਜਾਬ ਮੇਲ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਇਸ ਦੌਰਾਨ ਦੋਵਾਂ ਆਗੂਆਂ ਨੇ ਭਾਰਤ-ਰੂਸ ਵਿਚਕਾਰ ਵਿਸ਼ੇਸ਼ ਰਣਨੀਤਕ ਭਾਈਵਾਲੀ ਬਾਰੇ ਚਰਚਾ ਕੀਤੀ। ਰੂਸੀ ਰਾਸ਼ਟਰਪਤੀ ਪੂਤਿਨ ਨੇ ਮੋਦੀ ਨੂੰ ਯੂਕਰੇਨ ਨਾਲ ਚੱਲ ਰਹੇ ਟਕਰਾਅ ਬਾਰੇ ਜਾਣਕਾਰੀ ਦਿੱਤੀ, ਜਿਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਇਸ ਮੁੱਦੇ ਤੇ ਸ਼ਾਂਤੀਪੂਰਨ ਹੱਲ ਲਈ ਭਾਰਤ ਦੇ ਸਥਿਰ ਰੁਖ਼ ਨੂੰ ਦੁਹਰਾਇਆ।

ਦੋਵਾਂ ਆਗੂਆਂ ਦੇ ਦਰਮਿਆਨ ਇਹ ਗੱਲਬਾਤ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਰੂਸੀ ਤੇਲ ਖਰੀਦਣ ਨੂੰ ਲੈ ਕੇ ਭਾਰਤ 'ਤੇ ਵਧਾਏ ਜਾ ਰਹੇ ਦਬਾਅ ਵਿਚਕਾਰ ਹੋਈ।

ਟਰੰਪ ਨੇ ਬੀਤੇ ਬੁੱਧਵਾਰ ਨੂੰ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ, ਜਿਸ ਵਿਚ ਨਵੀਂ ਦਿੱਲੀ ਵੱਲੋਂ ਰੂਸੀ ਤੇਲ ਦੀ ਖਰੀਦ ਲਈ ਭਾਰਤ 'ਤੇ 25 ਫੀਸਦੀ ਵਾਧੂ ਟੈਰਿਫ਼ ਲਗਾਇਆ ਗਿਆ। ਇਸ ਨਾਲ ਕੁੱਲ ਟੈਰਿਫ਼ 50 ਫੀਸਦੀ ਹੋ ਗਿਆ, ਜੋ ਕਿ ਦੁਨੀਆਂ ਦੇ ਕਿਸੇ ਵੀ ਦੇਸ਼ 'ਤੇ ਅਮਰੀਕਾ ਦੁਆਰਾ ਲਗਾਇਆ ਗਿਆ ਸਭ ਤੋਂ ਵੱਧ ਟੈਰਿਫ਼ ਹੈ। ਹਾਲਾਂਕਿ ਇਹ ਵਾਧੂ 25 ਫੀਸਦੀ ਟੈਰਿਫ਼ 27 ਅਗਸਤ ਤੋਂ ਲਾਗੂ ਹੋਵੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਪੋਸਟ ਐਕਸ 'ਤੇ ਲਿਖਿਆ, "ਮੇਰੇ ਦੋਸਤ ਰਾਸ਼ਟਰਪਤੀ ਪੂਤਿਨ ਨਾਲ ਬਹੁਤ ਵਧੀਆ ਅਤੇ ਗੱਲਬਾਤ ਹੋਈ। ਮੈਂ ਯੂਕਰੇਨ 'ਤੇ ਤਾਜ਼ਾ ਜਾਣਕਾਰੀ ਸਾਂਝੀ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਅਸੀਂ ਆਪਣੇ ਦੁਵੱਲੇ ਏਜੰਡੇ ਵਿਚ ਪ੍ਰਗਤੀ ਦੀ ਵੀ ਸਮੀਖਿਆ ਕੀਤੀ ਅਤੇ ਭਾਰਤ-ਰੂਸ ਵਿਸ਼ੇਸ਼ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਿਕ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਦੀ ਆਪਣੀ ਵਚਨਬੱਧਤਾ ਪ੍ਰਗਟਾਈ। ਮੈਂ ਇਸ ਸਾਲ ਦੇ ਅੰਤ ਵਿਚ ਭਾਰਤ ਵਿਚ ਰਾਸ਼ਟਰਪਤੀ ਪੂਤਿਨ ਦੀ ਮੇਜ਼ਬਾਨੀ ਕਰਨ ਦੀ ਉਮੀਦ ਕਰਦਾ ਹਾਂ। ਇਹ 23ਵਾਂ ਭਾਰਤ-ਰੂਸ ਸਾਲਾਨਾ ਸਿਖਰ ਸੰਮੇਲਨ ਹੋਵੇਗਾ।"

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਭਾਰਤ, ਰੂਸ ਤੋਂ ਤੇਲ ਖਰੀਦਣ ਦੇ ਮਾਮਲੇ 'ਚ ਚੀਨ ਦੇ 'ਬਹੁਤ ਕਰੀਬ' : ਟਰੰਪ

- ਕਿਹਾ: ਹੋਰ ਵੀ ਸਖ਼ਤ ਪਾਬੰਦੀਆਂ ਦੇਖਣ ਨੂੰ ਮਿਲਣਗੀਆਂ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਭਾਰਤ, ਰੂਸ ਤੋਂ ਤੇਲ ਖਰੀਦਣ ਦੇ ਮਾਮਲੇ ਵਿਚ ਚੀਨ ਦੇ 'ਬਹੁਤ ਕਰੀਬ' ਹੈ ਤੇ ਉਸ ਨੂੰ 50 ਫੀਸਦੀ ਦਾ ਟੈਕਸ (ਟੈਰਿਫ) ਦੇਣਾ ਹੋਵੇਗਾ। ਟਰੰਪ ਨੇ ਇਸ਼ਾਰਾ ਕੀਤਾ ਕਿ 'ਤੁਹਾਨੂੰ ਹੋਰ ਵੀ ਸਖ਼ਤ ਪਾਬੰਦੀਆਂ ਦੇਖਣ ਨੂੰ ਮਿਲਣਗੀਆਂ।'

ਟਰੰਪ ਨੇ ਆਪਣੇ ਸਰਕਾਰੀ 'ਓਵਲ ਦਫ਼ਤਰ' ਵਿਚ ਕਿਹਾ, "ਜਿਵੇਂ ਕਿ ਤੁਸੀਂ ਜਾਣਦੇ ਹੋ ਅਸੀਂ ਤੇਲ ਨੂੰ ਲੈ ਕੇ ਭਾਰਤ 'ਤੇ 50 ਫੀਸਦੀ ਦਾ ਟੈਕਸ ਲਗਾਇਆ ਹੈ। ਉਹ ਦੂਜੇ ਸਭ ਤੋਂ ਵੱਡੇ ਖਰੀਦਦਾਰ ਹਨ ਤੇ ਰੂਸ ਤੋਂ ਤੇਲ ਖਰੀਦਣ ਦੇ ਮਾਮਲੇ ਵਿਚ ਚੀਨ ਦੇ ਬਹੁਤ ਕਰੀਬ ਹਨ।"

ਟਰੰਪ ਨੇ ਰੂਸ ਤੋਂ ਤੇਲ ਦੀ ਖਰੀਦ ਜਾਰੀ ਰੱਖਣ ਕਰਕੇ ਭਾਰਤ ਤੋਂ ਦਰਾਮਦ ਵਸਤਾਂ 'ਤੇ ਵਾਧੂ 25 ਫੀਸਦੀ ਟੈਕਸ ਲਗਾਉਣ ਦੇ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕੀਤੇ ਸਨ। ਇਸ ਨਾਲ ਅਮਰੀਕਾ ਵਿਚ ਭਾਰਤੀ ਵਸਤਾਂ 'ਤੇ ਲੱਗਣ ਵਾਲਾ ਟੈਕਸ ਹੁਣ ਵਧ ਕੇ 50 ਫੀਸਦੀ ਹੋ ਗਿਆ ਹੈ, ਜੋ ਕਿਸੇ ਵੀ ਦੂਜੇ ਮੁਲਕ 'ਤੇ ਅਮਰੀਕਾ ਵੱਲੋਂ ਲਗਾਏ ਗਏ ਸਭ ਤੋਂ ਉੱਚੇ ਟੈਕਸਾਂ 'ਚੋਂ ਇਕ ਹੈ।

ਟਰੰਪ ਪ੍ਰਸ਼ਾਸਨ ਨੇ ਪਿਛਲੇ ਹਫ਼ਤੇ ਭਾਰਤ 'ਤੇ 25 ਫੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਸੀ, ਜੋ 7 ਅਗਸਤ ਤੋਂ ਲਾਗੂ ਹੋ ਗਿਆ ਹੈ। ਵਾਧੂ 25 ਫੀਸਦੀ ਟੈਕਸ 21 ਦਿਨਾਂ ਬਾਅਦ ਭਾਵ 27 ਅਗਸਤ ਤੋਂ ਅਮਲ ਵਿਚ ਆਏਗਾ। ਵ੍ਹਾਈਟ ਹਾਊਸ 'ਚ ਇਕ ਸਮਾਗਮ ਵਿਚ ਐਪਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਟਿਮ ਕੁੱਕ, ਉਪ ਰਾਸ਼ਟਰਪਤੀ ਜੇਡੀ ਵਾਂਸ, ਵਿੱਤ

# ਟਰੰਪ ਰੂਸ-ਯੂਕਰੇਨ ਜੰਗ ਲਈ ਫੰਡਿੰਗ ਕਰਨਾ ਚਾਹੁੰਦੈ ਬੰਦ !

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਚਾਹੁੰਦੇ ਹਨ ਕਿ ਸੰਯੁਕਤ ਰਾਜ ਅਮਰੀਕਾ ਰੂਸ-ਯੂਕਰੇਨ ਯੁੱਧ ਲਈ ਫੰਡਿੰਗ ਬੰਦ ਕਰ ਦੇਵੇ। ਇਸ ਦੇ ਨਾਲ ਹੀ ਇਹ ਵੀ ਕਿਹਾ ਕਿ ਵਾਸ਼ਿੰਗਟਨ ਔਸਤ ਅਮਰੀਕੀ ਟੈਕਸਦਾਤਾਵਾਂ ਦੀਆਂ ਇੰਨੀਆਂ ਜ਼ਿਆਦਾ ਰਕਮਾਂ ਖਰਚ ਕਰਕੇ 'ਥੱਕ' ਗਿਆ ਹੈ, ਕਿਉਂਕਿ ਅਮਰੀਕੀ ਅਰਥਵਿਵਸਥਾ ਖੁਦ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ।

ਵੈਂਸ ਨੇ ਇਕ ਨਿਊਜ਼ ਚੈਨਲ ਨੂੰ ਦੱਸਿਆ ਕਿ ਰਾਸ਼ਟਰਪਤੀ ਅਤੇ ਮੈਂ ਨਿਸ਼ਚਤ ਤੌਰ 'ਤੇ ਸੋਚਦੇ ਹਾਂ ਕਿ ਅਮਰੀਕਾ, ਯੂਕਰੇਨ ਯੁੱਧ ਕਾਰੋਬਾਰ ਨੂੰ ਫੰਡਿੰਗ ਦੇ ਰਿਹਾ ਹੈ। ਅਸੀਂ ਇਸ ਚੀਜ਼ ਦਾ ਸ਼ਾਂਤੀਪੂਰਨ ਹੱਲ ਲਿਆਉਣਾ ਚਾਹੁੰਦੇ ਹਾਂ। ਅਸੀਂ ਕਤਲੇਆਮ ਨੂੰ ਰੋਕਣਾ ਚਾਹੁੰਦੇ ਹਾਂ। ਪਰ ਅਮਰੀਕੀ, ਮੈਨੂੰ ਲੱਗਦਾ ਹੈ ਕਿ, ਇਸ ਖਾਸ ਟਕਰਾਅ ਲਈ ਆਪਣੇ ਪੈਸੇ, ਆਪਣੇ ਟੈਕਸ ਡਾਲਰ ਭੇਜਣ ਤੋਂ ਥੱਕ ਗਏ ਹਨ। ਇਹ ਇੰਟਰਵਿਊ ਲੰਡਨ ਦੀ ਆਪਣੀ ਫੇਰੀ ਅਤੇ ਯੂ.ਕੇ. ਦੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨਾਲ ਮੁਲਾਕਾਤ ਦੌਰਾਨ ਵੈਂਸ ਦੀ ਯੂਰਪੀਅਨ ਅਤੇ ਯੂਕਰੇਨੀ ਨੇਤਾਵਾਂ ਨਾਲ ਮੁਲਾਕਾਤ ਤੋਂ ਬਾਅਦ ਆਇਆ ਹੈ।

ਉਨ੍ਹਾਂ ਦੀ ਯੂ.ਕੇ. ਯਾਤਰਾ ਦਾ ਉਦੇਸ਼ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਰਾਸ਼ਟਰਪਤੀ ਟਰੰਪ ਵਿਚਕਾਰ ਸ਼ੁੱਕਰਵਾਰ ਨੂੰ ਅਲਾਸਕਾ 'ਚ ਹੋਣ ਵਾਲੀ ਮੀਟਿੰਗ ਲਈ ਮੰਚ ਤਿਆਰ ਕਰਨਾ ਸੀ, ਜਿੱਥੇ ਕੀਵ ਅਤੇ ਮਾਸਕੋ ਵਿਚਕਾਰ ਟਕਰਾਅ ਨੂੰ ਹੱਲ ਕਰਨਾ ਏਜੰਡੇ ਦੇ ਸਿਖਰ 'ਤੇ ਹੋਣ ਦੀ ਉਮੀਦ ਹੈ। ਜੇਕਰ ਅਮਰੀਕਾ ਪਿੱਛੇ ਹਟਦਾ ਹੈ, ਤਾਂ ਯੁੱਧ ਲਈ ਵਿੱਤ ਪ੍ਰਦਾਨ ਕਰਨਾ ਜਾਰੀ ਰੱਖਣ ਦੇ ਯੂਰਪ ਦੇ ਇਰਾਦਿਆਂ 'ਤੇ ਬੋਲਦੇ ਹੋਏ, ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੈ, ਪਰ ਉਹ ਇਸ ਵਿਚ ਸ਼ਾਮਲ ਨਹੀਂ ਹੋਣਗੇ।

ਉਨ੍ਹਾਂ ਕਿਹਾ ਕਿ ਜੇ ਯੂਰਪੀ ਲੋਕ ਅਮਰੀਕੀ ਉਤਪਾਦਕਾਂ ਤੋਂ ਹਥਿਆਰ ਖਰੀਦਣਾ ਚਾਹੁੰਦੇ ਹਨ, ਤਾਂ ਅਸੀਂ ਇਸ ਨਾਲ ਠੀਕ ਹਾਂ। ਪਰ ਅਸੀਂ ਹੁਣ ਖੁਦ ਇਸ ਲਈ ਫੰਡ ਨਹੀਂ ਦੇਵਾਂਗੇ। ਵੈਂਸ ਨੇ ਕਿਹਾ ਕਿ ਟਰੰਪ ਨੂੰ ਯਕੀਨ ਹੈ ਕਿ 15 ਅਗਸਤ ਨੂੰ ਅਲਾਸਕਾ ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਉਨ੍ਹਾਂ ਦੀ ਆਉਣ ਵਾਲੀ ਮੁਲਾਕਾਤ 'ਕੋਸ਼ਿਸ਼ ਦੇ ਯੋਗ ਹੈ।' ਹੋ ਸਕਦਾ ਹੈ ਕਿ ਇਹ ਕੰਮ ਕਰੇ, ਸ਼ਾਇਦ ਨਾ ਕਰੇ, ਪਰ ਇਹ ਕੋਸ਼ਿਸ਼ ਦੇ ਯੋਗ ਹੈ; ਇਹ ਕੋਸ਼ਿਸ਼ ਕਰਨ ਦੇ ਯੋਗ ਹੈ। ਟਰੰਪ ਨੇ ਪਹਿਲਾਂ ਟਕਰਾਅ ਨੂੰ ਖਤਮ ਕਰਨ ਲਈ "ਦੋਵਾਂ ਧਿਰਾਂ ਦੀ ਬਿਹਤਰੀ ਲਈ ਕੁਝ ਖੇਤਰਾਂ ਦੀ ਅਦਲਾ-ਬਦਲੀ" ਨੂੰ ਹਰੀ ਝੰਡੀ ਦਿੱਤੀ ਸੀ ਅਤੇ ਕਿਹਾ ਸੀ ਕਿ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੂੰ ਯੂਕਰੇਨੀ ਕਾਨੂੰਨ ਦੇ ਤਹਿਤ ਅਜਿਹੇ ਸਮਝੌਤੇ ਨੂੰ ਮਨਜ਼ੂਰੀ ਦੇਣ ਦਾ ਤਰੀਕਾ ਲੱਭਣ ਦੀ ਜ਼ਰੂਰਤ ਹੋਏਗੀ। ਜ਼ੇਲੇਂਸਕੀ ਨੇ ਕਿਸੇ ਵੀ ਸਮਝੌਤੇ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਵਿਚ ਯੂਕਰੇਨੀ ਖੇਤਰਾਂ ਨੂੰ ਰੂਸ ਤੋਂ ਵੱਖ ਕੀਤਾ ਗਿਆ ਹੋਵੇ, ਪਹਿਲਾਂ ਕਿਹਾ ਸੀ ਕਿ ਕੀਵ ਦੀ ਖੇਤਰੀ ਪ੍ਰਭੂਸੱਤਾ 'ਗੈਰ-ਸਮਝੌਤਾਯੋਗ' ਸੀ।







# ਸਰੀ ਸਥਿਤ ਕਪਿਲ ਸ਼ਰਮਾ ਦੇ ਕੈਫੇ 'ਤੇ ਮੁੜ ਗੋਲੀਬਾਰੀ

**■ ਕੈਫੇ 'ਤੇ ਮਹੀਨੇ 'ਚ ਦੂਜੀ ਵਾਰ ਹਮਲਾ; ਗੈਂਗਸਟਰ ਗੋਲਡੀ ਢਿੱਲੋਂ ਨੇ ਲਈ ਹਮਲੇ ਦੀ ਜ਼ਿੰਮੇਵਾਰੀ**




ਟੋਰਾਂਟੋ, (ਪੰਜਾਬ ਮੇਲ)- ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਬੌਲੀਵੁੱਡ ਅਦਾਕਾਰ ਅਤੇ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫੇ 'ਤੇ ਦੂਜੀ ਵਾਰ ਹਮਲਾ ਕਰਦਿਆਂ ਸਵੇਰੇ ਤੜਕੇ ਗੋਲੀਆਂ ਚਲਾਈਆਂ ਗਈਆਂ।

ਸਥਾਨਕ ਨਿਵਾਸੀਆਂ ਦੇ ਅਨੁਸਾਰ 85 ਐਵੇਨਿਊ ਅਤੇ ਸਕਾਟ ਰੋਡ ਦੇ ਚੌਰਾਹੇ 'ਤੇ ਸਥਿਤ ਕੈਫੇ, ਕੈਪਸ ਕੈਫੇ 'ਤੇ ਸਵੇਰੇ 4:30 ਵਜੇ ਹਮਲਾ ਕੀਤਾ ਗਿਆ। ਇਸ ਘਟਨਾ ਵਿਚ ਕਿਸੇ ਨੂੰ ਵੀ ਸੱਟ ਨਹੀਂ ਲੱਗੀ। ਕੈਫੇ ਨੂੰ ਹੋਏ ਨੁਕਸਾਨ ਦੇ ਵੇਰਵਿਆਂ ਦੀ ਵੀ ਉਡੀਕ ਹੈ।

ਸੋਸ਼ਲ ਮੀਡੀਆ 'ਤੇ ਗੈਂਗਸਟਰ ਗੋਲਡੀ ਢਿੱਲੋਂ, ਜੋ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧ ਹੋਣ ਦਾ ਦਾਅਵਾ ਕਰਦਾ ਹੈ, ਨੇ ਹਮਲੇ ਦੀ ਜ਼ਿੰਮੇਵਾਰੀ ਲਈ। ਸੋਸ਼ਲ ਮੀਡੀਆ 'ਤੇ ਇੱਕ ਅਣ-ਪ੍ਰਮਾਣਿਤ ਪੋਸਟ ਅਨੁਸਾਰ "ਜੈ ਸ਼੍ਰੀ ਰਾਮ। ਸਤਿ ਸ਼੍ਰੀ ਅਕਾਲ, ਸਾਰੇ ਭਰਾਵਾਂ ਨੂੰ ਰਾਮ ਰਾਮ। ਸਰੀ ਵਿਚ ਕਪਿਲ ਸ਼ਰਮਾ ਦੇ ਕੈਪਸ ਕੈਫੇ ਵਿਚ ਹੋਈ ਗੋਲੀਬਾਰੀ ਦਾ ਦਾਅਵਾ ਗੋਲਡੀ ਢਿੱਲੋਂ ਨੇ ਕੀਤਾ ਹੈ, ਜੋ ਕਿ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਹੈ। ਅਸੀਂ ਉਸ ਨੂੰ ਫੋਨ ਕੀਤਾ ਪਰ ਉਸ ਨੇ ਫੋਨ ਦਾ ਜਵਾਬ ਨਹੀਂ ਦਿੱਤਾ, ਇਸ ਲਈ ਸਾਨੂੰ ਕਾਰਵਾਈ ਕਰਨੀ ਪਈ। ਜੇਕਰ ਉਹ ਫਿਰ ਵੀ ਜਵਾਬ ਨਹੀਂ ਦਿੰਦਾ ਹੈ, ਤਾਂ ਅਸੀਂ ਜਲਦੀ ਹੀ ਮੁੰਬਈ ਵਿਚ ਅਗਲੀ ਕਾਰਵਾਈ ਕਰਾਂਗੇ।"

ਸਥਾਨਕ ਲੋਕਾਂ ਨੇ ਦਾਅਵਾ ਕੀਤਾ ਕਿ ਘੱਟੋ-ਘੱਟ 6 ਗੋਲੀਆਂ ਚਲਾਈਆਂ ਗਈਆਂ ਸਨ ਅਤੇ ਇਮਾਰਤ ਦੀਆਂ ਖਿੜਕੀਆਂ ਨੁਕਸਾਨੀਆਂ ਗਈਆਂ।

10 ਜੁਲਾਈ ਨੂੰ ਸਵੇਰੇ 1:50 ਵਜੇ ਦੇ ਕਰੀਬ ਇੱਕ ਅਜਿਹਾ ਹੀ ਹਮਲਾ ਹੋਇਆ ਸੀ। ਕੈਪਸ ਕੈਫੇ 'ਤੇ ਕਈ ਗੋਲੀਆਂ ਚਲਾਈਆਂ ਗਈਆਂ ਸਨ, ਜਿਸ ਵਿਚ ਕੈਫੇ ਦੀਆਂ ਖਿੜਕੀਆਂ ਵਿਚ ਘੱਟੋ-ਘੱਟ ਨੌਂ ਤੋਂ ਬਾਰਾਂ ਗੋਲੀਆਂ ਦੇ ਛੇਕ ਦਿਖਾਈ ਦੇ ਰਹੇ ਸਨ। ਜਦੋਂ ਕਿ ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ। ਪਾਬੰਦੀਸ਼ੁਦਾ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਦੇ ਜਰਮਨੀ-ਆਧਾਰਿਤ ਸੰਚਾਲਕ ਅਤੇ ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਦੀ ਸੂਚੀ ਵਿਚ ਇੱਕ ਲੋੜੀਂਦੇ ਅੱਤਵਾਦੀ ਹਰਜੀਤ ਸਿੰਘ ਲਾਡੀ ਨੇ ਉਦੋਂ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਸੀ। ਸਥਾਨਕ ਪੁਲਿਸ ਨੇ ਅਜੇ ਵੀ ਇਸ ਦਾਅਵੇ ਦੀ ਪੁਸ਼ਟੀ ਨਹੀਂ ਕੀਤੀ ਹੈ।

ਕੈਪਸ ਕੈਫੇ ਨੇ ਇੰਸਟਾਗ੍ਰਾਮ 'ਤੇ ਇੱਕ ਬਿਆਨ ਜਾਰੀ ਕਰਦਿਆਂ ਸਦਮੇ ਦਾ ਪ੍ਰਗਟਾਵਾ ਕੀਤਾ ਸੀ ਪਰ ਨਾਲ ਹੀ ਇਹ ਕਿਹਾ, "ਅਸੀਂ ਸੁਆਦੀ ਕੌਫੀ ਅਤੇ ਦੋਸਤਾਨਾ ਗੱਲਬਾਤ ਰਾਹੀਂ ਨਿੱਘ, ਭਾਈਚਾਰਾ ਅਤੇ ਖੁਸ਼ੀ ਲਿਆਉਣ ਦੀ ਉਮੀਦ ਨਾਲ ਕੈਪਸ ਕੈਫੇ ਖੋਲ੍ਹਿਆ। ਉਸ ਸੁਪਨੇ ਨਾਲ ਹਿੰਸਾ ਦਾ ਮੇਲ ਹੋਣਾ ਦਿਲ ਤੋੜਨ ਵਾਲਾ ਹੈ। ਅਸੀਂ ਇਸ ਸਦਮੇ ਨੂੰ ਸੰਭਾਲ ਰਹੇ ਹਾਂ, ਪਰ ਅਸੀਂ ਹਾਰ ਨਹੀਂ ਮੰਨ ਰਹੇ।"

ਵਿਵਾਦਪੂਰਨ ਨਾਮਜ਼ਦ ਅੱਤਵਾਦੀ ਅਤੇ ਐੱਸ.ਐੱਫ.ਜੇ. ਨੇਤਾ, ਗੁਰਪਤਵੰਤ ਸਿੰਘ ਪੰਨੂ ਨੇ ਬਾਅਦ ਵਿਚ ਕਾਮੇਡੀਅਨ ਕਪਿਲ ਸ਼ਰਮਾ ਨੂੰ ਧਮਕੀ ਦਿੰਦਿਆਂ ਕਿਹਾ ਸੀ, "ਕੈਨੇਡਾ ਤੁਹਾਡਾ ਖੇਡ ਦਾ ਮੈਦਾਨ ਨਹੀਂ ਹੈ' ਅਤੇ ਉਸ ਨੂੰ 'ਆਪਣੀ ਖੂਨ ਦੀ ਕਮਾਈ ਹਿੰਦੁਸਤਾਨ ਵਾਪਸ ਲੈ ਜਾਣ' ਲਈ ਕਿਹਾ ਸੀ।

10 ਜੁਲਾਈ ਦੇ ਹਮਲੇ ਤੋਂ ਕੁਝ ਦਿਨ ਪਹਿਲਾਂ ਖੁੱਲ੍ਹਿਆ ਕੈਫੇ ਬਾਅਦ ਵਿਚ ਬੰਦ ਕਰ ਦਿੱਤਾ ਗਿਆ ਸੀ। ਇਹ 20 ਜੁਲਾਈ ਨੂੰ ਮੁੜ ਖੁੱਲ੍ਹਿਆ ਸੀ। ਇਸੇ ਦੌਰਾਨ ਬਿਆਨ ਵਿਚ ਸਰੀ ਪੁਲਿਸ ਨੇ ਖੁਲਾਸਾ ਕੀਤਾ ਕਿ ਉਸ ਦੀ ਫਰੰਟਲਾਈਨ ਇੰਵੈਸਟੀਗੇਟਿਵ ਸਪੋਰਟ (ਐੱਫ.ਐੱਲ.ਆਈ.ਐੱਸ.) ਟੀਮ ਨੇ ਘਟਨਾ ਦੀ ਜਾਂਚ ਸੰਭਾਲ ਲਈ ਹੈ। ਬਿਆਨ ਵਿਚ ਕਿਹਾ ਗਿਆ ਕਿ ਕਈ ਐੱਸ.ਪੀ.ਐੱਸ. ਪੁਲਿਸ ਸਰੋਤਾਂ ਅਤੇ ਡੈਲਟਾ ਪੁਲਿਸ ਵਿਭਾਗ ਦੀਆਂ ਇਕਾਈਆਂ ਨੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਉਨ੍ਹਾਂ ਪੁਸ਼ਟੀ ਕੀਤੀ ਕਿ ਕਈ ਗੋਲੀਆਂ ਚਲਾਈਆਂ ਗਈਆਂ, ਜਿਸ ਨਾਲ ਖਿੜਕੀਆਂ ਅਤੇ ਇਮਾਰਤ ਨੂੰ ਨੁਕਸਾਨ ਪਹੁੰਚਿਆ ਪਰ ਖੁਸ਼ਕਿਸਮਤੀ ਨਾਲ ਇਮਾਰਤ ਵਿਚ ਮੌਜੂਦ ਸਟਾਫ ਜ਼ਖਮੀ ਨਹੀਂ ਹੋਇਆ।

# ਡਾ. ਬਲਜਿੰਦਰ ਸੇਖੋਂ ਨੂੰ ਦਿੱਤੀ ਗਈ ਪ੍ਰਭਾਵਸ਼ਾਲੀ ਭਾਵ-ਭਿੰਨੀ ਸ਼ਰਧਾਂਜਲੀ



ਬਰੈਂਪਟਨ, (ਡਾ. ਝੰਡ/ਪੰਜਾਬ ਮੇਲ) -ਡਾ. ਬਲਜਿੰਦਰ ਸਿੰਘ ਸੇਖੋਂ ਜੋ 30 ਜੂਨ ਨੂੰ ਪੰਜਾਬ ਦੇ ਬਠਿੰਡਾ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ, ਨੂੰ ਯਾਦ ਕਰਦਿਆਂ ਐਤਵਾਰ 27 ਜੁਲਾਈ ਨੂੰ 'ਐੱਮਬੈਸੀ ਗਰੈਂਡ ਕਨਵੈਨਸ਼ਨ ਸੈਂਟਰ' ਵਿਚ ਰੱਖੇ ਗਏ ਸ਼ਰਧਾਂਜਲੀ ਸਮਾਗਮ ਵਿਚ ਬਰੈਂਪਟਨ ਦੀਆਂ ਸਾਹਿਤਕ, ਸਮਾਜਿਕ, ਸੱਭਿਆਚਾਰਕ ਤੇ ਹੋਰ ਕਈ ਜੱਥੇਬੰਦੀਆਂ ਵੱਲੋਂ ਭਾਵਪੂਰਤ ਸ਼ਰਧਾਂਜਲੀ ਭੇਂਟ ਕੀਤੀ ਗਈ। ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਕਿੱਤੇ ਵਜੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਲੰਮਾਂ ਸਮਾਂ ਰਹੇ ਕੀਟ-ਵਿਗਿਆਨ ਦੇ ਪ੍ਰੋਫ਼ੈਸਰ, ਸੋਚ ਪੱਖੋਂ ਤਰਕਸ਼ੀਲ ਅਤੇ ਸ਼ੌਕ ਵਜੋਂ ਲੇਖਕ ਤੇ ਪੱਤਰਕਾਰ ਡਾ. ਬਲਜਿੰਦਰ ਸੇਖੋਂ ਦੇ ਇਸ ਪ੍ਰਭਾਵਸ਼ਾਲੀ ਸ਼ਰਧਾਂਜਲੀ ਵਿਚ ਬਰੈਂਪਟਨ ਦੀਆਂ ਦਰਜਨ ਤੋਂ ਵਧੇਰੇ ਜਥੇਬੰਦੀਆਂ ਦੇ ਆਗੂਆਂ ਅਤੇ ਅਹਿਮ ਸ਼ਖਸੀਅਤਾਂ ਨੇ ਸਮਾਗਮ 'ਚ ਸ਼ਾਮਲ ਸਰੋਤਿਆਂ ਨੂੰ ਸੰਬੋਧਨ ਕੀਤਾ।

ਬੁਲਾਰਿਆਂ ਵਿਚ ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਦੇ ਕੌਮੀ ਪ੍ਰਧਾਨ ਬਲਦੇਵ ਰਹਿਪਾ, ਮੀਤ-ਪ੍ਰਧਾਨ ਬਲਵਿੰਦਰ ਸਿੰਘ ਬਰਨਾਲਾ, ਅਮਰਦੀਪ, ਸੋਹਨ ਢੀਂਡਸਾ, 'ਪੰਜਾਬੀ ਕਲਮਾਂ ਦਾ ਕਾਫ਼ਲਾ' ਤੋਂ ਕੁਲਵਿੰਦਰ ਖਹਿਰਾ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਤੋਂ ਮਲੂਕ ਸਿੰਘ ਕਾਹਲੋਂ, 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼' ਤੋਂ ਜੰਗੀਰ ਸਿੰਘ ਸੈਂਹਬੀ, 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ, ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ ਓਨਟਾਰੀਓ ਤੋਂ ਡਾ. ਹਰਦੀਪ ਸਿੰਘ ਅਟਵਾਲ, 'ਪੰਜਾਬੀ ਸੱਭਿਆਚਾਰ ਮੰਚ' ਤੋਂ ਬਲਦੇਵ ਸਿੰਘ ਸਹਿਦੇਵ, 'ਪੰਜਾਬੀ ਯੂਨੀਵਰਸਿਟੀ ਪਟਿਆਲਾ ਅਲੂਮਿਨੀ ਐਸੋਸੀਏਸ਼ਨ ਤੋਂ ਪਰਮਜੀਤ ਸਿੰਘ ਗਿੱਲ, 'ਪੰਜਾਬ ਆਰਟਸ ਐਸੋਸੀਏਸ਼ਨ ਤੇ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ' ਤੋਂ ਕੁਲਦੀਪ ਸਿੰਘ ਰੰਧਾਵਾ, 'ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ' ਤੋਂ ਪ੍ਰੋ. ਜਗੀਰ ਸਿੰਘ ਕਾਹਲੋਂ, 'ਰੇਡੀਓ ਸਰਗਮ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਮਾਜ-ਸੇਵਕ ਇੰਦਰਜੀਤ ਸਿੰਘ ਬੱਲ, ਡਾ. ਸੇਖੋਂ ਦੇ ਦੋਸਤ ਤੇ ਕਈ ਹੋਰ ਸ਼ਾਮਲ ਸਨ। ਆਪਣੇ ਸੰਬੋਧਨਾਂ ਵਿਚ ਉਨ੍ਹਾਂ ਵੱਲੋਂ ਡਾ. ਸੇਖੋਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਯਾਦ ਕੀਤਾ ਗਿਆ। ਰੇਡੀਓ 'ਪੰਜਾਬ ਦੀ ਗੂੰਜ' ਦੇ ਸੰਚਾਲਕ ਕੁਲਦੀਪ ਦੀਪਕ ਜੋ ਉਸ ਦਿਨ ਬਰੈਂਪਟਨ ਤੋਂ ਬਾਹਰ ਹੋਣ ਕਾਰਨ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਨਾ ਹੋ ਸਕੇ, ਨੇ ਆਪਣਾ ਸ਼ੋਕ-ਸੁਨੇਹਾ ਬਲਦੇਵ ਰਹਿਪਾ ਨੂੰ ਵੱਟਸੈਪ 'ਤੇ ਆਡੀਓ ਮੈਸੇਜ ਰਾਹੀਂ ਭੇਜਿਆ। ਇਸ ਦੌਰਾਨ ਦੇਸ਼-ਵਿਦੇਸ਼ ਤੋਂ ਹੋਰ ਵੀ ਕਈ ਸ਼ੋਕ-ਸੰਦੇਸ਼ ਪਹੁੰਚੇ ਜੋ ਸਟੇਜ-ਸਕੱਤਰ ਅਮਰਦੀਪ ਵੱਲੋਂ ਪੜ੍ਹ ਕੇ ਸੁਣਾਏ ਗਏ।

ਸ਼ੋਕ ਸਮਾਗਮ 'ਚ ਸਾਮਲ ਹੋਏ ਡਾ: ਸੇਖੋਂ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਉਨ੍ਹਾਂ ਦੀ ਨੂੰਹ ਕਮਲ ਸੇਖੋਂ ਨੇ ਸਮਾਗਮ ਵਿਚ ਪਹੁੰਚੇ ਡਾ. ਸੇਖੋਂ ਦੇ ਸਭਨਾਂ ਹਿਤੈਸ਼ੀਆਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਦੀ ਸੋਚ ਤੇ ਮਿਸ਼ਨ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਅਗਾਂਹਵਧੂ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਡਾ. ਸੇਖੋਂ ਦੀਆ ਲਿਖੀਆਂ ਹੋਈਆਂ ਪੁਸਤਕਾਂ ਵੀ ਪੜ੍ਹਨ ਦੀ ਅਪੀਲ ਕੀਤੀ ਗਈ। ਵੱਡੀ ਗਿਣਤੀ ਵਿਚ ਸੱਜਣ-ਸਨੇਹੀਆਂ ਤੇ ਪਤਵੰਤਿਆਂ ਵੱਲੋਂ ਇਸ ਸ਼ੋਕ-ਸਮਾਗਮ ਵਿਚ ਹਾਜ਼ਰੀ ਲਵਾਈ ਗਈ। ਬਲਦੇਵ ਸਿੰਘ ਰਹਿਪਾ ਵੱਲੋਂ ਸਮੂਹ ਜੱਥੇਬੰਦੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਵਧੀਆ ਸੇਵਾਵਾਂ ਦੇਣ ਲਈ ਉਨ੍ਹਾਂ ਨੇ ਐੱਮਬੈਸੀ ਗਰੈਂਡ ਕਨਵੈਨਸ਼ਨ ਸੈਂਟਰ ਦੇ ਪ੍ਰਬੰਧਕਾਂ ਦਾ ਵੀ ਧੰਨਵਾਦ ਕੀਤਾ। ਸਮਾਗਮ ਦੌਰਾਨ ਪ੍ਰਬੰਧਕਾਂ ਵੱਲੋਂ ਮਿੱਠੇ ਤੇ ਨਮਕੀਨ ਲੰਗਰ ਦਾ ਪ੍ਰਬੰਧ ਕੀਤਾ ਗਿਆ।

# ਐਬਟਸਫੋਰਡ 'ਚ ਪ੍ਰੇਮ ਦੀ ਲਹਿਰ ਸਮਾਗਮ- ਨਿਮਰਤਾ, ਦਇਆ ਤੇ ਸਾਂਝੀਵਾਲਤਾ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਦਾ ਸੱਦਾ

ਐਬਟਸਫੋਰਡ, (ਹਰਦਮ ਮਾਨ/ ਪੰਜਾਬ ਮੇਲ)- ਸ੍ਰੀ ਗੁਰੂ ਗਰੰਥ ਸਾਹਿਬ ਦਰਬਾਰ ਅਤੇ 'ਹਿਊਮਲਟੀ, ਕਾਈਂਡਨੈਸ ਐਂਡ ਲਵ ਫਾਊਂਡੇਸ਼ਨ' ਵੱਲੋਂ ਨਿਮਰਤਾ, ਦਇਆ ਅਤੇ ਪ੍ਰੇਮ ਦੀ ਲਹਿਰ ਤਹਿਤ ਇਕ ਕੌਮਾਂਤਰੀ ਸਮਾਗਮ ਬੀਤੇ ਸ਼ਨੀਵਾਰ ਐਬਟਸਫੋਰਡ ਸੈਂਟਰ ਵਿਖੇ ਕਰਵਾਇਆ ਗਿਆ। ਇਸ ਵਿਚ ਵਿਸ਼ਵ ਭਰ ਤੋਂ ਪਹੁੰਚੇ ਵਿਦਵਾਨਾਂ ਤੇ ਧਾਰਮਿਕ ਸ਼ਖ਼ਸੀਅਤਾਂ ਨੇ ਪਿਆਰ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।

ਸੰਤ ਬਾਬਾ ਬਲਦੇਵ ਸਿੰਘ ਨੇ ਆਏ ਵਿਦਵਾਨਾਂ ਅਤੇ ਸੰਗਤ ਦਾ ਸਵਾਗਤ ਕੀਤਾ ਤੇ ਇਸ ਇਤਿਹਾਸਕ ਕਾਨਫਰੰਸ ਵਿਚ ਸ਼ਮੂਲੀਅਤ ਕਰਕੇ ਮਹਾਨ ਪਲਾਂ ਦੇ ਰੂਬਰੂ ਹੋਣ ਲਈ ਧੰਨਵਾਦ ਕੀਤਾ। ਸਮਾਗਮ ਦੌਰਾਨ ਸੰਤ ਬਾਬਾ ਬਲਦੇਵ ਸਿੰਘ, ਡਾ. ਅੰਨਾ ਸਟੀਵਾਰਟ (ਪਨਾਮਾ ਯੂ.ਐੱਸ.ਏ.), ਡਾ. ਲੁਇਗੀ ਡੀ ਸਾਲਵੀਆ (ਇਟਲੀ), ਮੇਅਰ ਮਾਈਕਲ ਗੁਏਰਾ, ਸਿੱਖ ਵਿਦਵਾਨ ਹਰਿੰਦਰ ਸਿੰਘ ਤੋਂ ਇਲਾਵਾ ਕਈ ਹੋਰ ਵਿਦਵਾਨ ਬੁਲਾਰਿਆਂ ਨੇ ਨਿਮਰਤਾ ਤੇ ਪਿਆਰ ਦੇ ਸੰਦੇਸ਼ ਨਾਲ ਮਨੁੱਖੀ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਵੱਖ-ਵੱਖ ਵਿਸ਼ਿਆਂ ਉਪਰ ਪੈਨਲ ਡਿਸਕਸ਼ਨ ਵੀ ਹੋਈ ਤੇ ਸੰਗਤ ਦੇ ਮਨਾਂ ਵਿਚ ਉਪਜੇ ਸਵਾਲਾਂ ਦਾ ਨਿਵਾਰਣ ਵੀ ਕੀਤਾ। ਇਸ ਮੌਕੇ ਬਾਬਾ ਜੀ ਵੱਲੋਂ ਵਿਸ਼ਵ ਭਰ ਦੇ ਵੱਖ-ਵੱਖ ਸ਼ਹਿਰਾਂ ਵਾਸਤੇ ਸ਼ਾਂਤੀ ਅਤੇ ਪਿਆਰ ਦੇ ਅੰਬੈਸਡਰਾਂ ਦੀ ਨਿਯੁਕਤੀ ਵੀ ਕੀਤੀ ਗਈ। ਇਹ ਨਿਯੁਕਤੀ ਸਾਈਨ




ਚੀਫ ਫਿਲ ਲੇਨ ਜੂਨੀਅਰ ਵੱਲੋਂ ਪ੍ਰਦਾਨ ਕੀਤੇ ਗਏ।

ਸਮਾਗਮ ਦੌਰਾਨ ਸਿਆਸੀ ਆਗੂਆਂ ਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਹਾਜ਼ਰੀ ਭਰੀ ਤੇ ਧਾਰਮਿਕ ਹਸਤੀਆਂ ਦਾ ਆਸ਼ੀਰਵਾਦ ਲਿਆ। ਸਮਾਗਮ ਵਿਚ ਐੱਮ.ਪੀ. ਸੁਖ ਧਾਲੀਵਾਲ, ਐੱਮ.ਪੀ. ਰਣਦੀਪ ਸਿੰਘ ਸਰਾਏ, ਐੱਮ.ਪੀ. ਟਿੰਮ ਉਪਲ, ਐੱਮ.ਪੀ. ਸੁਖਮਨ ਗਿੱਲ, ਐੱਮ.ਪੀ. ਟਮੈਰਾ ਜੈਨਸਨ, ਐੱਮ.ਐੱਲ.ਏ. ਮਨਦੀਪ ਧਾਲੀਵਾਲ, ਐੱਮ.ਐੱਲ.ਏ. ਹਰਮਨ ਭੰਗੂ, ਐੱਮ.ਐੱਲ.ਏ. ਬਰੂਸ ਬੈਨਮੈਨ, ਐੱਮ.ਐੱਲ.ਏ. ਕੋਰਕੀ ਨਿਊਫੈਲਡ, ਐੱਮ.ਐੱਲ.ਏ. ਰੇਨ ਗੈਸਪਰ, ਕੌਂਸਲਰ ਕੈਲੀ ਚਾਹਲ, ਪਾਕਿਸਤਾਨ ਦੇ ਸਾਬਕਾ ਐੱਮ.ਪੀ. ਰਾਏ ਅਜ਼ੀਜ਼ ਉਲਾ ਖਾਨ, ਅਵਤਾਰ ਸਿੰਘ ਗਿੱਲ, ਕੈਲਗਰੀ ਤੋਂ ਅਵਤਾਰ ਸਿੰਘ ਕਲੇਰ ਤੇ ਹੋਰ ਕਈ ਸ਼ਖ਼ਸੀਅਤਾਂ ਹਾਜ਼ਰ ਸਨ।

ਸਫਾ 1 ਦਾ ਬਾਕੀ

## ਕੈਲੀਫੋਰਨੀਆ 'ਚ 70 ਸਾਲਾ ਸਿੱਖ ਬਜ਼ੁਰਗ...

ਪੁਲਿਸ ਵੱਲੋਂ ਹਾਲੇ ਤੱਕ ਸ਼ੱਕੀ ਦਾ ਕੋਈ ਖਾਸ ਵਰਣਨ ਨਹੀਂ ਕੀਤਾ ਗਿਆ। ਜਾਂਚਕਰਤਾਵਾਂ ਨੇ ਇਸ ਗੱਲ ਦੀ ਕੋਈ ਪੁਸ਼ਟੀ ਨਹੀਂ ਕੀਤੀ ਕਿ ਘਟਨਾ ਸਥਾਨ 'ਤੇ ਕੋਈ ਸੁਰੱਖਿਆ ਕੈਮਰਾ ਸੀ ਜਾਂ ਨਹੀਂ।

ਹਰਪਾਲ ਸਿੰਘ ਇਕ ਸ਼ਾਂਤ ਸੁਭਾਅ ਦੇ ਵਿਅਕਤੀ ਸਨ। ਉਹ ਇਸ ਘਟਨਾ ਸਥਾਨ ਦੇ ਨਜ਼ਦੀਕ ਹੀ ਗੁਰਦੁਆਰਾ ਸਾਹਿਬ ਵਿਚ ਪੈਦਲ ਜਾਇਆ ਕਰਦੇ ਸਨ ਅਤੇ ਪਾਠ ਕਰਦੇ ਸਨ। ਉਨ੍ਹਾਂ ਨੂੰ ਅਕਸਰ ਪੰਛੀਆਂ ਨੂੰ ਦਾਣੇ ਪਾਉਂਦਿਆਂ ਵੀ ਦੇਖਿਆ ਜਾਂਦਾ ਸੀ। ਹਰਪਾਲ ਸਿੰਘ ਪਿੱਛੋਂ ਪੰਜਾਬ ਨਾਲ ਸੰਬੰਧ ਰੱਖਦੇ ਹਨ ਅਤੇ ਇਸ ਵਕਤ ਉਹ ਅਮਰੀਕਾ ਦੇ ਸਿਟੀਜ਼ਨ ਹਨ। ਪੰਜਾਬ ਵਿਚ ਉਹ ਮੈਥੇਮੈਟਿਕਸ ਦੇ ਪ੍ਰੋਫੈਸਰ ਦੀ ਨੌਕਰੀ ਕਰਦੇ ਸਨ। ਇਨ੍ਹਾਂ ਦਾ ਸਾਰਾ ਪਰਿਵਾਰ ਪੜ੍ਹਿਆ-ਲਿਖਿਆ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਖੁਦ ਸਾਰੀ ਉਮਰ ਵਿਆਹ ਨਹੀਂ ਕਰਵਾਇਆ ਸੀ। ਐੱਲ.ਏ. ਪੁਲਿਸ ਵਿਭਾਗ ਇਸ ਘਟਨਾ ਨਾਲ ਸੰਬੰਧਤ ਹਮਲਾਵਰ ਨੂੰ ਫੜਨ ਲਈ ਵੱਖ-ਵੱਖ ਮੁੱਦਿਆਂ 'ਤੇ ਕੰਮ ਕਰ ਰਹੀ ਹੈ। ਪਰ ਹਾਲੇ ਤੱਕ ਪੁਲਿਸ ਦੇ ਹੱਥ ਕੋਈ ਵੀ ਸੁਰਾਗ ਨਹੀਂ ਲੱਗਾ।

ਸਫਾ 1 ਦਾ ਬਾਕੀ

## ਸ਼੍ਰੋਮਣੀ ਅਕਾਲੀ ਦਲ ਵੱਲੋਂ 'ਬਾਗੀ ਧੜੇ' ਨੂੰ...

ਪਾਰਟੀ ਨੇ ਫੈਸਲਾ ਕੀਤਾ ਹੈ ਕਿ ਅਕਾਲੀ ਦਲ ਦਾ ਨਾਂ ਵਰਤਣ ਵਾਲਿਆਂ 'ਤੇ ਹੁਣ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਚੀਮਾ ਨੇ ਕਿਹਾ ਕਿ ਸਾਡੇ ਕੋਲ ਇਲੈਕਸ਼ਨ ਕਮਿਸ਼ਨ ਦਾ ਨੋਟੀਫਿਕੇਸ਼ਨ ਹੈ, ਜਿਸ ਵਿਚ ਬਕਾਇਦਾ ਸਾਨੂੰ ਤੱਕੜੀ ਦਾ ਚੋਣ ਨਿਸ਼ਾਨ ਆਲਾਟ ਕੀਤਾ ਗਿਆ ਹੈ। ਬਾਗੀਆਂ ਨੇ ਨਾ ਸਿਰਫ ਅਕਾਲੀ ਦਲ ਦਾ ਨਾਮ ਵਰਤਿਆ ਹੈ, ਸਗੋਂ ਮੌਜੂਦਾ ਜਥੇਦਾਰ ਸਾਹਿਬ ਦੀ ਗੱਲ ਵੀ ਨਹੀਂ ਮੰਨੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਵਕੀਲਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਚੀਮਾ ਨੇ ਕਿਹਾ ਕਿ ਜਿਸ ਕਿਸੇ ਨੇ ਵੱਖਰੀ ਪਾਰਟੀ ਬਨਾਉਣੀ ਹੈ ਬਣਾਵੇ, ਪਰ ਸਾਡੀ ਪਾਰਟੀ ਦਾ ਨਾਮ ਨਾ ਵਰਤੇ। ਉਨ੍ਹਾਂ ਕਿਹਾ ਕਿ ਹੁਣ ਪਹਿਲਾਂ ਵਾਲੇ ਕੰਮ ਨਹੀਂ ਚੱਲਣਗੇ, ਜੇਕਰ ਕੋਈ ਸਾਨੂੰ ਬਦਨਾਮ ਕਰਦਾ ਹੈ ਅਤੇ ਗਲਤ ਬਿਆਨਬਾਜ਼ੀ ਕਰਦਾ ਹੈ, ਤਾਂ ਹੁਣ ਉਸ ਨੂੰ ਵੀ ਅਦਾਲਤਾਂ ਵਿਚ ਆ ਕੇ ਸਪੱਸ਼ਟੀਕਰਨ ਦੇਣੇ ਪੈਣਗੇ।

# ਦਰਸ਼ਕ ਮਨਾਂ 'ਤੇ ਦੇਰ ਤੱਕ ਛਾਇਆ ਰਹੇਗਾ ਐਬਟਸਫੋਰਡ 'ਚ ਲਾਇਆ 'ਮੇਲਾ ਵਿਰਸੇ ਦਾ'

**■ ਮੇਲੇ 'ਚ ਪੰਜਾਬ ਦੇ ਪੇਂਡੂ ਸੱਭਿਆਚਾਰ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਸਜਾਇਆ ਗਿਆ**



ਸਰੀ, (ਹਰਦਮ ਮਾਨ/ਪੰਜਾਬ ਮੇਲ)- ਪੰਜਾਬੀ ਵਿਰਸੇ ਨੂੰ ਕੈਨੇਡਾ 'ਚ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਸੰਸਥਾ 'ਵਿਰਸਾ ਫਾਊਂਡੇਸ਼ਨ' ਵੱਲੋਂ 9ਵਾਂ ਸਾਲਾਨਾ 'ਮੇਲਾ ਵਿਰਸੇ ਦਾ' ਬੀਤੇ ਦਿਨੀਂ ਐਬਟਸਫੋਰਡ ਸ਼ਹਿਰ ਦੇ ਬਾਹਰਵਾਰ ਰਮਣੀਕ ਪਹਾੜੀਆਂ ਦੀ ਗੋਦ ਵਿਚ ਕਰਵਾਇਆ ਗਿਆ। ਮੇਲੇ ਦੇ ਖੁੱਲ੍ਹੇ ਪੰਡਾਲ ਵਿਚ ਪੰਜਾਬ ਦੇ ਬੇਹੱਦ ਖ਼ੂਬਸੂਰਤ ਅੰਦਾਜ਼ ਵਿਚ ਸਜਾ ਕੇ ਰੱਖੇ ਚਰਖੇ, ਚੱਕੀ, ਮਧਾਣੀ, ਮੰਜੇ, ਮੱਛਰਦਾਨੀ, ਪੁਰਾਣਾ ਚੁੱਲ੍ਹਾ ਚੌਂਕਾ, ਪੰਘੂੜਾ, ਪੀਂਘ, ਖੂਹ, ਵੰਗਾਂ, ਲਲਾਰੀ, ਪ੍ਰਾਇਮਰੀ ਸਕੂਲ ਅਤੇ ਹੋਰ ਕਈ ਦ੍ਰਿਸ਼ ਪੇਂਡੂ ਪੰਜਾਬੀ ਸੱਭਿਆਚਾਰ ਦੀ ਦਿਲਕਸ਼ ਤਸਵੀਰ ਪੇਸ਼ ਕਰ ਰਹੇ ਸਨ ਅਤੇ ਮੇਲੇ ਵਿਚ ਪਹੁੰਚੀਆਂ ਮੇਲਣਾਂ ਨੂੰ ਮੋਹ ਰਹੇ ਸਨ। ਸਮੁੱਚਾ ਮਾਹੌਲ ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਸੱਤਵੇਂ ਦਹਾਕੇ ਦੇ ਕਿਸੇ ਪਿੰਡ ਵਿਚ ਘੁੰਮ ਰਹੇ ਹੋਈਏ। ਇਕ ਪਾਸੇ ਸਜਾਈ ਵਿਸ਼ਾਲ ਸਟੇਜ ਉੱਪਰ ਵੱਖ-ਵੱਖ ਗਾਇਕਾਂ ਅਤੇ ਹੋਰ ਕਲਾਕਾਰਾਂ ਵੱਲੋਂ ਗੀਤਾਂ, ਕੋਰੀਓਗ੍ਰਾਫੀਆਂ, ਗਿੱਧੇ, ਭੰਗੜੇ, ਜਾਗੋ, ਵਿਆਹ ਵਰਗਾ ਮਾਹੌਲ ਸਿਰਜਿਆ ਜਾ ਰਿਹਾ ਸੀ।

ਦਸ਼ਮੇਸ਼ ਸਕੂਲ ਦੇ ਬੱਚਿਆਂ ਵੱਲੋਂ ਧਾਰਮਿਕ ਸ਼ਬਦ ਦੇ ਗਾਇਨ ਨਾਲ ਮੇਲੇ ਦਾ ਆਗਾਜ਼ ਹੋਇਆ। ਉਪਰੰਤ ਸਕੂਲੀ ਬੱਚੀ ਜਪਜੀ ਵੱਲੋਂ 'ਮਾਂ ਬੋਲੀ ਮੇਰੀ ਪੰਜਾਬੀ' ਕਵਿਤਾ ਸੁਣਾਈ, ਗੁਰਦੇਵ ਕੌਰ ਵੱਲੋਂ ਪੰਜਾਬ ਦੇ ਪੁਰਾਤਨ ਲੋਕ ਸਾਜ਼ 'ਅਲਗੋਜੇ' ਅਤੇ 'ਵੰਝਲੀ' ਨਾਲ ਪੇਸ਼ ਕੀਤੇ ਗੀਤ ਨੇ ਸਰੋਤਿਆਂ ਨੂੰ ਬੇਹੱਦ ਅਨੰਦਿਤ ਕੀਤਾ। ਨੌਜਵਾਨ ਗਾਇਕਾ ਸੁਰਲੀਨਾ ਅਤੇ ਸਾਥਣਾਂ ਵੱਲੋ 'ਚੰਨ ਵੇ ਕਿ ਸ਼ੌਂਕਣ ਮੇਲੇ ਦੀ' ਅਤੇ 'ਗਲੀ ਗਲੀ ਵਣਜਾਰਾ ਫਿਰਦਾ' ਗੀਤਾਂ ਰਾਹੀਂ ਅੱਧਖੜ੍ਹ ਉਮਰ ਦੇ ਸਰੋਤਿਆਂ ਦੀਆਂ ਯਾਦਾਂ ਨੂੰ ਹਲੂਣਿਆ। ਕੈਸ਼ ਤੇ ਪੈਨ ਚਾਹਲ, ਸ਼ਾਂਤੀ ਥੰਮਣ ਤੇ ਮਨਜੀਤ ਉੱਪਲ, ਜਸ ਗਰੇਵਾਲ ਤੇ ਰਜਿੰਦਰ ਕੌਰ ਦੀਆਂ ਜੋੜੀਆਂ ਨੇ ਵੀ ਗੀਤਾਂ ਦੀ ਛਹਿਬਰ ਲਾਈ। ਡਾਂਸ ਅਕੈਡਮੀ ਦੀਆਂ ਮੁਟਿਆਰਾਂ ਵੱਲੋਂ ਪੇਸ਼ ਕੀਤੇ ਗਏ ਗਿੱਧੇ ਅਤੇ ਅਨਮੋਲ ਰਤਨ ਦੀ ਟੀਮ ਵੱਲੋਂ ਪੇਸ਼ ਕੀਤੇ ਭੰਗੜੇ ਨੇ ਸੈਂਕੜੇ ਦਰਸ਼ਕਾਂ ਦੇ ਪੈਰ ਥਿਰਕਣ ਲਾ ਦਿੱਤੇ।

ਉੱਭਰਦੇ ਗਾਇਕ ਸਿਮਰ ਦਿਓਲ, ਏਕ ਨੂਰ ਧਾਲੀਵਾਲ ਅਤੇ ਉੱਘੀ ਗਾਇਕਾ ਦੀਪ ਕੌਰ ਨੇ ਵੀ ਆਪਣੀ ਕਲਾ ਰਾਹੀਂ ਹਾਜ਼ਰੀ ਲਵਾਈ। ਪ੍ਰਸਿੱਧ ਲੋਕ ਗਾਇਕਾ ਕਮਲਜੀਤ ਨੀਰੂ ਨੇ ਆਪਣੇ ਚਰਚਿਤ ਗੀਤ 'ਭਿੱਜ ਗਈ ਕੁੜਤੀ ਲਾਲ ਗਿੱਧੇ ਵਿਚ ਨੱਚਦੀ ਦੀ', 'ਰੂੜਾ ਮੰਡੀ ਜਾਵੇ' ਅਤੇ 'ਸੀਟੀ ਤੇ ਸੀਟੀ ਵੱਜੀ' ਨਾਲ ਕਈਆਂ ਦੇ ਦਿਲਾਂ ਦੀਆਂ ਸੀਟੀਆਂ ਵੱਜਣ ਲਾ ਦਿੱਤੀਆਂ ਅਤੇ ਮੁਟਿਆਰਾਂ ਨੂੰ ਆਪ ਮੁਹਾਰੇ ਨੱਚਣ ਲਾ ਦਿੱਤਾ।

ਮੇਲੇ ਦੇ ਇੱਕ ਕੋਨੇ ਵਿਚ ਸਜਾਏ ਬਾਜ਼ਾਰ 'ਚ ਕੱਪੜਿਆਂ, ਗਹਿਣਿਆਂ ਦੇ ਸਟਾਲ ਲਾਏ ਗਏ। ਗੁਲਾਟੀ ਪਬਲਿਸ਼ਰਜ਼ ਸਰੀ ਵੱਲੋਂ ਸਤੀਸ਼ ਗੁਲਾਟੀ ਅਤੇ ਹਰਦਮ ਮਾਨ ਨੇ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਮੇਲੇ ਦੇ ਸ਼ੌਕੀਨਾਂ ਨੂੰ ਸਾਹਿਤਕ ਕਿਰਤਾਂ ਨਾਲ ਜੁੜ ਕੇ ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਦਾ ਸੱਦਾ ਦਿੱਤਾ। ਨਿਊ ਐਬੀ ਕੁਜ਼ੀਨ ਦੀ ਟੀਮ ਵੱਲੋਂ ਪਰੋਸੇ ਗਏ ਸਵਾਦਲੇ ਭੋਜਨ ਦਾ ਵੀ ਸਾਰਿਆਂ ਨੇ ਆਨੰਦ ਮਾਣਿਆ।

ਮੇਲੇ ਵਿਚ ਪਹੁੰਚ ਕੇ ਨੌਜਵਾਨ ਐੱਮ.ਪੀ. ਸੁਖਮਨ ਗਿੱਲ, ਪ੍ਰਸਿੱਧ ਵਿਦਵਾਨ ਡਾ. ਬਲਵਿੰਦਰ ਕੌਰ ਬਰਾੜ, ਬੀ.ਸੀ. ਦੇ ਪ੍ਰਸਿੱਧ ਬਿਜ਼ਨਸਮੈਨ ਅਤੇ ਸਮਾਜ ਸੇਵਕ ਜੇ. ਮਿਨਹਾਸ, ਦਵਿੰਦਰ ਬਚਰਾ, ਸੋਨੀ ਝਾਵਰ, ਕੈਲ ਦੁਸਾਂਝ, ਨਵਲਪ੍ਰੀਤ ਰੰਗੀ, ਰੇਡੀਓ ਹੋਸਟ ਬਲਜਿੰਦਰ ਅਟਵਾਲ, ਸੁਖਜੀਤ ਹੁੰਦਲ, ਪ੍ਰੋ. ਹਰਿੰਦਰ ਸੋਹੀ, ਡਾ. ਗੁਰਮਿੰਦਰ ਸਿੱਧੂ, ਨਾਵਲਕਾਰ ਹਰਕੀਰਤ ਕੌਰ ਚਾਹਲ, ਮੀਰਾ ਗਿੱਲ, ਜਸਬੀਰ ਮਾਨ, ਡਾ. ਜਸ ਮਲਕੀਤ, ਨਵਜੋਤ ਢਿੱਲੋਂ, ਪ੍ਰੀਤ ਅਟਵਾਲ ਪੂਨੀ, ਨਿਰਮਲ ਗਿੱਲ, ਪਰਮਿੰਦਰ ਸਵੈਚ, ਬਚਿੰਤ ਕੌਰ ਬਰਾੜ, ਲਿਸਬਰਨ ਮੈਨ, ਲਿੰਡਾ ਐਨਸ, ਤ੍ਰਿਪਤ ਅਟਵਾਲ, ਦੇਵ ਸਿੱਧੂ, ਜੈਸ ਗਿੱਲ, ਅਰਸ਼ ਕਲੇਰ, ਟੀ.ਵੀ. ਹੋਸਟ ਕੁਲਦੀਪ ਸਿੰਘ, ਪ੍ਰਭਜੋਤ ਕਾਹਲੋਂ, ਗੁਰਮੀਤ ਬੈਨੀਪਾਲ, ਭੰਗੜਾ ਕੋਚ ਜਸਵੀਰ ਸਿੰਘ, ਮਨਜੀਤ ਖਿੰਦ, ਹਰਨੀਤ, ਮੋਹਨ ਬਚਰਾ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ। ਬਲਜਿੰਦਰ ਗਿੱਲ ਅਤੇ ਹਰਸ਼ਰਨ ਧਾਲੀਵਾਲ ਨੇ ਮੰਚ ਦਾ ਸੰਚਾਲਨ ਬਾਖ਼ੂਬੀ ਅੰਦਾਜ਼ ਵਿਚ ਕੀਤਾ। ਅੰਤ ਵਿਚ ਫਾਊਂਡੇਸ਼ਨ ਦੀ ਪ੍ਰਧਾਨ ਧਰਮਵੀਰ ਧਾਲੀਵਾਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਸਾਰੇ ਸਹਿਯੋਗੀਆਂ, ਸਪਾਂਸਰਾਂ ਅਤੇ ਦਰਸ਼ਕਾਂ-ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

## ਚੋਣ ਕਮਿਸ਼ਨ ਵੱਲੋਂ 334 ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸੂਚੀ 'ਚੋਂ ਹਟਾਇਆ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਉਸ ਨੇ 6 ਸਾਲਾਂ ਤੋਂ ਵੱਧ ਸਮੇਂ ਤੋਂ ਚੋਣਾਂ ਲੜਨ ਵਿਚ ਨਾਕਾਮ ਰਹਿਣ ਅਤੇ ਆਰ.ਪੀ. ਐਕਟ, 1951 ਦੀ ਧਾਰਾ 29ਏ ਤਹਿਤ ਲਾਜ਼ਮੀ ਖੁਲਾਸੇ ਦੇ ਨਿਯਮਾਂ ਦੀ ਪਾਲਣਾ ਨਾ ਕੀਤੇ ਜਾਣ ਕਾਰਨ 334 ਰਜਿਸਟਰ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ (ਆਰ.ਯੂ.ਪੀ.ਪੀ.ਐੱਸ.) ਨੂੰ ਸੂਚੀ ਵਿਚੋਂ ਹਟਾ ਦਿੱਤਾ ਹੈ। ਇਨ੍ਹਾਂ ਪਾਰਟੀਆਂ ਦੇ ਦਫ਼ਤਰਾਂ ਦਾ ਵੀ ਪਤਾ ਨਹੀਂ ਲੱਗ ਸਕਿਆ। ਚੋਣ ਕਮਿਸ਼ਨ ਨੇ ਇੱਕ ਬਿਆਨ ਵਿਚ ਕਿਹਾ ਕਿ ਇਹ 334 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇਸ਼ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਸਬੰਧਤ ਹਨ। ਕੁੱਲ 2,854 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵਿਚੋਂ ਸੋਧ ਮੁਹਿੰਮ ਮਗਰੋਂ 2,520 ਹੀ ਰਹਿ ਗਈਆਂ ਹਨ। ਇਸ ਸਮੇਂ 6 ਕੌਮੀ ਪਾਰਟੀਆਂ ਅਤੇ 67 ਸੂਬਾਈ ਪਾਰਟੀਆਂ ਹਨ। ਸਿਆਸੀ ਪਾਰਟੀਆਂ ਨੂੰ ਹਰ 6 ਸਾਲਾਂ ਵਿਚ ਘੱਟੋ-ਘੱਟ ਇੱਕ ਵਾਰ ਚੋਣਾਂ ਲੜਨੀਆਂ ਹੁੰਦੀਆਂ ਹਨ ਅਤੇ ਆਪਣੇ ਨਾਮ, ਪਤੇ ਜਾਂ ਅਹੁਦੇਦਾਰਾਂ ਵਿਚ ਕਿਸੇ ਵੀ ਤਬਦੀਲੀ ਬਾਰੇ ਕਮਿਸ਼ਨ ਨੂੰ ਫੌਰੀ ਸੂਚਿਤ ਕਰਨਾ ਹੁੰਦਾ ਹੈ।



# ਚੋਣ ਕਮਿਸ਼ਨ ਅਤੇ ਈ.ਡੀ. ਪ੍ਰਤੀ ਤਿੜਕਦਾ ਵਿਸ਼ਵਾਸ਼ ਲੋਕਤੰਤਰ ਲਈ ਖ਼ਤਰੇ ਦੀ ਘੰਟੀ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤੀ ਚੋਣ ਕਮਿਸ਼ਨ ਉੱਤੇ ਗੰਭੀਰ ਦੋਸ਼ ਲਾਏ ਹਨ ਅਤੇ ਦਾਅਵਾ ਕੀਤਾ ਹੈ ਕਿ ਪਿਛਲੀਆਂ ਚੋਣਾਂ ਸਮੇਂ ਮਹਾਂਰਾਸ਼ਟਰ ਅਤੇ ਹਰਿਆਣਾ ਵਿਚ ਵੋਟਰ ਸੂਚੀਆਂ ਵਿਚ ਵੱਡੇ ਪੱਧਰ 'ਤੇ ਧਾਂਦਲੀ ਕੀਤੀ ਗਈ ਹੈ। ਉਨ੍ਹਾਂ ਨੇ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਦਾ ਅੰਕੜਾ ਦੇਸ਼ ਸਾਹਮਣੇ ਰੱਖਦਿਆਂ ਦੋਸ਼ ਲਾਇਆ ਕਿ ਵੋਟਰ ਸੂਚੀ ਵਿਚ ਹੇਰਾਫੇਰੀ ਕੀਤੀ ਗਈ ਅਤੇ ਫਰਜ਼ੀ ਵੋਟਰ, ਗਲਤ ਪਤੇ, ਇੱਕ ਪਤੇ ਉੱਤੇ ਕਈ ਵੋਟਰ, ਇੱਕ ਵੋਟਰ ਦਾ ਨਾਂ ਕਈ ਥਾਵਾਂ ਉੱਤੇ ਹੋਣ ਜਿਹੇ ਕਈ ਤਰੀਕਿਆਂ ਨਾਲ ਵੋਟ ਚੋਰੀ ਕੀਤੀ ਗਈ ਅਤੇ ਕਈ ਥਾਵਾਂ ਉੱਤੇ ਇਸ ਮਾਡਲ ਨੂੰ ਕਈ ਅਸੰਬਲੀ, ਲੋਕ ਸਭਾ ਹਲਕਿਆਂ ਵਿਚ ਵਰਤਿਆ ਗਿਆ, ਤਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਫਾਇਦਾ ਮਿਲ ਸਕੇ।

ਹਾਲਾਂਕਿ ਚੋਣਾਂ 'ਚ ਗੜਬੜੀਆਂ ਦੀਆਂ ਸ਼ਿਕਾਇਤਾਂ ਪਹਿਲਾਂ ਵੀ ਮਿਲਦੀਆਂ ਰਹੀਆਂ ਹਨ, ਲੇਕਿਨ ਆਮ ਤੌਰ 'ਤੇ ਸਬੂਤਾਂ ਦੀ ਕਮੀ ਦੇ ਨਾਂ ਉੱਤੇ ਇਹ ਸ਼ਿਕਾਇਤਾਂ ਰੱਦੀ ਦੀ ਟੋਕਰੀ 'ਚ ਚੋਣ ਕਮਿਸ਼ਨ ਵੱਲੋਂ ਸੁੱਟ ਦਿੱਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਨਿਰਾਧਾਰ ਗਿਣਿਆ ਜਾਂਦਾ ਹੈ। ਪਰ ਇਸ ਵਾਰ ਦੇਸ਼ ਭਰ 'ਚ ਸਬੂਤਾਂ ਦੇ ਆਧਾਰ 'ਤੇ ਪੇਸ਼ ਕੀਤੇ ਅੰਕੜਿਆਂ ਕਾਰਨ ਇੱਕ ਵੱਡੀ ਬਹਿਸ ਛਿੜ ਪਈ ਹੈ ਅਤੇ ਵੇਖਿਆ ਜਾ ਰਿਹਾ ਹੈ ਕਿ ਇਨ੍ਹਾਂ ਸ਼ਿਕਾਇਤਾਂ ਦਾ ਆਧਾਰ ਠੋਸ ਹੈ। ਇਸ ਨਾਲ ਦੇਸ਼ ਦੀ ਸਮੁੱਚੀ ਚੋਣ ਪ੍ਰਕਿਰਿਆ ਕਟਹਿਰੇ 'ਚ ਖੜ੍ਹੀ ਦਿੱਸਦੀ ਹੈ।






ਕਿਸੇ ਵੀ ਦੇਸ਼ ਦੀ ਲੋਕਤੰਤਰ ਦੀ ਮਜ਼ਬੂਤੀ ਅਤੇ ਭਰੋਸੇਯੋਗਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਸ ਵਿਚ ਚੁਣੇ ਜਾਣ ਦੀ ਪ੍ਰਕਿਰਿਆ ਕਿੰਨੀ ਸਾਫ਼, ਸੁਤੰਤਰ ਅਤੇ ਪਾਰਦਰਸ਼ੀ ਹੈ। ਇਸ ਲਈ ਚੋਣ ਕਰਾਉਣ ਵਾਲੀ ਸੰਸਥਾ ਨੂੰ ਇਹ ਗੱਲ ਯਕੀਨੀ ਬਣਾਉਣਾ ਹੁੰਦਾ ਹੈ ਕਿ ਕੋਈ ਵੀ ਨਾਗਰਿਕ ਵੋਟ ਦੇਣ ਦੇ ਹੱਕ ਤੋਂ ਵੰਚਿਤ ਨਾ ਹੋਵੇ। ਮਤਦਾਨ ਦੀ ਪੂਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਚੋਣਾਂ 'ਚ ਹਿੱਸੇਦਾਰੀ ਕਰਨ ਵਾਲੇ ਸਾਰੇ ਸਿਆਸੀ ਦਲਾਂ ਲਈ ਭਰੋਸੇਮੰਦ ਹੋਵੇ ਅਤੇ ਨਤੀਜਿਆਂ ਨੂੰ ਲੈ ਕੇ ਸਾਰੇ ਸੰਤੁਸ਼ਟ ਹੋਣ।

ਪਰ ਦੇਸ਼ ਵਿਚ ਆਮ ਤੌਰ 'ਤੇ ਹੋਣ ਵਾਲੀ ਹਰ ਚੋਣ ਤੋਂ ਬਾਅਦ ਜਿਸ ਤਰ੍ਹਾਂ ਦੇ ਵਿਵਾਦ ਸਾਹਮਣੇ ਆਉਂਦੇ ਰਹੇ ਹਨ, ਮਤਦਾਨ ਦੀ ਪ੍ਰਕਿਰਿਆ 'ਚ ਗੜਬੜੀ ਅਤੇ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੇ ਸਮੁੱਚੇ ਤੰਤਰ ਦੇ ਨਾਲ-ਨਾਲ ਨਤੀਜਿਆਂ ਤੱਕ ਨੂੰ ਲੈ ਕੇ ਸਵਾਲ ਖੜ੍ਹੇ ਹੋ ਰਹੇ ਹਨ, ਉਸ ਨਾਲ ਕਈ ਸ਼ੰਕੇ ਪੈਦਾ ਹੁੰਦੇ ਹਨ।

ਚੋਣਾਂ ਦੀ ਸ਼ੁੱਧਤਾ ਉੱਤੇ ਦੇਸ਼ ਭਰ 'ਚ ਬਹਿਸ ਛਿੜੀ ਹੋਈ ਹੈ। ਇਸ ਸੰਦਰਭ ਵਿਚ ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ ਦਾ ਇਹ ਬਿਆਨ ਪ੍ਰੇਸ਼ਾਨ ਕਰਨ ਵਾਲਾ ਹੈ ਕਿ 2024 ਵਿਚ ਮਹਾਂਰਾਸ਼ਟਰ ਦੀਆਂ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂੰ ਦੋ ਲੋਕ ਦਿੱਲੀ 'ਚ ਮਿਲੇ, ਜਿਨ੍ਹਾਂ ਨੇ ਮਹਾਂਰਾਸ਼ਟਰ ਦੀਆਂ 288 ਸੀਟਾਂ ਵਿਚੋਂ 160 ਸੀਟਾਂ ਜਿੱਤਣ ਦੀ ਗਾਰੰਟੀ ਦਿੱਤੀ। ਪਰ ਇਹ ਗੱਲ ਉਨ੍ਹਾਂ ਨੇ ਅਣਸੁਣੀ ਕੀਤੀ। ਭਾਜਪਾ ਇਨ੍ਹਾਂ ਵਿਧਾਨ ਸਭਾ ਚੋਣਾਂ 'ਚ ਜਿੱਤ ਗਈ, ਜਿਸ ਨੂੰ 132, ਸ਼ਿਵ ਸੈਨਾ ਨੂੰ 57 ਅਤੇ ਐੱਨ.ਸੀ.ਪੀ. ਨੂੰ 41 ਸੀਟਾਂ ਮਿਲ ਗਈਆਂ। ਜਦਕਿ ਇਸ ਤੋਂ ਕੁਝ ਮਹੀਨੇ ਪਹਿਲਾਂ ਲੋਕ ਸਭਾ ਚੋਣਾਂ 'ਚ ਕਾਂਗਰਸ ਐੱਨ.ਸੀ.ਪੀ. ਗਠਬੰਧਨ 42 ਲੋਕ ਸਭਾ ਸੀਟਾਂ ਵਿਚੋਂ 30 ਲੋਕ ਸਭਾ ਸੀਟਾਂ 'ਤੇ ਕਾਬਜ਼ ਰਿਹਾ। ਉਨ੍ਹਾਂ ਕਿਹਾ ਕਿ ਸਾਨੂੰ ਵੋਟ ਚੋਰੀ ਦਾ ਸ਼ੱਕ ਰਿਹਾ। ਹੁਣ ਰਾਹੁਲ ਗਾਂਧੀ ਨੇ ਤੱਥ ਪੇਸ਼ ਕੀਤੇ ਹਨ ਤੇ ਦੁੱਧ ਦਾ ਦੁੱਧ ਤੇ ਪਾਨੀ ਦਾ ਪਾਨੀ ਹੁਣ ਹੋਣਾ ਹੀ ਚਾਹੀਦਾ ਹੈ।

ਭਾਰਤੀ ਚੋਣ ਆਯੋਗ ਨੇ ਉਪਰੋਕਤ ਤੱਥਾਂ ਸੰਬੰਧੀ ਕੋਈ ਵੀ ਜਵਾਬ ਨਹੀਂ ਦਿੱਤਾ, ਸਗੋਂ ਰਾਹੁਲ ਗਾਂਧੀ ਨੂੰ ਕਿਹਾ ਹੈ ਕਿ ਉਹ ਇਸ ਸੰਬੰਧੀ ਐਫੀਡੇਵਿਟ (ਘੋਸ਼ਣਾ ਪੱਤਰ) ਦੇਣ ਜਾਂ ਫਿਰ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕਰਨ 'ਤੇ ਮੁਆਫ਼ੀ ਮੰਗਣ। ਪਰੰਤੂ ਰਾਹੁਲ ਗਾਂਧੀ ਨੇ ਇਸ ਵੋਟ ਚੋਰੀ ਨੂੰ ਤੱਥਾਂ 'ਤੇ ਆਧਾਰਿਤ ਕਿਹਾ ਅਤੇ ਇਹ ਵੀ ਕਿਹਾ ਹੈ ਕਿ ਇਹ ਦੋਸ਼ ਸਬੂਤਾਂ ਵਾਲੇ ਹਨ।

ਵੋਟਰਾਂ ਦੇ ਸ਼ੁੱਧੀਕਰਨ ਮਾਮਲੇ 'ਤੇ ਬਿਹਾਰ ਵਿਚ ਤਰਥੱਲੀ ਮਚੀ ਹੈ। ਚੋਣ ਕਮਿਸ਼ਨ ਨੇ 65 ਲੱਖ ਵੋਟਰ ਨਵੀਂ ਬਿਹਾਰ ਵਿਧਾਨ ਸਭਾ ਵੋਟਰ ਸੂਚੀ 'ਚੋਂ ਕੱਟੇ ਹਨ। ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਭਾਰਤੀ ਚੋਣ ਕਮਿਸ਼ਨ ਨੇ ਬਿਹਾਰ ਦੇ ਵੋਟਰਾਂ ਨੂੰ ਮੌਕਾ ਦਿੰਦਿਆਂ ਕਿਹਾ ਸੀ ਕਿ 1 ਅਗਸਤ ਤੋਂ 1 ਸਤੰਬਰ ਤੱਕ ਵੋਟਰ ਇਸ ਡਰਾਫਟ ਵੋਟਰ ਲਿਸਟ 'ਚ ਸ਼ਾਮਲ ਹੋਣ ਦਾ ਦਾਅਵਾ ਪੇਸ਼ ਕਰ ਸਕਦੇ ਹਨ। ਪਰ ਕਿਸੇ ਸਿਆਸੀ ਧਿਰ ਨੇ ਕੋਈ ਦਾਅਵਾ ਜਾਂ ਇਤਰਾਜ਼ ਪੇਸ਼ ਨਹੀਂ ਕੀਤਾ। ਸਿਰਫ਼ 7,252 ਲੋਕਾਂ ਨੇ ਨਿੱਜੀ ਤੌਰ 'ਤੇ ਵੋਟ ਲਈ ਦਾਅਵੇ ਪੇਸ਼ ਕੀਤੇ ਹਨ।

ਅਸਲ ਵਿਚ ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੇ ਚੋਣ ਕਮਿਸ਼ਨ, ਈ.ਡੀ. ਅਤੇ ਸੀ.ਬੀ.ਆਈ. ਆਦਿ ਏਜੰਸੀਆਂ 'ਤੇ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ। ਚੋਣ ਕਮਿਸ਼ਨ ਉੱਤੇ ਪ੍ਰਭਾਵ ਪਾਉਣ ਲਈ ਤਾਂ ਭਾਜਪਾ ਸਰਕਾਰ ਨੇ ਭਾਰਤੀ ਚੋਣ ਕਮਿਸ਼ਨ ਲਈ ਨਵੇਂ ਚੋਣ ਕਮਿਸ਼ਨਰ ਲਗਾਉਣ ਦੇ ਨਿਯਮ ਵੀ ਬਦਲ ਦਿੱਤੇ ਸਨ ਅਤੇ ਸੁਪਰੀਮ ਕੋਰਟ ਦੀ ਨੁਮਾਇੰਦਗੀ ਹੀ ਖ਼ਤਮ ਕਰ ਦਿੱਤੀ ਸੀ। ਉਦੋਂ ਤੋਂ ਲੈ ਕੇ ਚੋਣ ਕਮਿਸ਼ਨ 'ਤੇ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ, ਜਿਨ੍ਹਾਂ ਵਿਚ ਇਲੈਕਟ੍ਰੋਨਿਕ ਮਸ਼ੀਨਾਂ ਰਾਹੀਂ ਵੋਟਾਂ ਦਾ ਮੁੱਦਾ ਅਤੇ ਉਸ ਰਾਹੀਂ ਹੇਰਾਫੇਰੀ ਦਾ ਮੁੱਦਾ ਦੇਸ਼ 'ਚ ਵੱਡੇ ਪੱਧਰ ਉੱਤੇ ਉਠਾਇਆ ਜਾਂਦਾ ਰਿਹਾ ਹੈ।

ਹੁਣ ਬਿਹਾਰ ਚੋਣਾਂ ਵੇਲੇ ਵੋਟਰਾਂ ਦੇ ਸ਼ੁੱਧੀਕਰਨ ਦੇ ਨਾਂ ਉੱਤੇ ਆਪਣੀ ਹੱਦੋਂ ਬਾਹਰ ਜਾਂਦਿਆਂ, ਨਾਗਰਿਕਤਾ ਦਾ ਮੁੱਦਾ, ਆਧਾਰ ਕਾਰਡ, ਪਿਛਲੇ ਵੋਟਰ ਕਾਰਡ ਨੂੰ ਪ੍ਰਵਾਨ ਨਾ ਕਰਨ ਦਾ ਮੁੱਦਾ ਭਾਰਤੀ ਚੋਣ ਕਮਿਸ਼ਨ ਲਈ ਗਲੇ ਦੀ ਹੱਡੀ ਬਣਿਆ ਹੈ।

ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਵੀ ਕਰੜਾ ਰੁੱਖ ਅਖ਼ਤਿਆਰ ਕੀਤਾ ਹੈ ਤੇ ਕਿਹਾ ਹੈ ਕਿ ਨਾਗਰਿਕਤਾ ਦਾ ਮੁੱਦਾ ਉਠਾਉਣਾ ਚੋਣ ਕਮਿਸ਼ਨ ਦੇ ਅਧਿਕਾਰ 'ਚ ਨਹੀਂ ਹੈ। ਭਾਵੇਂ ਕਿ 65 ਲੱਖ ਵੋਟਰਾਂ ਦੇ ਨਾਂ ਕੱਟੇ ਜਾਣ ਸੰਬੰਧੀ ਸੁਪਰੀਮ ਕੋਰਟ 'ਚ ਸੁਣਵਾਈ 12 ਅਗਸਤ ਨੂੰ ਤੈਅ ਹੋਈ ਹੈ ਪਰ ਪਟੀਸ਼ਨ ਵਿਚ ਜਿਹੜੇ ਤੱਥ ਪੇਸ਼ ਕੀਤੇ ਗਏ ਹਨ, ਉਹ ਚੋਣ ਕਮਿਸ਼ਨ ਉੱਤੇ ਵੱਡੇ ਸਵਾਲ ਖੜ੍ਹੇ ਕਰਨ ਵਾਲੇ ਹਨ। ਇਹ ਸਵਾਲ ਪੁੱਛੇ ਜਾ ਰਹੇ ਹਨ ਕਿ 65 ਲੱਖ ਲੋਕਾਂ ਵਿਚੋਂ ਜਿਹੜੇ 22 ਲੱਖ ਮਰੇ ਕਹੇ ਜਾ ਰਹੇ ਹਨ, ਉਨ੍ਹਾਂ ਦਾ ਵੇਰਵਾ ਕਿੱਥੇ ਹੈ? 7 ਲੱਖ ਵੋਟਰ ਜਿਨ੍ਹਾਂ ਬਾਰੇ ਡੁਪਲੀਕੇਟ ਹੋਣ ਦੀ ਗੱਲ ਕਹੀ ਜਾ ਰਹੀ ਹੈ, ਉਨ੍ਹਾਂ ਦੇ ਵੇਰਵੇ ਕੀ ਹਨ? 35 ਲੱਖ ਵੋਟਰ ਜਿਹੜੇ ਬਿਹਾਰ ਛੱਡ ਗਏ ਦੱਸੇ ਜਾ ਰਹੇ ਹਨ, ਉਹ ਕਿਹੜੇ ਹਨ? ਸਿਰਫ਼ ਚੋਣ ਕਮਿਸ਼ਨ ਕਹਿ ਰਿਹਾ ਹੈ ਕਿ 1.2 ਲੱਖ ਵੋਟਰਾਂ ਨੇ ਵੋਟਾਂ ਦੇ ਕਲੇਮ ਦੇ ਫਾਰਮ ਜਮ੍ਹਾਂ ਨਹੀਂ ਕਰਵਾਏ।

ਇਨ੍ਹਾਂ ਤੱਥਾਂ ਤੋਂ ਜਾਪਦਾ ਹੈ ਕਿ ਚੋਣ ਕਮਿਸ਼ਨ ਕਿਸੇ ਵਿਸ਼ੇਸ਼ ਸਿਆਸੀ ਧਿਰ ਦੇ ਆਖੇ ਲੱਗ ਕੇ ਕੰਮ ਕਰ ਰਹੀ ਹੈ। ਉਹ ਲਗਾਤਾਰ ਆਪਣੇ ਹੱਕਾਂ ਤੇ ਸੀਮਾ ਦੀ ਉਲੰਘਣਾ ਕਰ ਰਹੀ ਹੈ, ਜਿਹੜੇ ਕਮਿਸ਼ਨ ਕੋਲ ਹੈ ਹੀ ਨਹੀਂ। ਇਹ ਇਸ ਗੱਲ ਤੋਂ ਵੀ ਸਿੱਧ ਹੋ ਰਿਹਾ ਜਾਪਦਾ ਹੈ ਕਿ ਜਿਵੇਂ ਰਾਹੁਲ ਗਾਂਧੀ ਨੇ ਤੱਥਾਂ ਆਧਾਰਿਤ ਸਬੂਤ ਪੇਸ਼ ਕੀਤੇ ਹਨ, ਉਨ੍ਹਾਂ ਦੀ ਬਕਾਇਦਾ ਪੜਤਾਲ ਕਰਨ ਦਾ ਯਤਨ ਕਰਦਾ, ਕਿਉਂਕਿ ਤਰੁੱਟੀਆਂ, ਤੱਥ ਉਸ ਵੱਲੋਂ ਦਿੱਤੇ ਰਿਕਾਰਡ ਵਿਚੋਂ ਹੀ ਦੱਸੇ ਜਾਂ ਲੱਭੇ ਗਏ ਹਨ। ਇਸ ਹਾਲਾਤ ਵਿਚ ਚੋਣ ਕਮਿਸ਼ਨ ਤੋਂ ਤਾਂ ਸਪੱਸ਼ਟਤਾ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ। ਅਸਲ ਵਿਚ ਚੋਣ ਪ੍ਰਕਿਰਿਆ ਪੂਰੀ ਕਰਨ, ਨਤੀਜਿਆਂ 'ਚ ਇਮਾਨਦਾਰੀ ਵਰਤਣ ਅਤੇ ਆਮ ਲੋਕਾਂ 'ਚ ਭਰੋਸਾ ਪੈਦਾ ਕਰਨਾ ਚੋਣ ਕਮਿਸ਼ਨ ਦਾ ਕੰਮ ਹੈ ਅਤੇ ਇਹ ਲੋਕਤੰਤਰੀ ਜੀਵਨ ਲਈ ਜ਼ਰੂਰੀ ਹੈ।

ਹਾਕਮ ਧਿਰ ਭਾਜਪਾ ਵੱਲੋਂ ਦੇਸ਼ ਵਿਚ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਚੋਣ ਕਮਿਸ਼ਨ ਅਤੇ ਹੋਰ ਸੰਸਥਾਵਾਂ ਨੂੰ ਆਪਣੀ ਗੱਦੀ ਸੁਰੱਖਿਅਤ ਕਰਨ ਲਈ ਵਰਤਿਆ ਜਾ ਰਿਹਾ ਹੈ, ਉਸੇ ਦਾ ਸਿੱਟਾ ਹੈ ਕਿ ਭਾਜਪਾ ਤੁਰੰਤ ਚੋਣ ਕਮਿਸ਼ਨ ਦੀ ਪਿੱਠ ਪੂਰਨ ਲਈ ਉਸ ਪਿੱਛੇ ਆ ਖੜ੍ਹਾ ਹੋਇਆ ਹੈ ਅਤੇ ਰਾਹੁਲ ਗਾਂਧੀ ਤੋਂ ਅਸਤੀਫ਼ਾ ਮੰਗਣ ਲੱਗਿਆ ਹੈ।

ਜਿਵੇਂ ਦੀ ਕਾਰਜਸ਼ੈਲੀ ਚੋਣ ਕਮਿਸ਼ਨ ਦੀ ਹੈ, ਉਸੇ ਕਿਸਮ ਦੀ ਕਾਰਜ਼ਸ਼ੈਲੀ ਦੇਸ਼ 'ਚ ਈ.ਡੀ. ਦੀ ਬਣੀ ਹੋਈ ਹੈ। ਉਸਦੀ ਭੂਮਿਕਾ ਉਸਦੇ ਅਧਿਕਾਰਾਂ ਅਤੇ ਸੀਮਾਵਾਂ 'ਤੇ ਸਵਾਲ ਉੱਠ ਰਹੇ ਹਨ। ਸਿਆਸੀ ਦਲ ਦੋਸ਼ ਲਾਉਂਦੇ ਹਨ ਕਿ ਈ.ਡੀ. ਬਦਲੇ ਦੀ ਭਾਵਨਾ ਨਾਲ ਕੰਮ ਕਰਦੀ ਹੈ। ਇਸ ਸੰਬੰਧੀ ਦੇਸ਼ ਦੀਆਂ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ 'ਚ ਵੀ ਉਸ ਨੂੰ ਕਟਹਿਰੇ 'ਚ ਖੜ੍ਹਾ ਹੋਣਾ ਪੈ ਰਿਹਾ ਹੈ। ਪਰ ਅਫ਼ਸੋਸਨਾਕ ਹੈ ਕਿ ਈ.ਡੀ. ਦੀ ਜਾਂਚ ਵਿਚ ਦੋਸ਼ੀ ਬਣਾਏ ਗਏ ਲੋਕ ਦੋਸ਼ੀ ਨਾ ਸਿੱਧ ਹੋਣ ਤੱਕ ਮਹੀਨਿਆਂਬੱਧੀ ਵਿਚਾਰਅਧੀਨ ਕੈਦੀਆਂ ਦੇ ਰੂਪ 'ਚ ਜੇਲ੍ਹ 'ਚ ਬੰਦ ਰਹਿੰਦੇ ਹਨ। ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਧੰਨ ਦੀ ਵਰਤੋਂ, ਕਾਨੂੰਨ ਦੀ ਦੁਰਵਰਤੋਂ ਕਿਸ ਦੇ ਇਸ਼ਾਰੇ ਉੱਤੇ 'ਤੇ ਕਿਉਂ ਹੋ ਰਹੀ ਹੈ? ਇਸ ਸੰਬੰਧੀ ਦੋਸ਼ ਸਿੱਧ ਹੋਣ ਦੀ ਦਰ 'ਤੇ ਵੀ ਸਵਾਲੀਆ ਚਿੰਨ੍ਹ ਹਨ। ਪਿਛਲੇ ਦਿਨੀਂ ਅਦਾਲਤ ਨੇ ਸਖ਼ਤੀ ਨਾਲ ਸਵਾਲ ਕਰਦਿਆਂ ਕਿਹਾ ਕਿ ਈ.ਡੀ. ਗੁੰਡੇ ਦੀ ਤਰ੍ਹਾਂ ਕੰਮ ਨਹੀਂ ਕਰ ਸਕਦੀ, ਉਸ ਨੂੰ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਅਦਾਲਤ ਦੀ ਇਹ ਟਿੱਪਣੀ ਉਸਦੀ ਜਾਂਚ ਪ੍ਰਕਿਰਿਆ ਅਤੇ ਕਾਰਜਸ਼ੈਲੀ ਉੱਤੇ ਵੱਡਾ ਸਵਾਲ ਹੈ ਤੇ ਉਸ ਸੰਸਥਾ ਦਾ ਅਕਸ ਲੋਕਾਂ 'ਚ ਨਾਕਾਰਾਤਮਕ ਹੋ ਰਿਹਾ ਹੈ।

ਪਿਛਲੇ ਦਿਨੀਂ ਵੀ ਸਰਬਉੱਚ ਅਦਾਲਤ ਨੇ ਕਿਹਾ ਸੀ ਕਿ ਈ.ਡੀ. ਸਾਰੀਆਂ ਹੱਦਾਂ ਪਾਰ ਕਰ ਰਹੀ ਹੈ। ਅਦਾਲਤ ਨੇ ਇਹ ਸਵਾਲ ਚੁੱਕਿਆ ਕਿ ਜਿਹੜੇ ਦੋਸ਼ੀ ਬਰੀ ਹੋ ਜਾਂਦੇ ਹਨ, ਤਾਂ ਉਸਦਾ ਭੁਗਤਾਨ ਕੌਣ ਕਰੇਗਾ? ਉਸਨੇ ਕਿਹਾ ਕਿ ਦੋਸ਼ ਸਿੱਧੀ ਦਰ 10 ਫ਼ੀਸਦੀ ਤੋਂ ਵੀ ਘੱਟ ਹੈ। ਵਿੱਤ ਮੰਤਰਾਲੇ ਵੱਲੋਂ ਰਾਜ ਸਭਾ ਵਿਚ ਦਿੱਤੇ ਅੰਕੜਿਆਂ ਅਨੁਸਾਰ 2015 ਤੋਂ 2025 ਤੱਕ 5,892 ਮੁਕੱਦਮੇ ਦਰਜ਼ ਹੋਏ। ਸਿਰਫ਼ 15 ਲੋਕਾਂ ਨੂੰ ਸਜ਼ਾ ਹੋਈ। ਈ.ਡੀ. ਨੇ 49 ਮਾਮਲਿਆਂ 'ਤੇ ਕਲੋਜ਼ਰ ਰਿਪੋਰਟ ਦਾਖ਼ਲ ਕੀਤੀ। ਦਰਜ਼ ਕੀਤੇ ਮੁਕੱਦਮਿਆਂ ਵਿਚੋਂ 95 ਫ਼ੀਸਦੀ ਵਿਰੋਧੀ ਧਿਰਾਂ ਦੇ ਨੇਤਾਵਾਂ ਉੱਤੇ ਹਨ। ਸਪੱਸ਼ਟ ਹੈ ਕਿ ਈ.ਡੀ. ਜਿਸ ਢੰਗ ਨਾਲ ਕੰਮ ਕਰ ਰਹੀ ਹੈ, ਉਹ ਬੇਕਸੂਰ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਅਤੇ ਆਜ਼ਾਦੀ ਦਾ ਹਨਨ ਹੈ।

ਭਾਰਤੀ ਸੰਵਿਧਾਨ ਵਿਚ ਖ਼ੁਦਮੁਖਤਿਆਰ ਸੰਸਥਾਵਾਂ ਦਾ ਉਦੇਸ਼ ਲੋਕਤੰਤਰ ਦੀ ਰੱਖਿਆ ਦਾ ਹਥਿਆਰ ਨੀਅਤ ਸੀ। ਇਸ ਹਥਿਆਰ ਨੂੰ ਸਿਆਸੀ ਲੋਕਾਂ ਨੇ ਆਪਣੇ ਲਈ ਤਾਕਤ ਹਥਿਆਉਣ ਦੇ ਹਥਿਆਰ ਵਜੋਂ ਜਦੋਂ ਤੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ, ਉਦੋਂ ਤੋਂ ਉਨ੍ਹਾਂ ਦੇ ਕੰਮ ਕਾਰ 'ਚ ਪਾਰਦਰਸ਼ਤਾ ਖ਼ਤਮ ਹੋਣੀ ਸ਼ੁਰੂ ਹੋ ਗਈ ਹੈ। ਜਦੋਂ ਤੋਂ ਉਨ੍ਹਾਂ ਵੱਲੋਂ ਆਪਣੇ ਅਧਿਕਾਰਾਂ ਅਤੇ ਸੀਮਾਵਾਂ ਦੀ ਹੱਦ ਤੋੜਨੀ ਆਰੰਭੀ ਹੈ ਸਿਆਸਤਦਾਨਾਂ ਦੇ ਇਸ਼ਾਰੇ ਉਤੇ, ਉਦੋਂ ਤੋਂ ਦੇਸ਼ 'ਚ ਲੋਕਤੰਤਰ ਦੀਆਂ ਜੜ੍ਹਾਂ ਖੋਖਲੀਆਂ ਹੋ ਰਹੀਆਂ ਹਨ।

ਭਾਵੇਂ ਕਿ ਪਿਛਲੀਆਂ ਕਾਂਗਰਸੀ ਅਤੇ ਹੋਰ ਸਰਕਾਰਾਂ ਨੇ ਸੀ.ਬੀ.ਆਈ. ਨੂੰ ਪਿੰਜਰੇ ਦਾ ਤੋਤਾ ਬਣਾਇਆ, ਈ.ਡੀ. ਦੀ ਕੁਝ ਹੱਦ ਤੱਕ ਦੁਰਵਰਤੋਂ ਕੀਤੀ, ਚੋਣ ਕਮਿਸ਼ਨ ਰਾਹੀਂ ਸੁਵਿਧਾਜਨਕ ਸਮੇਂ ਵੋਟਾਂ ਕਰਾਉਣਾ ਆਰੰਭਿਆ, ਪਰ ਪਿਛਲੇ ਗਿਆਰਾਂ ਸਾਲਾਂ ਤੋਂ ਦੇਸ਼ 'ਤੇ ਸ਼ਾਸਨ ਕਰਦੀ ਸਰਕਾਰ ਨੇ ਤਾਂ ਹੱਦਾਂ ਬੰਨ੍ਹੇ ਹੀ ਤੋੜ ਦਿੱਤੇ ਹਨ। ਚੋਣ ਕਮਿਸ਼ਨ ਰਾਹੀਂ ਚੋਣਾਂ ਦੀਆਂ ਤਾਰੀਖ਼ਾਂ ਦੋ-ਦੋ ਮਹੀਨਿਆਂ ਤੱਕ ਆਪਣੀ ਸੁਵਿਧਾ ਅਨੁਸਾਰ ਸੁਰੱਖਿਆ ਅਤੇ ਕਾਨੂੰਨ ਦੇ ਨਾਂਅ 'ਤੇ ਕਰਵਾਈਆਂ ਜਾ ਰਹੀਆਂ ਹਨ, ਈ.ਡੀ. ਰਾਹੀਂ ਵਿਰੋਧੀ ਨੇਤਾਵਾਂ ਦੇ ਸਿਰ ਭੰਨਣ, ਉਨ੍ਹਾਂ ਨੂੰ ਲੋੜੋਂ ਵੱਧ ਧੰਨ ਇਕੱਠਾ ਕਰਨ ਦੇ ਨਾਂਅ 'ਤੇ ਬਦਨਾਮ ਕਰਨ ਲਈ ਕੇਸ ਦਰਜ਼ ਹੋ ਰਹੇ ਹਨ, ਪਰ ਆਪਣਿਆਂ ਨੂੰ ਬਖ਼ਸ਼ਿਆ ਜਾ ਰਿਹਾ ਹੈ। ਪਿਛਲੇ ਗਿਆਰਾਂ ਸਾਲਾਂ 'ਚ ਕਿੰਨੇ ਭਾਜਪਾ ਨੇਤਾਵਾਂ ਜਾਂ ਉਨ੍ਹਾਂ ਦੀਆਂ ਸਮਰਥਕ ਪਾਰਟੀਆਂ 'ਤੇ ਈ.ਡੀ. ਦੇ ਛਾਪੇ ਪਏ ਜਾਂ ਕੇਸ ਦਰਜ਼ ਹੋਏ? ਇਹ ਵੀ ਵੇਖਣ ਯੋਗ ਹੈ।

ਖ਼ੁਦਮੁਖਤਾਰ ਸੰਸਥਾਵਾਂ ਉਤੇ ਕਬਜ਼ੇ ਦੀਆਂ ਵੱਡੇ ਹਾਕਮ ਦੀਆਂ ਕੋਸ਼ਿਸ਼ਾਂ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹਨ। ਜਦੋਂ ਸਾਡੇ ਹਾਕਮਾਂ ਨੂੰ ਦਿਸਦਾ ਹੈ ਕਿ ਉਨ੍ਹਾਂ ਦੇ ਅਨੁਸਾਰ ਅਤੇ ਉਨ੍ਹਾਂ ਦੇ ਨਿੱਜੀ ਲਾਭ ਲਈ ਕੰਮ ਨਹੀਂ ਹੋ ਰਹੇ, ਉਹ ਹਰ ਹੀਲੇ ਇਨ੍ਹਾਂ ਸੰਸਥਾਵਾਂ ਨੂੰ ਸਵਾਰਥੀ ਬਿਊਰੋਕ੍ਰੈਸੀ ਰਾਹੀਂ ਵਰਤਦੇ ਹਨ। ਸਿਆਸਤਦਾਨ ਇਨ੍ਹਾਂ ਅਫ਼ਸਰਾਂ ਉਤੇ 'ਨਜ਼ਰ-ਏ-ਇਨਾਇਤ' ਰੱਖਦੇ ਹਨ ਅਤੇ ਇਵਜ਼ ਇਹ ਅਫ਼ਸਰ ਇਸਦਾ ਮੁੱਲ ਤਾਰਨ ਲਈ ਆਪਣੇ ਅਧਿਕਾਰਾਂ ਅਤੇ ਸੀਮਾਵਾਂ ਨੂੰ ਲੰਘਕੇ ਕੰਮ ਕਰਨ ਲੱਗਦੇ ਹਨ।

ਅੱਜ ਚੋਣ ਕਮਿਸ਼ਨ ਅਤੇ ਈ.ਡੀ. ਦੀ ਭਰੋਸੇਯੋਗਤਾ ਦਾਅ 'ਤੇ ਲੱਗੀ ਹੋਈ ਹੈ। ਚੋਣ ਕਮਿਸ਼ਨ ਦੀ ਪਾਰਦਰਸ਼ਤਾ ਉਤੇ ਸ਼ੰਕਾਵਾਂ ਭਾਰਤੀ ਲੋਕਤੰਤਰ ਦੀ ਨੀਂਹ ਹਿਲਾ ਦੇਣਗੀਆਂ। ਜੇਕਰ ਵੋਟਰ ਦਾ ਵਿਸ਼ਵਾਸ ਚੋਣ ਕਮਿਸ਼ਨ 'ਤੇ ਤਿੜਕਦਾ ਹੈ, ਤਾਂ ਇਹ ਦੇਸ਼ ਲਈ ਘਾਤਕ ਸਿੱਧ ਹੋਏਗਾ। ਚੋਣ ਕਮਿਸ਼ਨ ਨੂੰ ਆਪਣੇ ਡਿੱਗਦੇ ਵਕਾਰ, ਉੱਠਦੇ ਸਵਾਲਾਂ ਪ੍ਰਤੀ ਸੁਚੇਤ ਹੋ ਕੇ ਲੋਕ ਹਿੱਤ ਵਿਚ ਕੰਮ ਕਰਨਾ ਹੋਏਗਾ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਵਿਸ਼ੇਸ਼ ਸਿਆਸੀ ਧਿਰ ਲਈ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਅਤੇ ਪ੍ਰਭੂਸੱਤਾ ਸੰਪਨ ਹਸਤੀ ਨੂੰ ਢਹਿ ਢੇਰੀ ਕੌਣ ਕਰ ਰਿਹਾ ਹੈ?

## ■ ਕੀ ਅਕਾਲ ਤਖ਼ਤ ਸਾਹਿਬ ਜਾਂ ਇਸ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਉਂਦੇ ਹਨ?

## ■ ਕਿੰਨਾ ਕੁ ਘਾਤਕ ਹੋ ਸਕਦਾ ਹੈ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ "ਸਰਵਿਸ ਨਿਯਮ" ਬਣਾਉਣਾ?




-ਡਾ: ਦਲਜੀਤ ਸਿੰਘ

ਐੱਲ.ਐੱਲ.ਐੱਮ. ਪੀ.ਐੱਚ.ਡੀ.,

ਸਾਬਕਾ ਪ੍ਰਿੰਸੀਪਲ, ਖਾਲਸਾ ਕਾਲਜ ਅੰਮ੍ਰਿਤਸਰ

ਅਤੇ ਲਾਅ ਪ੍ਰੋਫੈਸਰ, ਜੀ.ਐੱਨ.ਡੀ.ਯੂ;

ਵਾਈਸ ਚਾਂਸਲਰ, ਰਿਆਤ ਬਾਹਰਾ ਯੂਨੀਵਰਸਿਟੀ, ਮੋਹਾਲੀ

Whatsapp No: +919814518877

ਪੰਜਾਬ ਮੇਲ USA


ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਉਹ ਮਹਾਨ ਵਿਲੱਖਣ ਮੀਰੀ-ਪੀਰੀ ਦਾ ਤਖ਼ਤ ਹੈ, ਜੋ ਸਿੱਖ ਪੰਥ ਦੀ ਵੱਖਰੀ ਪਹਿਚਾਣ ਅਤੇ ਸੰਪੂਰਨ ਪ੍ਰਭੂਸੱਤਾ ਦਾ ਪ੍ਰਤੀਕ ਹੈ। ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਹੋਂਦ ਨੂੰ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ 20ਵੀਂ ਸ਼ਤਾਬਦੀ ਦੇ ਆਖਰੀ ਦਹਾਕਿਆਂ ਵਿਚ ਵੱਡੀ ਪੱਧਰ 'ਤੇ ਸ਼ੁਰੂ ਹੋ ਗਈਆਂ ਸਨ, ਪਰ 21ਵੀਂ ਸ਼ਤਾਬਦੀ ਦੇ ਸ਼ੁਰੂ ਹੋਣ ਤੋਂ ਬਾਅਦ ਤਾਂ ਸਿੱਖ ਵਿਰੋਧੀ ਤਾਕਤਾਂ ਜਾਂ ਜਥੇਬੰਦੀਆਂ ਵੱਲੋਂ ਸਾਡੇ ਆਪਣੇ ਹੀ ਸਿੱਖ ਰਾਜਨੀਤਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਤੇ ਸੰਸਥਾਵਾਂ ਨੂੰ ਬੜੇ ਹੀ ਲੁਕਵੇਂ ਅਤੇ ਵਿਧੀਬੱਧ ਤਰੀਕੇ ਨਾਲ ਵਰਤ ਕੇ, ਇਸ ਦੀ ਆਜ਼ਾਦ ਅਤੇ ਸੁਤੰਤਰ ਪ੍ਰਭੂਸੱਤਾ ਨੂੰ ਖੇਰੂ-ਖੇਰੂ ਕਰਨ ਦਾ ਕਾਰਜ ਬੜੇ ਜ਼ੋਰਾਂ-ਸ਼ੋਰਾਂ ਨਾਲ ਕੀਤਾ ਜਾ ਰਿਹਾ ਹੈ। ਦੋ ਦਸੰਬਰ 2024, ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਹੋਏ ਹੁਕਮਨਾਮਿਆਂ ਨੇ ਸਿੱਖ ਕੌਮ ਵਿਚ ਇਸ ਮਹਾਨ ਸੰਸਥਾ ਦੀ ਆਜ਼ਾਦ ਅਤੇ ਸੁਤੰਤਰ ਹੋਂਦ ਨੂੰ ਮੁੜ ਸਿਰਜਣ ਦੀ ਉਮੀਦ ਜਗਾ ਦਿੱਤੀ। ਪਰੰਤੂ ਜਿਸ ਤਰੀਕੇ ਦੇ ਨਾਲ ਇਨ੍ਹਾਂ ਹੁਕਮਨਾਮਿਆਂ ਨੂੰ ਦਰਕਨਾਰ ਕੀਤਾ ਗਿਆ, ਉਹ ਵੀ ਸ਼ਾਇਦ ਸਿੱਖ ਇਤਿਹਾਸ ਵਿਚ ਨਵਾਂ ਕਾਲਾ ਵਰਤਾਰਾ ਹੈ। ਨਿਸ਼ਚੇ ਹੀ ਇਸ ਵਰਤਾਰੇ ਨੇ ਸਿੱਖ ਕੌਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਬਾਰੇ ਭੰਬਲਭੂਸੇ ਅਤੇ ਬੇਭਰੋਸਗੀ ਦਾ ਆਲਮ ਬਣਾ ਦਿੱਤਾ ਹੈ। ਦੁੱਖ ਦੀ ਗੱਲ ਇਹ ਹੈ ਕਿ ਇਸ ਘਟਨਾਕ੍ਰਮ ਵਿਚ ਜੋ ਕੁਝ ਵਾਪਰਿਆ ਉਸ ਤੋਂ ਸਬਕ ਲੈਣ ਦੀ ਦੀ ਬਜਾਏ, 'ਜਾਣੇ ਅਣਜਾਣੇ' ਵਿੱਚ ਇੱਕ ਹੋਰ ਬਹੁਤ ਵੱਡੀ ਗਲਤੀ ਕੀਤੀ ਜਾ ਰਹੀ ਹੈ। ਉਹ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ ਮੁਕਤੀ ਸਬੰਧੀ ਸੇਵਾ ਨਿਯਮ ਤਿਆਰ ਕਰਨ ਲਈ ਇਕ 34 ਮੈਂਬਰੀ ਕਮੇਟੀ ਦਾ ਬਣਾਉਣਾ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕਾਨੂੰਨ ਦੀ ਪੜ੍ਹਾਈ ਅਤੇ ਪੀ.ਐੱਚ.ਡੀ. ਕਰਨ ਤੋਂ ਬਾਅਦ ਆਪਣੇ ਕਾਨੂੰਨ ਦੇ ਅਧਿਆਪਨ ਤਜ਼ਰਬੇ ਆਧਾਰਿਤ, ਮੈਂ ਸਮੇਂ-ਸਮੇਂ ਸਿੱਖ ਪੰਥ ਬਾਰੇ ਕਾਨੂੰਨੀ ਨੁਕਤਾ ਨਿਗਾਹ ਤੋਂ ਆਪਣੇ ਵਿਚਾਰ ਰੱਖਦਾ ਆਇਆ ਹਾਂ, ਉਦਾਹਰਨ ਦੇ ਤੌਰ 'ਤੇ ਆਨੰਦ ਮੈਰਿਜ ਐਕਟ ਜਾਂ ਸਿੱਖ ਮੈਰਿਜ ਐਕਟ, ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਵੀਰ ਬਾਲ ਦਿਵਸ ਕਹਿਣਾ, ਬਾਬਾ ਬੰਦਾ ਸਿੰਘ ਬਹਾਦਰ ਨੂੰ ਵੀਰ ਬੰਦਾ ਬੈਰਾਗੀ ਕਹਿਣਾ ਆਦਿ।

ਅੱਜ ਮੈਂ ਇਸ ਲੇਖ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ "ਸੇਵਾ ਨਿਯਮ" ਬਣਾਉਣ ਲਈ ਚੁੱਕੇ ਕਦਮਾਂ ਦੀ ਕਾਨੂੰਨਾਤਮਿਕ ਪੱਖ ਤੋਂ ਪੜਚੋਲ ਜਾਂ ਸਮੀਖਿਆ ਕਰਨੀ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਸਵਾਲ ਇਹ ਹੈ ਕਿ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਿੱਖ ਗੁਰਦੁਆਰਾ ਐਕਟ, 1925 ਅਧੀਨ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ "ਸਰਵਿਸ ਨਿਯਮ" ਬਣਾਉਣ ਦਾ ਕੋਈ ਅਖਤਿਆਰ ਹੈ? ਕਿਆ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ (ਨੌਕਰ) ਬਣਾਏ ਜਾਣਾ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨ ਬਰਾਬਰ ਤਾਂ ਨਹੀਂ ਹੋਵੇਗਾ?

ਸਾਨੂੰ ਸਭ ਨੂੰ ਪਤਾ ਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜੋ ਅੱਜ ਵਜੂਦ ਹੈ, ਉਹ ਸਿੱਖ ਗੁਰਦੁਆਰਾ ਐਕਟ, 1925 ਦੇ ਕਾਨੂੰਨ ਅਧੀਨ ਹੈ। ਇਸ ਐਕਟ ਦੀਆਂ 161 ਧਾਰਾਵਾਂ ਹਨ ਅਤੇ ਇਸ ਐਕਟ ਨੂੰ 12 ਅਧਿਆਇ ਵਿਚ ਵੰਡਿਆ ਹੋਇਆ ਹੈ। ਇਸ ਵਿਚ ਤਿੰਨ ਸ਼ਡਿਊਲ ਅੰਕਿਤ ਕੀਤੇ ਗਏ ਹਨ। 1925 ਤੋਂ ਬਾਅਦ ਇਸ ਐਕਟ ਵਿਚ ਕੁਝ ਤਰਮੀਮਾਂ, ਕੁਝ ਨਵੇਂ ਨਿਯਮ ਵੀ ਬਣਾਏ ਗਏ ਹਨ। ਇੱਥੇ ਮੈਂ ਖਾਸ ਜ਼ਿਕਰ ਕਰਨਾ ਚਾਹਾਂਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਲਈ ਸਰਵਿਸ ਰੂਲਸ ਇੱਕ ਮਾਰਚ, 1997 ਤੋਂ, ਜੋ ਲਾਗੂ ਕੀਤੇ ਗਏ ਹਨ, ਉਸ ਦੀ ਧਾਰਾ ੧(ਕ) ਵਿਚ ਮੁਲਾਜ਼ਮਾਂ ਦੇ ਅਹੁਦਿਆਂ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਿ ਮੈਨੇਜਰ/ ਮੀਤ /ਖਜ਼ਾਨਚੀ/ ਕਲੈਰੀਕਲ/ ਟੈਕਨੀਕਲ ਸਟਾਫ ਤੇ ਜ/ਰਾਗੀ, ਗ੍ਰੰਥੀ ਸ/ਗ੍ਰੰਥੀ ਸ/ਰਾਗੀ/ ਜੋੜੀ ਵਾਲੇ ਤੇ ਹੈਲਪਰ। ਮਹੱਤਵਪੂਰਨ ਤੱਥ ਇਹ ਹੈ ਕਿ ਸਿੱਖ ਗੁਰਦੁਆਰਾ ਐਕਟ 1925 ਜਾਂ 1997 ਵਿਚ ਬਣਾਏ ਸਰਵਿਸ ਰੂਲਸ ਵਿਚ ਕਿਤੇ ਵੀ "ਜਥੇਦਾਰ" ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ।

ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਿੱਖ ਗੁਰਦੁਆਰਾ ਐਕਟ 1925 ਅਧੀਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਸਰਵਿਸ ਨਿਯਮ ਬਣਾਉਣ ਦਾ ਕੋਈ ਅਖਤਿਆਰ ਹੈ? ਜਦੋਂ ਅਸੀਂ ਸਿੱਖ ਗੁਰਦੁਆਰਾ ਐਕਟ, 1925 ਦੀਆਂ ਵੱਖ-ਵੱਖ ਧਰਾਵਾਂ ਦਾ ਬਰੀਕੀ ਨਾਲ ਅਧਿਅਨ ਕਰਦੇ ਹਾਂ, ਤਾਂ ਉਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਅਧੀਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੋਚ ਸਮਝ ਕੇ ਸਿੱਖ ਗੁਰਦੁਆਰਾ ਐਕਟ ਦੇ ਘੇਰੇ ਵਿਚ ਨਹੀਂ ਲਿਆਂਦਾ ਗਿਆ। ਅੰਗਰੇਜ਼ਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਇਸ ਐਕਟ ਵਿਚ ਕਿਤੇ ਵੀ ਜ਼ਿਕਰ ਨਹੀਂ ਕੀਤਾ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਅੰਗਰੇਜ਼ਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜਾ ਉਸਦੇ



ਜਥੇਦਾਰ ਦੀ ਪਦਵੀ ਬਾਰੇ ਪਤਾ ਨਹੀਂ ਸੀ। ਉਨ੍ਹਾਂ ਨੇ ਸਭ ਕੁਝ ਜਾਣਦੇ ਹੋਏ ਵੀ ਇਸ ਨੂੰ ਕਾਨੂੰਨ ਦੇ ਘੇਰੇ ਵਿਚ ਨਹੀਂ ਲਿਆਂਦਾ, ਕਿਉਂਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਹੋਣ ਅਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ ਸਨ। ਇਸ ਐਕਟ ਵਿਚ "ਮਨਿਸਟਰ" ਅਤੇ "ਹੈੱਡ ਮਨਿਸਟਰ" ਦਾ ਸ਼ਬਦ ਵਰਤਿਆ ਗਿਆ ਹੈ। ਹੁਣ ਸਵਾਲ ਇਹ ਹੈ ਕਿ ਕੀ ਅਸੀਂ ਮਨਿਸਟਰ ਜਾਂ ਹੈੱਡ ਮਨਿਸਟਰ ਦਾ ਮਤਲਬ "ਜਥੇਦਾਰ" ਕਹਿ ਸਕਦੇ ਹਾਂ। ਬਿਲਕੁਲ ਵੀ ਨਹੀਂ! ਕਾਨੂੰਨੀ ਪੱਖੋਂ ਮੈਂ ਇਸ ਦਾ ਇਕ ਸਬੂਤ ਦਿੰਦਾ ਹਾਂ। ਐਕਟ ਦੀ ਧਾਰਾ 43 ਜਾਂ 43ਏ ਦੇ ਵਿਚ "ਬੋਰਡ" (ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੋ ਜਾਣਿਆ ਜਾਂਦਾ ਹੈ) ਦੀ ਬਣਤਰ ਬਾਰੇ ਲਿਖਿਆ ਗਿਆ ਹੈ। ਇਸ ਅਨੁਸਾਰ ਚੁਣੇ ਗਏ 140 ਮੈਂਬਰਾਂ ਤੋਂ ਬਿਨਾਂ "ਹੈੱਡ ਮਨਿਸਟਰ ਦਰਬਾਰ ਸਾਹਿਬ ਅੰਮ੍ਰਿਤਸਰ" ਅਤੇ ਚਾਰ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਸ੍ਰੀ ਤਖ਼ਤ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਸ੍ਰੀ ਤਖ਼ਤ ਪਟਨਾ ਸਾਹਿਬ ਪਟਨਾ, ਸ੍ਰੀ ਤਖ਼ਤ ਹਜ਼ੂਰ ਸਾਹਿਬ ਨੰਦੇੜ ਅਤੇ 15 ਹੋਰ ਭਾਰਤੀ ਵਾਸੀ...। ਹੁਣ ਬਹੁਤ ਹੀ ਮਹੱਤਵਪੂਰਨ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਧਾਰਾ ਵਿਚ ਸ਼ਬਦ ਵਰਤੇ ਗਏ ਹਨ "ਹੈੱਡ ਮਨਿਸਟਰ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਚਾਰ ਤਖਤ ਸਾਹਿਬ"। ਕੀ ਦਰਬਾਰ ਸਾਹਿਬ ਦਾ ਕੋਈ ਜਥੇਦਾਰ ਹੋਇਆ ਹੈ ਜਾਂ ਹੁਣ ਹੈ? ਇਸ ਦਾ ਉੱਤਰ ਸਾਫ ਹੈ ਕਿ ਨਹੀਂ! ਕਾਨੂੰਨੀ ਪੱਖੋਂ "ਹੈੱਡ ਮਨਿਸਟਰ" ਸ਼ਬਦ "ਹੈੱਡ ਗ੍ਰੰਥੀ" ਲਈ ਵਰਤਿਆ ਗਿਆ ਹੈ। ਕਾਨੂੰਨ ਦੇ ਸਿਧਾਂਤਾਂ ਅਨੁਸਾਰ ਇੱਕ ਐਕਟ ਵਿਚ ਵਰਤੇ ਗਏ ਸ਼ਬਦ ਦੇ ਕਦੇ ਵੀ ਦੋ ਅਰਥ ਜਾਂ ਮਤਲਬ ਨਹੀਂ ਹੋ ਸਕਦੇ। ਜੇ ਹੈੱਡ ਮਨਿਸਟਰ ਸ਼ਬਦ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਤੌਰ 'ਤੇ ਵਰਤਿਆ ਗਿਆ ਹੈ, ਤਾਂ ਇਹ ਸ਼ਬਦ ਅਕਾਲ ਤਖਤ ਦੇ ਜਥੇਦਾਰਾਂ ਲਈ ਵਰਤਣਾ ਕਾਨੂੰਨਨ ਤੌਰ 'ਤੇ ਗ਼ਲਤ ਹੋਵੇਗਾ। ਇਸ ਲਈ ਇਹ ਸਪੱਸ਼ਟ ਹੈ ਕਿ ਹੈੱਡ ਮਨਿਸਟਰ ਸ਼ਬਦ ਦਰਬਾਰ ਸਾਹਿਬ ਅਤੇ ਚਾਰ ਤਖਤਾਂ ਦੇ ਮੁੱਖ ਗ੍ਰੰਥੀ ਲਈ ਵਰਤਿਆ ਗਿਆ ਹੈ। ਹੁਣ ਇੱਕ ਬਹੁਤ ਹੀ ਮਹੱਤਵਪੂਰਨ ਸਵਾਲ, ਸਭ ਦੇ ਜ਼ਿਹਨ ਵਿਚ ਆਵੇਗਾ ਕਿ, ਕੀ ਅਕਾਲ ਤਖਤ ਗੁਰਦੁਆਰਾ ਹੈ ਜਾਂ ਮੀਰੀ-ਪੀਰੀ ਸਿਧਾਂਤਕ ਸੰਸਥਾ? ਇਸ ਦਾ ਜਵਾਬ ਸਿੱਖ ਗੁਰਦੁਆਰਾ ਐਕਟ ਦੀ ਧਾਰਾ 85 ਤੋਂ ਸਪਸ਼ੱਟ ਤੌਰ 'ਤੇ ਮਿਲ ਜਾਂਦਾ ਹੈ, ਜਿਸ ਵਿਚ ਗੁਰਦੁਆਰਿਆਂ ਦੀ ਪ੍ਰਬੰਧਕ ਪ੍ਰਬੰਧਕੀ ਕਮੇਟੀ ਬਾਰੇ ਲਿਖਿਆ ਗਿਆ ਹੈ। ਇਸ ਵਿਚ ਜਿਨ੍ਹਾਂ ਗੁਰਦੁਆਰਿਆਂ ਦੇ ਨਾਂਓ ਦਿੱਤੇ ਗਏ ਹਨ, ਉਨ੍ਹਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਅਤੇ ਸ੍ਰੀ ਤਖਤ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਨੂੰ ਅੰਕਿਤ ਕੀਤਾ ਗਿਆ ਹੈ। ਇਸ ਦਾ ਇੱਕ ਹੋਰ ਸਬੂਤ ਸਿੱਖ ਗੁਰਦੁਆਰਾ ਐਕਟ ਦੀ ਅਨੁਸੂਚੀ 1 (Schedule I) ਵਿਚੋਂ ਵੀ ਮਿਲ ਜਾਂਦਾ ਹੈ ਅਤੇ ਇਸ ਅਨੁਸੂਚੀ ਵਿਚ ਜੋ 415 ਗੁਰਦੁਆਰਿਆਂ ਦੇ ਨਾਂਓ ਲਿਖੇ ਗਏ ਸਨ, ਉਸ ਦੇ 26ਵੇਂ ਨੰਬਰ 'ਤੇ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦਾ ਨਾਂਓ, 27ਵੇਂ ਨੰਬਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ (ਅਕਾਲ ਬੁੰਗਾ) ਅਤੇ 118 ਨੰਬਰ 'ਤੇ ਸ੍ਰੀ ਤਖ਼ਤ ਕੇਸਗੜ੍ਹ ਸਾਹਿਬ, ਅਨੰਦਪੁਰ ਦਰਜ ਕੀਤਾ ਹੋਇਆ ਹੈ।

ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਗੁਰਦੁਆਰਾ ਵੀ ਹਨ, ਜਿਨ੍ਹਾਂ ਵਿਚ ਧਾਰਮਿਕ ਰਸਮ ਮਰਿਆਦਾ ਰੱਖਣ ਦੀ ਜ਼ਿੰਮੇਵਾਰੀ ਹੈੱਡ ਮਨਿਸਟਰ ਜਾਂ ਹੈਡ ਗ੍ਰੰਥੀ ਸਾਹਿਬ 'ਤੇ ਹੈ। ਜਿਵੇਂ ਕਿ ਮੈਂ ਉੱਪਰ ਲਿਖ ਚੁੱਕਿਆ ਹਾਂ, ਇਨ੍ਹਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੇਵਾ ਨਿਯਮ 1997 ਤੋਂ ਹੀ ਲਾਗੂ ਕਰ ਦਿੱਤੇ ਗਏ ਹਨ।

ਜਦੋਂ ਅਸੀਂ ਸਿੱਖ ਗੁਰਦੁਆਰਾ ਐਕਟ, 1925 ਦੇ ਬਣਨ ਅਤੇ ਉਸ ਤੋਂ ਪਹਿਲਾਂ ਦੇ ਇਤਿਹਾਸਿਕ ਪਿਛੋਕੜ ਵੱਲ ਝਾਤੀ ਮਾਰਦੇ ਹਾਂ, ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ ਪੰਥ ਵੱਲੋਂ ਮਹੰਤਾ ਜਾਂ ਮਸੰਦਾਂ ਆਦਿ ਤੋਂ ਕੰਟਰੋਲ ਛੁਡਵਾ ਕੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਪ੍ਰਾਪਤ ਕਰਨ ਲਈ ਹੀ ਇਹ ਕਾਨੂੰਨ ਦੀ ਮੰਗ ਕੀਤੀ ਗਈ ਸੀ ਅਤੇ ਅੰਗਰੇਜ਼ਾਂ ਨੇ 1925 ਵਿਚ ਇਹ ਐਕਟ ਬਣਾਉਣ ਸਮੇਂ ਇਸ ਦੇ ਸ਼ੁਰੂ ਵਿਚ ਹੀ ਇਹ ਲਿਖ ਦਿੱਤਾ ਸੀ ਕਿ "ਇਹ ਐਕਟ ਕੁਝ ਸਿੱਖ ਗੁਰਦੁਆਰਿਆਂ ਅਤੇ ਇਸ ਦੇ ਨਾਲ ਜੁੜੇ ਮਾਮਲਿਆਂ ਵਿਚ ਇੱਕ ਬਿਹਤਰ ਪ੍ਰਸ਼ਾਸਨ ਦਾ ਪ੍ਰਬੰਧ ਕਰਨ ਲਈ ਹੈ"। ਜਿਵੇਂ ਅਸੀਂ ਉੱਪਰ ਵੇਖ ਆਏ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਦੋ ਵੱਖ-ਵੱਖ ਹਸੀਅਤ ਹਨ, ਇੱਕ ਸਿੱਖ ਗੁਰਦੁਆਰਾ ਐਕਟ ਵੱਲੋਂ ਘੋਸ਼ਿਤ "ਗੁਰਦੁਆਰਾ ਸਾਹਿਬ" ਅਤੇ ਦੂਜੀ ਸਿੱਖ ਧਰਮ ਦੇ ਇਤਿਹਾਸ ਸਿਧਾਂਤਾਂ ਮਰਿਆਦਾ 'ਤੇ ਆਧਾਰਿਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਸਥਾਪਿਤ ਮੀਰੀ ਪੀਰੀ ਦਾ "ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ", ਜੋ ਕਿ ਅਲਾਹੀ ਆਦੇਸ਼ ਦਾ ਅਸਥਾਨ ਹੈ। ਇਸ ਲਈ ਜਦੋਂ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਗੁਰਦੁਆਰਾ ਦੀ ਗੱਲ ਕਰਦੇ ਹਾਂ, ਤਾਂ ਇਹ ਨਿਸ਼ਚੇ ਹੀ ਸ਼੍ਰੋਮਣੀ ਗੁਰਦੁਆਰਾ ਐਕਟ ਦੇ ਘੇਰੇ ਵਿਚ ਆਉਂਦਾ ਹੈ ਅਤੇ ਇਸ ਦਾ ਹੈੱਡ ਮਨਿਸਟਰ ਯਾਨੀ ਹੈੱਡ ਗ੍ਰੰਥੀ ਅਤੇ ਮਨਿਸਟਰ ਯਾਨੀ ਗ੍ਰੰਥੀ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ। ਪਰ ਮੀਰੀ ਪੀਰੀ ਦੇ ਸਿਧਾਂਤ ਤੇ ਸਥਾਪਤ ਪ੍ਰਭੂਸਤਾ ਸੰਪਨ ਹਸਤੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਐਕਟ, 1925 ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਜਾਂ ਇਸ ਦੇ ਅਧਿਕਾਰ ਖੇਤਰ ਵਿਚ ਬਿਲਕੁਲ ਵੀ ਨਹੀਂ ਆਉਂਦੇ।

ਇੱਕ ਹੋਰ ਬਹੁਤ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਲਾਹੀ ਆਦੇਸ਼ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਵਸਦੇ ਸਿੱਖਾਂ ਅਤੇ ਸਿੱਖਾਂ ਨਾਲ ਸੰਬੰਧਿਤ ਗੁਰਦੁਆਰਿਆਂ 'ਤੇ ਲਾਗੂ ਹੁੰਦੇ ਹਨ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਧਿਕਾਰ ਖੇਤਰ ਸਾਰੀ ਦੁਨੀਆਂ ਵਿਚ ਵੱਸਦੇ ਸਿੱਖਾਂ 'ਤੇ ਲਾਗੂ ਹੁੰਦਾ ਹੈ, ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਧਿਕਾਰ ਖੇਤਰ ਸਿਰਫ ਗੁਰਦੁਆਰਿਆਂ ਦੇ ਪ੍ਰਬੰਧਨ ਅਤੇ ਉਹ ਵੀ ਅੱਜ ਦੇ ਪੰਜਾਬ ਜਾਂ ਕੁਝ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਗੁਰਦੁਆਰਿਆਂ ਤੱਕ ਸੀਮਤ ਹੈ। ਭਾਰਤ ਵਿਚ ਵੱਖ-ਵੱਖ ਰਾਜਾਂ ਵਿਚ ਸਿੱਖ ਗੁਰਦੁਆਰਿਆਂ ਦੇ ਲਈ ਵੱਖਰਾ-ਵੱਖਰਾ ਕਾਨੂੰਨ ਹੈ, ਜਿਵੇਂ ਕਿ ਹਰਿਆਣਾ ਸਿੱਖ ਗੁਰਦੁਆਰਾ (ਮੈਨੇਜਮੈਂਟ) ਐਕਟ, 2014; ਦਿੱਲੀ ਸਿੱਖ ਗੁਰਦੁਆਰਾ ਐਕਟ, 1971; ਕੋਨਸਟੀਟਿਊਸ਼ਨ ਆਫ ਸ੍ਰੀ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ,1956; ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ, 1956 ਅਤੇ ਜੰਮੂ ਐਂਡ ਕਸ਼ਮੀਰ ਸਿੱਖ ਗੁਰਦੁਆਰਾ ਅਤੇ ਇੰਡੋਵਮੈਂਟ ਐਕਟ, 1973 ਬਣੇ ਹੋਏ ਹਨ।

ਇੱਥੇ ਮੈਂ ਤੁਹਾਡੇ ਨਾਲ ਇੱਕ ਇਤਿਹਾਸਿਕ ਤੱਤ ਸਾਂਝਾ ਕਰਨਾ ਚਾਹੁੰਦਾ ਹਾਂ :- 1999 ਵਿਚ ਜਦੋਂ ਭਾਈ ਰਣਜੀਤ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਵਿਵਾਦ ਉੱਠਿਆ, ਤਾਂ ਮੇਰਾ ਅਖਬਾਰਾਂ ਵਿਚ ਇੱਕ ਆਰਟੀਕਲ ਛਪਿਆ, ਜਿਸ ਦਾ ਸਿਰਲੇਖ ਸੀ, "ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਘੇਰੇ ਵਿਚ ਨਹੀਂ ਆਉਂਦਾ"। ਜਦੋਂ ਉਸ ਵਕਤ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਹ ਲੇਖ ਪੜ੍ਹਿਆ, ਤਾਂ ਉਨ੍ਹਾਂ ਨੇ ਮੇਰੇ ਨਾਲ ਮੁਲਾਕਾਤ ਦੀ ਇੱਛਾ ਜਤਾਈ। ਮੇਰੀ ਤੇ ਉਨ੍ਹਾਂ ਦੀ ਮੁਲਾਕਾਤ ਉਨ੍ਹਾਂ ਦੇ ਜੱਦੀ ਪਿੰਡ ਟੌਹੜਾ ਵਿਖੇ ਉਨ੍ਹਾਂ ਦੀ ਰਹਾਇਸ਼ 'ਤੇ ਹੋਈ। ਜਦੋਂ ਦੋ ਘੰਟਿਆਂ ਦੀ ਇਸ ਮੀਟਿੰਗ ਵਿਚ ਮੈਂ ਉੱਪਰ ਦਿੱਤੇ ਸਾਰੇ ਤੱਥ ਉਨ੍ਹਾਂ ਨੂੰ ਦੱਸੇ, ਤਾਂ ਉਨ੍ਹਾਂ ਨੇ ਬਸ ਇੰਨਾ ਹੀ ਕਿਹਾ ਕਿ ਸਾਡੇ ਵਕੀਲ ਸਿਰਫ਼ ਸਮਰੀਆਂ ਹੀ ਪੜ੍ਹੀ ਜਾਂਦੇ ਨੇ, ਕਦੇ ਉਨ੍ਹਾਂ ਨੇ ਵਿਸਥਾਰਪੂਰਵਕ ਇਹ ਸਾਰੀ ਜਾਣਕਾਰੀ ਮੈਨੂੰ ਨਹੀਂ ਦਿੱਤੀ। ਉਸ ਤੋਂ ਬਾਅਦ ਉਨ੍ਹਾਂ ਨੇ ਇੱਕ ਮੀਟਿੰਗ ਉਸ ਵਕਤ ਵਰਲਡ ਸਿੱਖ ਕੌਂਸਲ ਦੇ ਚੇਅਰਮੈਨ ਜਸਟਿਸ ਕੁਲਦੀਪ ਸਿੰਘ ਦੇ ਗ੍ਰਹਿ, ਪੰਚਕੂਲਾ ਵਿਖੇ ਰੱਖੀ। ਜਿਸ ਵਿਚ ਟੌਹੜਾ ਸਾਹਿਬ ਜਸਟਿਸ ਕੁਲਦੀਪ ਸਿੰਘ ਅਤੇ ਦਾਸ ਸ਼ਾਮਲ ਸੀ। ਜਦੋਂ ਇਹ ਸਾਰਾ ਕੁਝ ਜਸਟਿਸ ਕੁਲਦੀਪ ਸਿੰਘ ਉਨ੍ਹਾਂ ਨੂੰ ਮੈਂ ਵਿਸਥਾਰਪੂਰਵਕ ਸਪੱਸ਼ਟ ਕੀਤਾ, ਤਾਂ ਉਨ੍ਹਾਂ ਨੇ ਟੌਹੜਾ ਸਾਹਿਬ ਤੋਂ ਪੁੱਛਿਆ ਕਿ, ਕੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੈੱਡ ਗ੍ਰੰਥੀ ਦੀ ਪੋਸਟ ਹੈ? ਤਾਂ ਉਨ੍ਹਾਂ ਦਾ ਜਵਾਬ ਸੀ, "ਜੀ ਹਾਂ" ਅਤੇ ਇਸ ਦੇ ਹੈੱਡ ਗ੍ਰੰਥੀ ਅੱਜਕੱਲ੍ਹ ਭਾਈ ਭਗਵਾਨ ਸਿੰਘ ਜੀ ਹਨ। ਜਸਟਿਸ ਕੁਲਦੀਪ ਸਿੰਘ ਨੇ ਸਪਸ਼ੱਟ ਸ਼ਬਦਾਂ ਵਿਚ ਕਿਹਾ, ਤਾਂ ਫਿਰ ਜੋ ਪ੍ਰੋਫੈਸਰ ਦਲਜੀਤ ਸਿੰਘ ਕਹਿ ਰਹੇ ਹਨ, ਇਹ ਬਿਲਕੁਲ ਠੀਕ ਹੈ। ਜੇ ਪਿਛੋਕੜ ਵੱਲ ਝਾਤੀ ਮਾਰੀਏ, ਤਾਂ 1999 ਵਿਚ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਹੋਈ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿਚ ਇਸ ਸਬੰਧੀ ਮਤਾ ਵੀ ਪਾਸ ਕੀਤਾ ਸੀ ਅਤੇ ਬਾਅਦ ਵਿਚ ਉਨ੍ਹਾਂ ਨੇ ਕਈ ਮੰਚਾਂ 'ਤੇ ਆਪ ਵੀ ਇਸ ਬਾਰੇ ਗੱਲ ਕੀਤੀ ਸੀ।

ਹੁਣ ਸਵਾਲ ਇਹ ਹੈ ਕਿ ਮੈਂ ਇਹ ਕਿਉਂ ਕਹਿ ਰਿਹਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਸਰਵਿਸ ਨਿਯਮ ਬਣਾਉਣਾ ਘਾਤਕ ਸਿੱਧ ਹੋਵੇਗਾ। ਭਾਵੇਂ ਕਿ ਮੈਂ ਉੱਪਰ ਇਹ ਸਪਸ਼ੱਟ ਕਰ ਚੁੱਕਿਆ ਹਾਂ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਨਹੀਂ ਆਉਂਦੇ ਅਤੇ ਇਹ ਆਪਣੇ ਆਪ ਵਿਚ ਪ੍ਰਭੂ ਸੰਪਨ ਆਜ਼ਾਦ ਹਸਤੀ ਵਾਲਾ ਸੰਕਲਪ ਹੈ, ਪਰ ਅੱਜਕੱਲ੍ਹ ਜਿਸ ਤਰੀਕੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਬਜ਼ ਧੜੇ ਵੱਲੋਂ ਆਪਣੇ ਰਾਜਸੀ ਆਕਾਵਾਂ ਦੀ ਇੱਛਾ ਪੂਰਤੀ ਜਾਂ ਉਨ੍ਹਾਂ ਦੇ ਰਾਜਸੀ ਹਿਤਾਂ ਨੂੰ ਪੂਰਨ ਲਈ ਜੋ ਮਤਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੰਬੋਧਿਤ, ਪੰਜ ਅਗਸਤ 2025 ਨੂੰ "ਹਾਰਦਿਕ ਅਪੀਲ" ਨੁਮਾ ਪਾਸ ਕੀਤਾ ਗਿਆ (ਭਾਵੇਂ ਕਿ ਉਸ ਦੀ ਸ਼ਬਦਾਵਲੀ ਕਿਸੇ ਆਦੇਸ਼ ਤੋਂ ਘੱਟ ਨਹੀਂ ਲੱਗਦੀ) ਅਤੇ ਜਿਸ ਤਰੀਕੇ ਦੇ ਨਾਲ ਪਹਿਲਾਂ ਰਹਿ ਚੁੱਕੇ ਪ੍ਰਚਾਰਕ ਅਤੇ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੂੰਹ ਹਨੇਰੇ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਥਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਣਾਏ ਗਏ ਕਾਰਜਕਾਰੀ ਜਥੇਦਾਰ ਵੱਲੋਂ 6 ਅਗਸਤ 2025 ਨੂੰ ਜੋ ਮਤਾ ਨੰਬਰ ੧, ਪੰਜ ਸਿੰਘ ਸਾਹਿਬਾਨਾਂ (ਭਾਵੇਂ ਕਿ ਉਨ੍ਹਾਂ ਵਿਚ ਸਿੰਘ ਸਾਹਿਬ ਨਹੀਂ, ਬਲਕਿ ਇੱਕ 'ਪਿਆਰੇ' ਮੰਗਲ ਸਿੰਘ ਜੀ ਸਨ, ਜੋ ਕਿ ਆਪਣੇ ਆਪ ਵਿਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰੋਕਤ ਮਤਾ ਨੰਬਰ 1 ਵਿਚ ਦਰਜ 1999 ਦੇ ਮਤੇ ਦੀ ਉਲੰਘਣਾ ਵੀ ਹੈ) ਪਾਸ ਕੀਤਾ ਗਿਆ। ਇਸ ਸਾਰੇ ਵਰਤਾਰੇ ਤੋਂ ਇੰਝ ਲੱਗਦਾ ਹੈ ਕਿ ਵਾੜ ਆਪ ਹੀ ਖੇਤ ਨੂੰ ਖਾਣ ਲੱਗ ਪਈ ਹੈ। ਅੱਜ ਮੇਰਾ ਮਤਿਆਂ ਬਾਰੇ ਵਿਸ਼ਾ ਨਾ ਹੋਣ ਕਰਕੇ, ਮੈਂ ਕੁਝ ਜ਼ਿਆਦਾ ਨਹੀਂ ਲਿਖਣਾ ਚਾਹੁੰਦਾ, ਪਰ ਇਹ ਜ਼ਰੂਰ ਕਹਾਂਗਾ ਕਿ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਅਤੇ ਪ੍ਰਭੂਸਤਾ ਸੰਪਨ ਹਸਤੀ ਨੂੰ ਢਹਿ-ਢੇਰੀ ਕਰਨ ਵਾਲਾ ਵਰਤਾਰਾ ਹੈ। ਮੈਂ ਇਸ ਵਰਤਾਰੇ ਬਾਰੇ ਇੱਥੇ ਕੁਝ ਹੋਰ ਨਹੀਂ ਕਹਿ ਸਕਦਾ। ਹੋ ਸਕਦਾ ਹੈ ਕਿ ਇਹ ਆਪਣੇ ਰਾਜਨੀਤਿਕ ਆਕਾਵਾਂ ਨੂੰ ਖੁਸ਼ ਕਰਨ ਲਈ ਜਾਂ ਸਿੱਖ ਵਿਰੋਧੀ ਤਾਕਤਾਂ ਜਾ ਸੰਸਥਾਵਾਂ ਵੱਲੋਂ 'ਜਾਣੇ ਅਣਜਾਣੇ' ਕੋਈ ਡੂੰਘੀ ਸਾਜ਼ਿਸ਼ ਦੇ ਜਾਲ ਵਿਚ ਫਸਣ ਕਰਕੇ ਹੋਵੇ।

ਆਖਰ ਵਿਚ ਮੈਂ ਕਾਨੂੰਨ ਪੱਖੋਂ ਇੱਕ ਮਹੱਤਵਪੂਰਨ ਨੁਕਤਾ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਜੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਵਿਸ ਨਿਯਮ ਬਣਾਉਂਦੀ ਹੈ, ਤਾਂ ਉਹ ਨਿਸ਼ਚੇ ਹੀ, ਇਸਦੇ ਮੁਲਾਜ਼ਮ (ਨੌਕਰ) ਬਣ ਜਾਣਗੇ। ਮੈਂ ਨੌਕਰ ਸ਼ਬਦ (ਬਹੁਤ ਹੀ ਭਰੇ ਦਿਲ ਨਾਲ ਲਿਖ ਰਿਹਾ ਹਾਂ) ਸੱਚਾਈ ਇਹ ਹੈ ਕਿ ਸਿੱਖ ਗੁਰਦੁਆਰਾ ਐਕਟ ਦੀ ਧਾਰਾ 69 ਵਿਚ "ਬੋਰਡ ਦੇ ਨੌਕਰਾਂ (Servants) ਦੀ ਨਿਯੁਕਤੀ ਅਤੇ ਸਜ਼ਾ ਬਾਰੇ ਲਿਖਿਆ ਗਿਆ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਇਸ ਧਾਰਾ ਵਿਚ ਚਾਰ ਵਾਰ "ਨੌਕਰ" ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਨਾ ਕਿ "employ"(ਕਰਮਚਾਰੀ ਜਾਂ ਮੁਲਾਜ਼ਮ) ਦੀ। ਜੇ ਜਥੇਦਾਰ ਸਾਹਿਬ ਬਾਰੇ ਇਹ ਸਰਵਿਸ ਨਿਯਮ ਬਣਾਏ ਜਾਂਦੇ ਹਨ, ਤਾਂ ਉਹ ਕਾਨੂੰਨ ਦੇ ਘੇਰੇ ਵਿਚ ਆ ਜਾਣਗੇ ਅਤੇ ਉਨ੍ਹਾਂ ਦੀ ਨਿਯੁਕਤੀ ਜਾਂ ਸਜ਼ਾ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਂ ਅਧਿਕਾਰ ਮਿਲ ਹੀ ਜਾਵੇਗਾ, ਪਰ ਇਸ ਦਾ ਬਹੁਤ ਹੀ ਭਿਆਨਕ ਨਤੀਜਾ ਇਹ ਹੋਵੇਗਾ ਕਿ ਜਥੇਦਾਰ ਬਾਰੇ ਅਦਾਲਤਾਂ ਵਿਚ ਮੁਕੱਦਮੇ ਕਾਨੂੰਨੀ ਤੌਰ 'ਤੇ ਲੜੇ ਜਾ ਸਕਣਗੇ। ਭਾਰਤ ਦੇ ਕਾਨੂੰਨ ਅਨੁਸਾਰ ਜਥੇਦਾਰ ਸਾਹਿਬ ਕਿਸੇ ਨੂੰ ਧਰਮ ਵਿਚੋਂ ਛੇਕ ਨਹੀਂ ਸਕਣਗੇ ਜਾਂ ਕੋਈ ਸਜ਼ਾ ਨਹੀਂ ਦੇ ਸਕਣਗੇ। ਉਨ੍ਹਾਂ ਵੱਲੋਂ ਕੀਤੇ ਮਤੇ ਜਾਂ ਹੁਕਮਨਾਮਿਆ ਬਾਰੇ ਜਾਂ ਉਨ੍ਹਾਂ ਦੀ ਨਿਯੁਕਤੀ ਬਾਰੇ ਕੋਈ ਵੀ ਅਦਾਲਤਾਂ ਵਿਚ ਜਾ ਕੇ ਪਟੀਸ਼ਨ ਕਰ ਸਕੇਗਾ ਜਾਂ ਉਹ ਖੁਦ ਕਰ ਸਕਣਗੇ। ਇਸ ਦੇ ਸਬੂਤ ਵਜੋਂ, ਮੈਂ ਭਾਰਤ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਵੱਲੋਂ ਕੀਤਾ 2011 ਦਾ ਫੈਸਲਾ, ਦਿਲਜੀਤ ਸਿੰਘ ਬੇਦੀ ਬਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੇਣਾ ਚਾਹੁੰਦਾ ਹਾਂ।

ਹੁਣ ਸਭ ਦੇ ਜ਼ਿਹਨ ਵਿਚ ਇਹ ਸਵਾਲ ਆਏਗਾ ਕਿ ਜੇ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੈ, ਤਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਨਿਯੁਕਤ ਕੀਤਾ ਜਾ ਸਕਦਾ ਹੈ? ਅਤੇ ਉਨ੍ਹਾਂ ਦੀ ਨਿਯੁਕਤੀ ਕੌਣ ਕਰ ਸਕਦਾ ਹੈ? ਭਾਵੇਂ ਇਹ ਅੱਜ ਦਾ ਵਿਸ਼ਾ ਨਹੀਂ ਹੈ, ਪਰ ਸੰਖੇਪ ਵਿਚ ਮੈਂ ਇਸ ਦਾ ਜਵਾਬ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ। ਜਿਸ ਤਰੀਕੇ ਦੇ ਨਾਲ ਇਸਾਈਆਂ ਦੇ ਵਿਚ ਪੋਪ ਨੂੰ ਨਿਯੁਕਤ ਕੀਤਾ ਜਾਂਦਾ ਹੈ, ਉਸੇ ਤਰਜ 'ਤੇ ਸਿੱਖ ਮਰਿਆਦਾ ਨੂੰ ਮੁੱਖ ਰੱਖਦੇ ਹੋਏ, ਦੁਨੀਆਂ ਦੇ ਵਿਚ ਵਸਦੇ ਵੱਖ-ਵੱਖ ਦੇਸ਼ਾਂ ਵਿਚ ਸਿੱਖਾਂ ਦੀ ਆਬਾਦੀ ਆਧਾਰਿਤ ਪ੍ਰਤੀਨਿਧਤਾ ਨਿਰਧਾਰਿਤ ਕਰਕੇ, ਇੱਕ "ਇਲੈਕਟੋਰਲ ਕਾਲਜ" ਬਣਾਇਆ ਜਾ ਸਕਦਾ ਹੈ, ਜਿਸ ਵੱਲੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਨਿਯੁਕਤੀ ਕੀਤੀ ਜਾ ਸਕਦੀ ਹੈ। ਅਕਾਲ ਤਖਤ ਸਾਹਿਬ ਨੂੰ ਵਿੱਤੀ ਤੌਰ ਅਤੇ ਕਾਰਜਸ਼ੀਲਤਾ ਲਈ ਸੰਪੂਰਨ ਤੌਰ 'ਤੇ ਆਜ਼ਾਦ ਬਣਾਉਣ ਲਈ ਭਾਰਤ ਦੀਆਂ ਸਾਰੀਆਂ ਕਾਨੂੰਨੀ ਸਥਾਪਿਤ ਸਿੱਖ ਕਮੇਟੀਆਂ ਅਤੇ ਦੇਸ਼ ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਜਾਂ ਗੁਰਦੁਆਰਿਆਂ ਵੱਲੋਂ ਉਦਮ ਕੀਤਾ ਜਾ ਸਕਦਾ ਹੈ। ਇਸ ਬਾਰੇ ਵਿਸਥਾਰਪੂਰਵਕ ਚਰਚਾ ਮੈਂ ਆਪਣੇ ਅਗਲੇ ਲੇਖ ਵਿਚ ਕਰਨ ਦੀ ਕੋਸ਼ਿਸ਼ ਕਰਾਂਗਾ ਜੀ।

# ਹਰਜੀਤ ਸਿੰਘ ਸੰਧੂ ਦੀ ਕਿਤਾਬ "ਥੱਕੇ-ਹਾਰੇ ਸ਼ਹਿਰ ਦੀ ਨੀਂਦ" ਕਾਵਿ ਸੰਗ੍ਰਹਿ ਦੀ ਸੰਵੇਦਨਸ਼ੀਲਤਾ

-ਦਿਲਜੀਤ ਸਿੰਘ ਬੇਦੀ
ਪੰਜਾਬ ਮੇਲ USA



ਇਸ ਹੱਥਲੀ ਕਿਤਾਬ ਵਿਚ ਲੇਖਕ ਨੇ 43 ਕਵਿਤਾਵਾਂ ਦਰਜ਼ ਕੀਤੀਆਂ ਹਨ, ਜਿਨ੍ਹਾਂ ਵਿਚ ਥੱਕੇ-ਹਾਰੇ ਸ਼ਹਿਰ ਦੀ ਨੀਂਦ, ਗੋਦੀ ਮੀਡੀਆ, ਕਿਸ ਨੂੰ ਖ਼ਬਰ ਸੀ, ਕਿਉਂ ਨਾ ਹੋਵੇ, ਕਰਤਾਰਪੁਰ ਵਾਲ਼ਿਆ ਬਾਬਾ!, ਪਿੰਡ ਉਦਾਸ ਹੈ, ਮੇਰੇ ਹਿੱਸੇ ਦੀ ਕਵਿਤਾ, ਸਿਰਾਂ ਵਾਲ਼ੇ, ਜਦੋਂ-1, ਜਦੋਂ-2, ਜਦੋਂ-3, ਬੁਰਜੁਆ ਡੈਮੋਕ੍ਰੇਸੀ, ਸਿਆਸਤਦਾਨ, ਵਤਨ, ਸਫ਼ਰ ਤੇ ਫ਼ਾਸਲੇ, ਮਹਿੰਦੀ-ਮੁਕਾਬਲੇ, ਇੰਜ ਹੀ ਰਿਹਾ ਜੇ-1, ਇੰਜ ਹੀ ਰਿਹਾ ਜੇ-2, ਨੰਗੀ ਕਵਿਤਾ, ਆਪਣੇ ਲਗਦੇ ਖ਼ਤਰਨਾਕ ਲੋਕ, ਯਾਦ ਨਹੀਂ?, ਕਾਰਲ ਮਾਰਕਸ ਨੂੰ, ਲਟਕਦੇ ਪ੍ਰਸ਼ਨ, ਸ਼ਬਦਾਂ ਦੇ ਜਾਦੂਗਰ-1, ਸ਼ਬਦਾਂ ਦੇ ਜਾਦੂਗਰ-2, ਸ਼ਬਦਾਂ ਦੇ ਜਾਦੂਗਰ-3, ਸ਼ਬਦਾਂ ਦੇ ਜਾਦੂਗਰ-4, ਸ਼ਬਦਾਂ ਦੇ ਜਾਦੂਗਰ-5, ਹਿਸਾਬ ਬੈਠਾ ਹੈ, ਆਪਾਂ ਧਰਤੀ-ਪੁੱਤਰ, ਤੇਰੇ ਹਜ਼ੂਰ ਮੇਰੇ ਪੰਜਾਬ !-1, ਤੇਰੇ ਹਜ਼ੂਰ ਮੇਰੇ ਪੰਜਾਬ!-2, ਜੰਗਾਂ ਵਿਚ ਸੁਪਨੇ ਸਾਂਭਦੇ ਬੱਚਿਆਂ ਨੂੰ, ਸੱਤਾ-ਮੰਤਰ, ਜੇ ਆਪਾਂ, ਉਹ ਜਾਣ ਗਏ ਨੇ, ਕਦੇ ਤੂੰ ਅੰਨ-ਦਾਤਾ ਸੀ, ਭਵਿੱਖ ਦੀ ਫ਼ਿਕਰਮੰਦੀ, ਕਿਹਨਾਂ ਨਾਲ਼ ਹੋ, ਚਿੰਤਕਾਂ ਦੀ ਚਿੰਤਾ, ਕਾਫ਼ਿਲੇ ਤੋਂ ਅੱਡ ਹੋਣਾ, ਕ੍ਰਾਂਤੀ ਦੇ ਵਣਜਾਰੇ, ਕਵਿਤਾ ਚਾਹੁੰਦੀ ਹੈ, ਸ਼ਾਮਲ ਹਨ। ਇਕ ਕਵਿਤਾ ਦਾ ਸਿਰਲੇਖ ਪੰਜ ਪੰਜ ਕਵਿਤਾਵਾਂ ਨੂੰ ਜਨਮ ਦੇਂਦਾ ਹੈ। ਏਵੇਂ ਹੀ ਦੋ ਦੋ ਕਵਿਤਾਵਾਂ ਇਕੋ ਸਿਰਲੇਖ ਹੇਠ ਪ੍ਰਕਾਸ਼ਤ ਹੋਈਆਂ ਹਨ।

ਉਘੇ ਗ਼ਜ਼ਲਗੋ ਅਲੋਚਕ ਸ. ਸਰਬਜੀਤ ਸਿੰਘ ਸੰਧੂ ਨੇ "ਥੱਕੇ ਹਾਰੇ ਸ਼ਹਿਰ ਨਾਲ ਖਲੋਂਦੀ" ਕਵਿਤਾ ਦੇ ਸਿਰਲੇਖ ਕਿਤਾਬ ਦਾ ਮੁੱਖਬੰਦ ਕੁੰਜੀਵੰਤ ਕੀਤਾ ਹੈ। ਉਸ ਦੀ ਸਮੀਖਿਆ ਹੀ ਹੂਬਹੂ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ। ਸੱਭਿਆਚਾਰ ਮਨੁੱਖੀ ਇਤਿਹਾਸ ਦਾ ਇਕ ਖ਼ਾਸ ਪੜਾਅ ਹੈ, ਜਿੱਥੇ ਉਹਦੀ ਦੂਸਰੇ ਸਮੂਹਾਂ ਤੋਂ ਅਲੱਗ ਪਹਿਚਾਣ ਬਣਦੀ ਹੈ, ਸੰਸਾਰੀਕਰਨ ਦੇ ਦੌਰ ਨੇ ਸੰਸਾਰ ਦੇ ਵਿਭਿੰਨ ਸੱਭਿਆਚਾਰਾਂ ਵਿਚਕਾਰ ਮੇਲਾਂ, ਸੰਵਾਦਾਂ, ਟਕਰਾਵਾਂ ਦਾ ਰਣਖੇਤਰ ਸਿਰਜ ਦਿੱਤਾ ਹੈ, ਤਾਂ ਪੰਜਾਬੀ ਮਨੁੱਖ ਦਾ ਇਸ ਪ੍ਰਕਿਰਿਆ ਤੋਂ ਬੇਲਾਗ ਰਹਿਣਾ ਨਾਮੁਮਕਿਨ ਹੈ। ਹਰਜੀਤ ਸਿੰਘ ਸੰਧੂ ਨੇ ਸੱਭਿਆਚਾਰਕ ਪਰਿਵੇਸ਼ ਦੀਆਂ ਕਵਿਤਾਵਾਂ ਵਿਅੰਗ ਦੀਆਂ ਸੂਖਮ ਛੋਹਾਂ ਦੇ ਕੇ ਲਿਖੀਆਂ ਹਨ। ਭਾਸ਼ਾ ਹੀ ਕਵਿਤਾ ਦਾ ਮਾਧਿਅਮ ਬਣਦੀ ਹੈ। ਕਵਿਤਾ ਦੀ ਭਾਸ਼ਾ ਉਹਦੇ ਬਲਣਹਾਰਿਆਂ ਤੋਂ ਆਉਂਦੀ ਹੈ।

ਉਹਦੀ ਕਵਿਤਾ ਵਿਚਲੇ ਵਿਚਾਰ, ਪ੍ਰਤੀਕ, ਵਿਅੰਗ ਦੀਆਂ ਵਿਧੀਆਂ, ਭਾਸ਼ਾ ਦੀ ਵਰਤੋਂ, ਕਾਵਿ-ਲੈਅ ਉਹਦੀ ਆਪਣੀ ਕਮਾਈ ਹਨ, ਜਿਹੜੇ ਉਸਦੀ ਵਿਅਕਤੀਗਤ ਕਾਵਿ-ਸ਼ੈਲੀ ਨੂੰ ਘੜਦੇ ਹਨ। ਉਹਦੀ ਕਵਿਤਾ ਦੇ ਪ੍ਰਤੀਕ/ਬਿੰਬ ਸਾਧਾਰਨ ਹੁੰਦੇ ਹੋਏ ਵੀ ਵਿਲੱਖਣ ਹਨ, ਜਿਨ੍ਹਾਂ ਨੂੰ ਨਿਹਾਰਦਿਆਂ ਉਹਦੀ ਕਵਿਤਾ ਦੇ ਅਰਥਾਂ ਦੀਆਂ ਪਰਤਾਂ ਆਸਾਨੀ ਨਾਲ ਖੁੱਲ੍ਹਦੀਆਂ ਜਾਂਦੀਆਂ ਹਨ। ਇਸ ਸੰਗ੍ਰਹਿ ਦੀ ਪਹਿਲੀ ਹੀ ਕਵਿਤਾ 'ਥੱਕੇ-ਹਾਰੇ ਸ਼ਹਿਰ ਦੀ ਨੀਂਦ' ਵਿਚ ਆਏ ਸ਼ਬਦ/ਪ੍ਰਤੀਕ : 'ਸ਼ਹਿਰ', 'ਮੀਨਾਰ ਦੀ ਸਿਖਰ', 'ਟਾਰਚ', 'ਸ਼ਹਿਰ-ਵਾਸੀ', 'ਕੁੱਤੇ', 'ਬਘਿਆੜ' ਬਿਨਾਂ ਕਿਸੇ ਲਗ-ਲਬੇੜ ਦੇ ਸਭ ਕੁਝ ਕਹਿ ਦੇਂਦੇ ਹਨ। ਇਹ ਕਵਿਤਾ ਉਹਦੀ ਕਰੜੀ ਮਿਹਨਤ ਦੀ ਉਪਜ ਹੋ ਨਿਬੜਦੀ ਹੈ।

ਅੱਜ ਜਦੋਂ ਪੰਜਾਬੀ ਵਿਚ ਸਾਡੇ ਕੋਲ਼ ਅਜਿਹੀ ਕਵਿਤਾ ਹੈ, ਜਿਸ ਵਿਚ ਵਧੇਰੇ ਕਰਕੇ ਨਿੱਜ ਦੇ ਦੁੱਖਾਂ ਦਾ ਰੁਦਨ ਹੈ, ਸਮਾਜ ਦੇ ਦੁੱਖਾਂ, ਸੰਘਰਸ਼ਾਂ ਤੋਂ ਦੂਰੀ ਸਾਜ ਕੇ ਮਨਾਏ ਜਾਂਦੇ ਜਸ਼ਨ ਹਨ, ਜਾਂ ਪੰਜਾਬੀ ਕਵਿਤਾ ਨੂੰ ਜਿੱਚ ਕਰਦੀਆਂ ਹੋਰ ਭਾਰਤੀ ਭਾਸ਼ਾਵਾਂ ਦੇ ਲਿਜ਼ਲਿਜ਼ੇ ਅਨੁਵਾਦ ਹਨ, ਤਾਂ ਉਸ ਵੇਲ਼ੇ ਹਰਜੀਤ ਸਿੰਘ ਸੰਧੂ ਜਿਹੇ ਕਵੀਆਂ ਦੀ ਕਵਿਤਾ ਦੀ ਬਹੁਤ ਲੋੜ ਹੈ।

ਕਵਿਤਾ ਵੱਲ ਉਹ ਜੀਵਨ ਦੇ ਚੌਥੇ ਆਸ਼ਰਮ ਵਿਚ ਆਇਆ, ਪਰ ਆਇਆ ਸਾਬਤ ਕਦਮੀ; ਦੁਬਿਧਾਵਾਂ ਦੇ ਜਾਲ਼ੇ ਲਾਹ ਕੇ ਆਇਆ। ਕਵਿਤਾ ਉਹਦੇ ਮਨ-ਅੰਬਰ 'ਤੇ ਛਾਈ ਹੋਈ ਹੈ। ਅਨੁਭਵ ਉਹਦੇ ਜੀਵਨ ਦੀ ਜ਼ਰਖੇਜ਼ ਜ਼ਮੀਨ 'ਤੇ ਬੀਜਾਂ ਵਾਂਙੂ ਖਿੱਲਰੇ ਹੁੰਦੇ ਹਨ। ਅਨੁਭਵ ਜਦ ਕਵਿਤਾ ਨੂੰ ਮਿਹਣਾ ਮਾਰਦੇ ਹਨ, ਤਾਂ ਉਹ ਬਸ ਬਾਹਰ ਆਉਣ ਲਈ ਕੋਈ ਬਹਾਨਾ ਹੀ ਮੰਗਦੀ ਹੈ। ਅਨੁਭਵ ਉਸ ਨੂੰ ਘਟਨਾ-ਦੁਰਘਟਨਾ ਦਾ ਰੂਪ ਧਾਰ ਕੇ ਬਹਾਨਾ ਦੇਂਦੇ ਹਨ ਤੇ ਕਵਿਤਾ ਅਛੋਪਲੇ ਜਿਹੇ ਉੱਤਰ ਆਉਂਦੀ ਹੈ। ਏਨੀ ਹੀ ਉਹਦੀ ਸਿਰਜਨ-ਪ੍ਰਕਿਰਿਆ ਹੈ। ਉਹ ਵਾਪਰ ਗਏ ਦੇ ਕਾਰਨਾਂ ਤੇ ਪ੍ਰਭਾਵਾਂ ਨੂੰ ਤਰਕ ਦੀ ਤੱਕੜੀ 'ਤੇ ਰੱਖਦਾ ਹੈ। ਕਾਰਨਾਂ ਦੇ ਮੂਲ ਨੂੰ ਪਛਾਨਣ ਵਿਚ ਰੁਚਿਤ ਤੇ ਖਚਿਤ ਹੁੰਦਾ ਹੈ। ਉਨ੍ਹਾਂ ਦੀਆਂ ਖ਼ੂਬੀਆਂ-ਖ਼ਾਮੀਆਂ, ਸਮਰੱਥਾਵਾਂ-ਅਸਮਰੱਥਾਵਾਂ, ਉਹ ਜ਼ਮੀਨ ਜਿਨ੍ਹਾਂ ਵਿਚ ਉਹ ਪੈਦਾ ਹੁੰਦੇ ਹਨ, ਉਸਦੀ ਗੁਣਵੱਤਾ ਟੋਂਹਦਾ ਹੈ। ਫਿਰ ਉਨ੍ਹਾਂ ਕਾਰਨਾਂ ਦੇ ਸਮਰੂਪ ਪੈਦਾ ਹੁੰਦੇ ਪ੍ਰਭਾਵਾਂ, ਉਨ੍ਹਾਂ ਪ੍ਰਭਾਵਾਂ ਤੋਂ ਉਪਜੇ ਨਤੀਜਿਆਂ ਦੀ ਟੋਹ ਲੈਂਦਾ ਹੈ। ਇਸ ਕਾਵਿ-ਸਿਰਜਨ ਦੀ ਪ੍ਰਕਿਰਿਆ ਵਿਚ ਉਹਦੀ ਤਰਕਸ਼ੀਲਤਾ 'ਤੇ ਸੰਵੇਦਨਸ਼ੀਲਤਾ ਦਾ ਰੰਗ ਚੜ੍ਹਿਆ ਰਹਿੰਦਾ ਹੈ, ਭਾਵਨਾਵਾਂ ਦੇ ਨਿੱਘ, ਲੈਆਤਮਕਤਾ ਦੇ ਕਲਾਵੇ ਦਾ ਸਾਥ ਬਣਿਆ ਰਹਿੰਦਾ ਹੈ। ਕਿਉਂਕਿ ਕਵਿਤਾ ਲਈ ਲਾਜ਼ਮੀ ਹੈ ਕਿ ਉਸ 'ਤੇ ਤਰਕਸ਼ੀਲਤਾ ਭਾਰੂ ਹੋ ਕੇ ਉਹਦੇ ਸੁਹਜ ਦੇ ਕਸਾਰੇ ਦਾ ਕਾਰਨ ਨਾ ਬਣੇ। ਉਹਦੇ ਸ਼ੰਘਰਸ਼ੀ ਜੀਵਨ ਨੂੰ ਅਕਸਾਉਂਦੇ ਕਾਵਿ ਵਿਚੋਂ ਇਸ਼ਕ-ਮੁਸ਼ਕ ਵਾਲੀ ਸੱਭਿਆਚਾਰ ਦੀ ਪਰਿਕਰਮਾ ਨਹੀਂ ਕਰਦੀ ਹੈ। ਉਹਦੀ ਕਵਿਤਾ 'ਚੋਂ ਫੂਹੜ ਜਸ਼ਨਾਂ ਦੇ ਕਵਿਤਾ ਮਨਫ਼ੀ ਹੈ। ਇਸੇ ਕਰਕੇ ਉਹਦੀ ਲਗਭਗ ਸਾਰੀ ਕਵਿਤਾ ਰਾਜਨੀਤੀ ਤੇ ਪਸੀਨੇ ਦੀ ਬਦਬੂ ਦੀ ਥਾਂ ਮਿਹਨਤ ਦੇ ਮੁੜ੍ਹਕੇ ਦੀ ਖ਼ੁਸ਼ਬੋ ਆਉਂਦੀ ਹੈ। ਰਾਜਨੀਤੀ ਸਾਡੀ ਜ਼ਿੰਦਗੀ ਦੇ ਹਰ ਪਹਿਲ 'ਤੇ ਨਜ਼ਰਅੰਦਾਜ਼ ਹੁੰਦੀ ਹੈ। ਜਨਮ ਤੋਂ ਮਰਨ ਤੱਕ ਦਾ ਹਰ ਵਰਤਾਰਾ ਰਾਜਨੀਤੀ ਤੋਂ ਪਭਾਵਿਤ ਹੁੰਦਾ ਹੈ। ਸਾਡਾ ਖਾਣ-ਪੀਣ, ਰਹਿਣ-ਸਹਿਣ, ਸਿੱਖਿਆ, ਸਿਹਤ ਗੱਲ ਕੀ ਜੀਣ-ਢੰਗ ਰਾਜਨੀਤੀ ਹੀ ਤੈਅ ਕਰਦੀ ਹੈ। ਕਈਆਂ ਵਿਰੋਧਾਂ, ਅੰਤਰ-ਵਿਰੋਧਾਂ, ਤਤਕਾਲੀਨ ਕਾਵਿ ਰੁਝਾਣਾਂ ਦਾ ਸਾਹਮਣਾ ਕਰਦਿਆਂ ਅਤੇ ਨਾਬਰੀ ਦਾ ਰੁਖ਼ ਲੈਂਦਿਆਂ ਕਵਿਤਾ ਨੂੰ ਨਾਅਰਾ ਬਣਨੋਂ ਬਚਾਉਣਾ ਪੈਂਦਾ ਹੈ। ਕਵਿਤਾ ਦੇ ਕਵਿਤਾ ਹੋਣ 'ਤੇ ਪਹਿਰਾ ਦੇਣਾ ਪੈਂਦਾ ਹੈ।

ਹਰਜੀਤ ਸਿੰਘ ਸੰਧੂ ਆਪਣੇ ਦਿਲ ਦੀ ਗੱਲ ਵਿਚ ਲਿਖਦਾ ਹੈ ਕਿ ਮੈਂ ਆਪਣੀ ਕਾਵਿ-ਪੁਸਤਕ 'ਥੱਕੇ-ਹਾਰੇ ਸ਼ਹਿਰ ਦੀ ਨੀਂਦ' ਬਾਰੇ ਸੋਚਦਾ ਹਾਂ, ਤਾਂ ਇਕ ਭਾਵੀ ਦ੍ਰਿਸ਼ ਮਨ ਦੇ ਚਿਤਰਪਟ ਉੱਤੇ ਆ ਹਾਜ਼ਰ ਹੁੰਦਾ ਹੈ। ਜਿਵੇਂ, ਕਿਸੇ ਔਰਤ ਦੇ ਅੰਤਹੀਣ ਤਰਸੇਵੇਂ ਨਾਲ਼ ਭਰੀ ਮਮਤਾ ਨੇ, ਉਮਰ ਦੇ ਚੁਹੱਤਰਵੇਂ ਸਾਲ ਵਿਚ ਪਹੁੰਚ ਕੇ, ਪਲੇਠੀ ਦਾ ਪਿਆਰਾ ਤੇ ਮਾਸੂਮ ਬੱਚਾ ਜੰਮਿਆ ਹੋਵੇ ਤੇ ਉਹਦੀ ਸਾਰੀ ਦੁਨੀਆਂ ਸਿਮਟ ਕੇ ਉਸੇ ਅੱਖ ਦੇ ਤਾਰੇ ਤੱਕ ਮਹਿਦੂਦ ਹੋ ਗਈ ਹੋਵੇ। ਸਾਡੇ ਰਾਜਨੀਤਿਕ ਖੇਤਰ ਤੇ ਸਮਾਜ ਅੰਦਰ ਸਰਮਾਏਦਾਰੀ ਦੀ ਮਾਰ ਹੇਠ ਲੰਗੜੀ ਹੋਈ ਬੁਰੀ ਤਰ੍ਹਾਂ ਪਿਸ ਰਹੀ ਵਿਸ਼ਾਲ ਮੱਧ ਵਰਗ ਦੀ ਸ਼੍ਰੇਣੀ ਦੇ ਜੀਵਨ ਤੇ ਉਸ ਨੇ ਆਪਣੀਆਂ ਕਾਵਿਤਾਵਾਂ ਨੂੰ ਕੇਂਦਰਿਤ ਕੀਤਾ ਹੈ।

ਵੋਟਾਂ ਦੇ ਪੱਠੇ ਚਰਦੀ
ਨੋਟਾਂ ਦੀ ਜੁਗਾਲ਼ੀ ਕਰਦੀ
ਬੱਝੀ ਹੈ ਫੰਡਰ ਮੱਝ
ਪੂੰਜੀਵਾਦ ਦੇ ਕਿੱਲੇ 'ਤੇ
ਮੋਤੀਆਂ ਜੜੇ ਰੰਗ-ਬਰੰਗੇ ਰੱਸਿਆਂ ਨਾਲ਼
ਬਾਕੀ ਤਾਂ ਬਾਅਦ ਵਿਚ
ਪਹਿਲਾਂ ਕਿਉਂ ਨਾ ਹੋਵੇ
ਉਨ੍ਹਾਂ ਕਲਮਾਂ ਦਾ ਸਿਰ ਕਲਮ
ਜੋ ਸੱਚ ਲਿਖਣ ਤੋਂ ਡਰਨ
ਆਨੇ-ਬਹਾਨੇ
ਵੱਡੇ ਦਰਬਾਰ ਵਿਚ ਹਾਜ਼ਰੀ ਭਰਨ।

ਕੋਈ ਘਟਨਾ ਘਟਦੀ ਹੈ, ਤਾਂ ਉਹ ਉਹਨੂੰ ਉਤੇਜਿਤ ਕਰਦੀ ਹੈ, ਦੁਰਘਟਨਾ ਘਟਦੀ ਹੈ, ਤਾਂ ਚਿੰਤਿਤ ਕਰਦੀ ਹੈ। ਉਹ ਆਲ਼ੇ-ਦੁਆਲੇ, ਸਮਾਜ, ਦੇਸ਼, ਅੰਤਰਰਾਸ਼ਟਰ 'ਚ ਜੋ ਕੁਝ ਵਾਪਰ ਰਿਹਾ ਹੈ, ਉਸ ਤੋਂ ਬੇਨਿਆਜ਼ ਨਹੀਂ ਰਹਿ ਸਕਦਾ। ਇਹ ਉਹਦੀ ਫ਼ਿਤਰਤ ਹੈ। ਉਹ ਵਾਪਰ ਗਏ ਦੇ ਕਾਰਨਾਂ ਤੇ ਪ੍ਰਭਾਵਾਂ ਨੂੰ ਤਰਕ ਦੀ ਤੱਕੜੀ 'ਤੇ ਰੱਖਦਾ ਹੈ। ਕਾਰਨਾਂ ਦੇ ਮੂਲ ਨੂੰ ਪਛਾਨਣ ਵਿਚ ਰੁਚਿਤ ਤੇ ਖਚਿਤ ਹੁੰਦਾ ਹੈ। ਉਨ੍ਹਾਂ ਦੀਆਂ ਖ਼ੂਬੀਆਂ-ਖ਼ਾਮੀਆਂ, ਸਮਰੱਥਾਵਾਂ-ਅਸਮਰੱਥਾਵਾਂ, ਜਿਨ੍ਹਾਂ ਵਿਚ ਉਹ ਪੈਦਾ ਹੁੰਦੇ ਹਨ, ਉਸ ਜ਼ਮੀਨ ਦੀ ਗੁਣਵੱਤਾ ਟੋਂਹਦਾ ਹੈ। ਫਿਰ ਉਨ੍ਹਾਂ ਕਾਰਨਾਂ ਦੇ ਸਮਰੂਪ ਪੈਦਾ ਹੁੰਦੇ ਪ੍ਰਭਾਵਾਂ, ਉਨ੍ਹਾਂ ਪ੍ਰਭਾਵਾਂ ਤੋਂ ਉਪਜੇ ਨਤੀਜਿਆਂ ਦੀ ਟੋਹ ਲੈਂਦਾ ਹੈ। ਇਸ ਪ੍ਰਕਿਰਿਆ ਅਧੀਨ ਉਹ ਆਪਣੇ ਸਮਾਜ-ਸੱਭਿਆਚਾਰਕ ਪਿਛੋਕੜ ਵਿਚ ਪਏ ਮੋਟਿਫ਼ਾਂ ਦੀ ਭਾਲ਼ ਵਿਚ ਨਿਕਲ਼ਦਾ ਹੈ, ਉਨ੍ਹਾਂ ਮੋਟਿਫ਼ਾਂ ਨੂੰ ਇਸ ਕਾਰਨ-ਕਾਰਜ ਦੇ ਵਰਤਾਰੇ ਵਿਚ ਜੋੜਦਾ ਤੇ ਜੜਦਾ ਹੈ। ਇਹ ਭਾਵੁਕਤਾ ਦੇ ਪੰਧ 'ਤੇ ਤੁਰੀ ਸਮਝ, ਵਿਚਾਰ ਦੇ ਦਰ 'ਤੇ ਦਸਤਕ ਦੇਂਦੀ ਹੈ, ਤਾਂ ਕਵਿਤਾ ਉਹਦਾ ਸਵਾਗਤ ਕਰਦੀ ਹੈ। ਇਸ ਕਿਤਾਬ ਦੇ ਕੁਲ ਪੰਨੇ 88, ਕੀਮਤ:- 200ਰੁ/ ਅਤੇ ਪ੍ਰਕਾਸ਼ਕ ਕੈਫ਼ੇ ਵਰਲਡ, ਮੰਡੀ ਕਲਾਂ, ਜਲੰਧਰ, ਬਠਿੰਡਾ ਹੈ।




# ਸੈਲਫ਼ੀਆਂ ਲੈਂਦਾ ਰਿਹਾ ਅਤੇ ਖੁਸ਼ੀ ਚਲੀ ਗਈ ਪਾਸੇ ਵੱਲ

## ਕੀ ਸਾਡੀ ਪਛਾਣ 30 ਸਕਿੰਟ ਦੀ ਰੀਲ ਤੱਕ ਸੀਮਤ ਹੈ?

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਰਿਸ਼ਤੇ ਹੁਣ ਕੈਮਰੇ ਦੇ ਫਰੇਮ ਵਿਚ ਹਨ ਪਰ ਦਿਲ ਦੇ ਫਰੇਮ ਤੋਂ ਗਾਇਬ ਹਨ। ਇਹ ਡਿਜੀਟਲ ਦੁਨੀਆਂ ਸਾਨੂੰ ਘੱਟ ਜੁੜਿਆ ਅਤੇ ਵਧੇਰੇ ਡਿਸਕਨੈਕਟ ਕਰ ਰਹੀ ਹੈ - ਆਪਣੇ ਅਜ਼ੀਜ਼ਾਂ ਤੋਂ, ਆਪਣੇ ਆਪ ਤੋਂ ਅਤੇ ਅਸਲ ਖੁਸ਼ੀ ਤੋਂ।

'ਅਸੀਂ ਸੈਲਫੀ ਲੈਂਦੇ ਰਹੇ ਅਤੇ ਜ਼ਿੰਦਗੀ ਬੀਤਦੀ ਗਈ' ਇਹ ਸ਼ਾਇਰੀ ਨਹੀਂ ਹੈ, ਇਹ ਸਾਡੀ ਪੀੜ੍ਹੀ ਦੀ ਤ੍ਰਾਸਦੀ ਹੈ। ਮਾਂ ਦੀਆਂ ਅੱਖਾਂ ਬੁੱਢੀਆਂ ਹੋ ਗਈਆਂ, ਪਰ ਅਸੀਂ ਕਦੇ ਵੀ ਕੈਮਰੇ ਤੋਂ ਬਿਨਾਂ ਉਸਨੂੰ ਧਿਆਨ ਨਾਲ ਨਹੀਂ ਦੇਖਿਆ। ਪਿਤਾ ਦੀਆਂ ਹਥੇਲੀਆਂ ਫਟ ਗਈਆਂ ਪਰ ਅਸੀਂ ਉਸਦੇ ਸੰਘਰਸ਼ ਦਾ ਨਜ਼ਦੀਕੀ ਦ੍ਰਿਸ਼ ਨਹੀਂ ਲਿਆ। ਅੱਜ ਹਰ ਹੱਥ ਵਿਚ ਮੋਬਾਈਲ ਹੈ, ਹਰ ਚਿਹਰੇ 'ਤੇ ਕੈਮਰਾ ਹੈ ਅਤੇ ਹਰ ਦਿਲ ਵਿਚ ਖਾਲੀਪਣ ਹੈ! ਤਸਵੀਰਾਂ ਵਿਚ ਮੁਸਕਰਾਹਟ ਹੈ ਪਰ ਹਕੀਕਤ ਵਿਚ ਥਕਾਵਟ ਹੈ। ਰੀਲਾਂ ਵਿਚ ਖੁਸ਼ੀ ਹੈ ਪਰ ਘਰ ਵਿਚ ਇਕੱਲਤਾ ਹੈ।

ਅੱਜ, ਹਰ ਮੋੜ 'ਤੇ, ਹਰ ਰੈਸਟੋਰੈਂਟ, ਸਕੂਲ-ਕਾਲਜ ਕੈਂਪਸ, ਮੰਦਰ, ਪਾਰਕ, ਪੁਲ, ਪਹਾੜ, ਝਰਨਾ-ਨਹਿਰ, ਖੇਤ ਅਤੇ ਇੱਥੋਂ ਤੱਕ ਕਿ ਸ਼ਮਸ਼ਾਨਘਾਟ, ਇੱਕ ਹੱਥ ਵਿਚ ਮੋਬਾਈਲ ਹੈ ਅਤੇ ਦੂਜੇ ਵਿਚ 'ਪੋਜ਼'। ਸਾਡਾ ਖਾਣਾ ਠੰਡਾ ਹੋ ਸਕਦਾ ਹੈ, ਪਰ ਇਸਦੀ ਫੋਟੋ ਗਰਮ ਹੋਣੀ ਚਾਹੀਦੀ ਹੈ। ਹੁਣ ਜ਼ਿੰਦਗੀ ਵਿਚ ਕੋਈ ਰਿਸ਼ਤੇ ਨਹੀਂ ਹਨ, ਸਿਰਫ਼ ਕਲਿੱਕ, ਬੱਦਲ ਅਤੇ ਪਸੰਦ ਹਨ!

ਉਂਗਲਾਂ ਮੋਬਾਈਲ ਸਕ੍ਰੀਨ 'ਤੇ ਚਲਦੀਆਂ ਰਹੀਆਂ... ਅਤੇ ਜ਼ਿੰਦਗੀ ਦੂਜੇ ਪਾਸੇ ਚਲਦੀ ਰਹੀ। ਰਿਸ਼ਤੇ ਹੁਣ ਕੈਮਰੇ ਦੇ ਫਰੇਮ ਵਿਚ ਹਨ ਪਰ ਦਿਲ ਦੇ ਫਰੇਮ ਤੋਂ ਗਾਇਬ ਹਨ। ਇਹ ਡਿਜੀਟਲ ਦੁਨੀਆਂ ਸਾਨੂੰ ਘੱਟ ਜੋੜ ਰਹੀ ਹੈ ਅਤੇ ਸਾਨੂੰ ਜ਼ਿਆਦਾ ਕੱਟ ਰਹੀ ਹੈ - ਸਾਡੇ ਅਜ਼ੀਜ਼ਾਂ ਤੋਂ, ਆਪਣੇ ਆਪ ਤੋਂ ਅਤੇ ਅਸਲ ਖੁਸ਼ੀ ਤੋਂ। ਉਹ ਪੁੱਤਰ ਜੋ ਆਪਣੇ ਪਿਤਾ ਨੂੰ ਜਿਉਂਦੇ ਦੇਖ ਕੇ ਵੀ ਮੁਸਕਰਾਉਂਦੇ ਨਹੀਂ ਸਨ, ਹੁਣ ਉਸਦੀ ਫੋਟੋ 'ਤੇ ਕੈਪਸ਼ਨ ਲਿਖੋ - ਮਿਸ ਯੂ ਪਾਪਾ। ਅਤੇ ਹੇਠਾਂ 373 ਲਾਈਕਸ। ਹੇ ਮੂਰਖ! ਜਦੋਂ ਉਹ ਜ਼ਿੰਦਾ ਸੀ, ਅਸੀਂ ਲਾਈਕਸ ਨਹੀਂ ਚਾਹੁੰਦੇ ਸੀ, ਅਸੀਂ ਉਦੋਂ ਥੋੜ੍ਹਾ ਜਿਹਾ ਧਿਆਨ ਚਾਹੁੰਦੇ ਸੀ।

ਅਤੇ ਫਿਰ ਇੱਕ ਦਿਨ ਫੋਨ ਵਿਚ 50,000 ਫੋਟੋਆਂ ਹੁੰਦੀਆਂ ਹਨ, ਪਰ ਉਨ੍ਹਾਂ ਨੂੰ ਦੇਖਣ ਵਾਲਾ ਕੋਈ ਨਹੀਂ ਹੁੰਦਾ। ਇਹ ਇੱਕ ਆਮ ਰੁਝਾਨ ਨਹੀਂ ਹੈ, ਇਹ ਇੱਕ ਹੌਲੀ ਮੌਤ ਹੈ, ਇੱਕ ਮੁਸਕਰਾਉਂਦੀ ਖੁਦਕੁਸ਼ੀ ਹੈ। ਮੋਬਾਈਲ ਕੰਪਨੀਆਂ ਸਾਡੇ ਦਿਮਾਗ ਨੂੰ ਖਾ ਰਹੀਆਂ ਹਨ... ਅਤੇ ਅਸੀਂ ਖੁਸ਼ ਹਾਂ! ਹਰ ਮਹੀਨੇ ਨਵਾਂ ਕੈਮਰਾ, ਹਰ ਸਾਲ ਨਵਾਂ ਮਾਡਲ। ਪਰ ਸਾਡੇ ਅੰਦਰਲੇ ਵਿਅਕਤੀ ਨੂੰ ਅਪਡੇਟ ਕਰਨ ਦੀ ਕਦੇ ਗੱਲ ਨਹੀਂ ਹੁੰਦੀ।

ਅਸੀਂ ਉਹ ਸਮਾਂ ਦੇਖਿਆ ਹੈ, ਜਦੋਂ ਛੂਹਣ ਨਾਲ ਅਸੀਸਾਂ ਮਿਲਦੀਆਂ ਸਨ, ਹੁਣ ਫੋਟੋ ਵਿਚ ਹੱਥ ਜੋੜ ਕੇ ਇਮੋਜੀ ਭੇਜੇ ਜਾਂਦੇ ਹਨ। ਪਹਿਲਾਂ, ਜਦੋਂ ਕੋਈ ਦੂਰ ਹੁੰਦਾ ਸੀ, ਤਾਂ ਚਿੱਠੀਆਂ ਆਉਂਦੀਆਂ ਸਨ, ਪਰ ਹੁਣ ਜਦੋਂ ਕੋਈ ਨੇੜੇ ਹੁੰਦਾ ਹੈ, ਤਾਂ ਵੀ 'ਦ੍ਰਿਸ਼' ਲਿਖਿਆ ਜਾਂਦਾ ਹੈ। ਹੁਣ ਸਾਨੂੰ ਭਾਵਨਾਵਾਂ ਦੀ ਲੋੜ ਹੈ, ਕਹਾਣੀਆਂ ਦੀ ਨਹੀਂ। ਸਾਨੂੰ ਸੰਚਾਰ ਦੀ ਲੋੜ ਹੈ, ਸਕ੍ਰੀਨਾਂ ਦੀ ਨਹੀਂ। ਕੀ ਸਾਡੀ ਪਛਾਣ 30-ਸਕਿੰਟ ਦੀ ਰੀਲ ਤੱਕ ਸੀਮਤ ਹੋ ਗਈ ਹੈ? ਸੱਚਾਈ ਇਹ ਹੈ ਕਿ ਦੁਨੀਆਂ ਇਸ਼ਾਰਿਆਂ ਦੀ ਬਜਾਏ ਸ਼ਾਨਦਾਰ ਕੰਮਾਂ ਨੂੰ ਪਸੰਦ ਕਰਦੀ ਹੈ। ਜ਼ਿੰਦਗੀ ਸਿਰਫ ਮੇਕਅਪ, ਸ਼ੀਸ਼ੇ ਅਤੇ ਸੰਗੀਤ ਲਈ ਨਹੀਂ ਬਣੀ ਹੈ। ਇਸ ਲਈ ਹੁਣ ਅਸਲ ਜ਼ਿੰਦਗੀ ਨੂੰ ਰਿਕਾਰਡ ਕਰਨਾ ਸ਼ੁਰੂ ਕਰੋ, ਰੀਲਾਂ ਲਈ ਨਹੀਂ! ਇੱਕ ਰੋਲ ਮਾਡਲ ਬਣੋ, ਰੀਲਾਂ ਲਈ ਨਹੀਂ।



# ਇਕ ਤਰਫ਼ਾ ਟੈਰਿਫ਼ ਵਾਧਾ : ਅਮਰੀਕਾ ਦਾ ਸੰਸਾਰ ਬਾਜ਼ਾਰ ’ਤੇ ਹਮਲਾ



ਜਗਦੀਸ਼ ਸਿੰਘ ਚੋਹਕਾ
ਹੁਸ਼ਿਆਰਪੁਰ
91-92179-97445
001-403-285-4208
ਪੰਜਾਬ ਮੇਲ USA



**ਇਸ ਵੇਲੇ ਦੁਨੀਆਂ ਦੇ 166 ਦੇਸ਼ ਸੰਸਾਰ ਵਪਾਰ ਸੰਸਥਾਂ ਦੇ ਮੈਂਬਰ ਹਨ। ਇਹ ਦੇਸ਼ ਆਪੇ ਆਪਣੇ ਹਿੱਤਾਂ ਮੁਤਾਬਕ ਅੰਦਰ ਰਹਿਕੇ ਜਾਂ ਬਾਹਰ ਰਹਿ ਕੇ ਆਪਸੀ ਸਮਝੌਤੇ ਰਾਹੀਂ ਵਪਾਰ ਕਰਦੇ ਆ ਰਹੇ ਹਨ। ਅਮਰੀਕਾ ਅਤੇ ਭਾਰਤ ਵਿਚਕਾਰ ਵੀ ਆਪਸੀ ਸੰਬੰਧ ਕਾਫੀ ਸੁਧਰੇ ਹੋਏ ਸਨ। ਭਾਰਤ ਜੋ ਸ਼ੁਰੂ ਤੋਂ ਹੀ ਨਿਰਪੱਖਤਾ ਵਾਲੀ ਨੀਤੀ ਅਪਨਾਉਂਦਾ ਰਿਹਾ ਸੀ। ਪਰ ਪਿਛਲੇ ਇਕ ਦਹਾਕੇ ਤੋਂ ਮੌਜੂਦਾ ਬੀ.ਜੇ.ਪੀ. ਦੀ ਮੋਦੀ ਸਰਕਾਰ ਕਾਫੀ ਹੱਦ ਤੱਕ ਅਮਰੀਕਾ ਪੱਖੀ ਪੈਂਤੜੇ ਲੈਂਦੀ ਆ ਰਹੀ ਹੈ।**

ਅੱਜ ਸੰਸਾਰ ਅੰਦਰ ਪੂੰਜੀਵਾਦੀ ਪ੍ਰਣਾਲੀਗਤ ਸੰਕਟ ਦੇ ਸਿੱਟੇ ਵਜੋਂ ਸਾਮਰਾਜੀ ਅਮਰੀਕਾ ਸਮੇਤ ਵਿਕਸਿਤ ਦੇਸ਼ਾਂ ਅੰਦਰ ਵਿਕਾਸ ਦਰ ਸੁਸਤ ਚੱਲ ਰਹੀ ਹੈ। ਜਿਸ ਕਰਕੇ ਸਿੱਟੇ ਵਜੋਂ ਆਰਥਿਕ ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਵਧ ਰਹੀ ਹੈ। ਉਥੇ ਅਮਰੀਕਾ ਇਸ ਸੰਕਟ ਦਾ ਬੋਝ ਅੰਤਰਰਾਸ਼ਟਰੀ ਵਿੱਤੀ ਪੂੰਜੀ ਦੀ ਅਗਵਾਈ ਅਤੇ ਦਬਾਅ ਅਧੀਨ ਆਪਣੇ ਪੂੰਜੀ-ਸੰਗ੍ਰਹਿ ਦੀ ਪ੍ਰਕਿਰਿਆ ਨੂੰ ਤੇਜ਼ ਕਰ ਰਿਹਾ ਹੈ। ਇਹ ਅਮਰੀਕਾ ਦੇ ਸਾਮਰਾਜਵਾਦੀ ਹਮਲਾਵਰੀ ਵੱਲ ਵੱਧਣ ਦੇ ਸਪੱਸ਼ਟ ਲੱਛਣ ਹਨ। ਅਮਰੀਕਾ ਦੀ ਅਗਵਾਈ ਵਾਲੇ ਜੀ-7 ਅਤੇ ਨਾਟੋ ਤੇ ਖੁਦ ਅਮਰੀਕਾ, ਖੁੱਲ੍ਹੇਆਮ ਕੇਵਲ ਆਰਥਿਕ ਮੁਹਾਜ ਹੀ ਨਹੀਂ, ਸਗੋਂ ਨਾ-ਸਹਿਮਤੀ ਵਾਲੇ ਦੇਸ਼ਾਂ ਅੰਦਰ ਯੁੱਧ ਅਤੇ ਆਰਥਿਕ ਧੌਂਸਾਂ ਰਾਹੀਂ ਅਲੱਗ-ਥਲੱਗ ਵਾਲੀਆਂ ਜਬਰੀ ਨੀਤੀਆਂ ਵੀ ਲਾਗੂ ਕਰ ਰਿਹਾ ਹੈ। ਡੋਨਾਲਡ ਟਰੰਪ ਵਲੋਂ ਚੀਨ, ਭਾਰਤ ਅਤੇ ਹੋਰ ਕਈ ਦੇਸ਼ਾਂ ਨਾਲ ਵਪਾਰ ਅੰਦਰ ਵਿੱਤੀ ਹਮਲੇ ਵੀ ਸੇਧ ਦਿੱਤੇ ਹਨ। ਕਈ ਖੇਤਰਾਂ ਅੰਦਰ ਵਾਪਾਰ ਪੂੰਜੀ ਨਿਵੇਸ਼ ਅਤੇ ਐਕਸਪੋਰਟ ਖੇਤਰ ਵਿਚ ਜਿਨ੍ਹਾਂ ਕਿਸੇ ਦੋ ਧਿਰੀ (ਰੀ-ਨੈਗੋਸੀਏਸ਼ਨ) ਗੱਲਬਾਤ, ‘ਸਿੱਧੇ ਟੈਰਿਫ਼ ਦੀਆਂ ਦਰਾਂ ’ਚ ਅਥਾਹ ਵਾਧਾ ਕਰ ਦਿੱਤਾ ਹੈ। ਭਾਰਤ ਅੰਦਰ ਮੋਦੀ ਸਰਕਾਰ ਜੋ ਟਰੰਪ ਦੀ ਹੇਜਲੀ ਅਤੇ ਨੇੜਤਾ ਰੱਖਦੀ ਸੀ, ਉਤੇ 25 ਫੀਸਦੀ ਟੈਰਿਫ਼ (ਟੈਕਸ) ਲਗਾਇਆ ਸੀ, ਉਹ ਹੁਣ ਵਧਾ ਕੇ 50 ਫੀਸਦੀ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਸ ਵੇਲੇ ਦੁਨੀਆਂ ਦੇ 166 ਦੇਸ਼ ਸੰਸਾਰ ਵਪਾਰ ਸੰਸਥਾਂ ਦੇ ਮੈਂਬਰ ਹਨ। ਇਹ ਦੇਸ਼ ਆਪੋ ਆਪਣੇ ਹਿੱਤਾਂ ਮੁਤਾਬਕ ਅੰਦਰ ਰਹਿਕੇ ਜਾਂ ਬਾਹਰ ਰਹਿ ਕੇ ਆਪਸੀ ਸਮਝੌਤੇ ਰਾਹੀਂ ਵਪਾਰ ਕਰਦੇ ਆ ਰਹੇ ਹਨ। ਅਮਰੀਕਾ ਅਤੇ ਭਾਰਤ ਵਿਚਕਾਰ ਵੀ ਆਪਸੀ ਸੰਬੰਧ ਕਾਫੀ ਸੁਧਰੇ ਹੋਏ ਸਨ। ਭਾਰਤ ਜੋ ਸ਼ੁਰੂ ਤੋਂ ਹੀ ਨਿਰਪੱਖਤਾ ਵਾਲੀ ਨੀਤੀ ਅਪਨਾਉਂਦਾ ਰਿਹਾ ਸੀ। ਪਰ ਪਿਛਲੇ ਇਕ ਦਹਾਕੇ ਤੋਂ ਮੌਜੂਦਾ ਬੀ.ਜੇ.ਪੀ. ਦੀ ਮੋਦੀ ਸਰਕਾਰ ਕਾਫੀ ਹੱਦ ਤੱਕ ਅਮਰੀਕਾ ਪੱਖੀ ਪੈਂਤੜੇ ਲੈਂਦੀ ਆ ਰਹੀ ਹੈ। 1947-48 ਕਸ਼ਮੀਰ ਸੰਕਟ ਤੋਂ ਲੈ ਕੇ ਭਾਰਤ ਆਪਣੇ ਨਿੱਜੀ ਹਿਤਾਂ ਕਾਰਨ ਪਹਿਲਾਂ ਸੋਵੀਅਤ ਯੂਨੀਅਨ ਅਤੇ 1991 ਤੋਂ ਬਾਅਦ ਰੂਸ ਵੱਲ ਝੁਕਾਅ ਰੱਖਦਾ ਆ ਰਿਹਾ ਸੀ। ਕੁਝ ਅਰਸੇ ਤੋਂ ਕੌਮਾਂਤਰੀ ਹਾਲਾਤਾਂ ਦੀ ਬਦਲੀ ਹਵਾ ਅਨੁਸਾਰ ਹੁਣ ਭਾਰਤ, ਚੀਨ ਨਾਲ ਵੀ ਨੇੜਤਾ ਲਈ ਆਪਣਾ ਹੱਥ ਮਿਲਾ ਰਿਹਾ ਹੈ। ਗਾਜ਼ਾਂ ਅੰਦਰ ਇਸਰਾਇਲ ਦੇ ਵਿਸਥਾਰਵਾਦੀ ਨੀਤੀਆਂ ਅਤੇ ਲੋਕਾਂ ’ਤੇ ਹਮਲਿਆ ਕਾਰਨ, ਯੂਕਰੇਨ-ਰੂਸ ਜੰਗ ਅਤੇ ਮੱਧ-ਪੂਰਬ ਅੰਦਰ ਸਾਮਰਾਜੀ ਹਮਲਿਆਂ ਦੇ ਨਤੀਜੇ ਵਜੋਂ ਭਾਰਤ ਹੁਣ ਕੌਮਾਂਤਰੀ ਸਾਖ ਅਤੇ ਏਸ਼ੀਆ ਅੰਦਰ ਆਪਣੀ ਸਥਾਪਤੀ ਲਈ ਰੂਸ ਅਤੇ ਚੀਨ ਦੇ ਹੋਰ ਨੇੜੇ ਵੀ ਆ ਰਿਹਾ ਹੈ। ਜੋ ਦੁਨੀਆਂ ਦੀ ਦਾਦਾਗਿਰੀ ਕਰਨ ਵਾਲੇ ਅਮਰੀਕਾ ਨੂੰ ਭਾਉਂਦਾ ਨਹੀਂ ਹੈ। ਇਹ ਤਾਂ ਭਾਰਤ ਨੇ ਦੇਖਣਾ ਹੈ ਕਿ ਉਸ ਦੇ ਆਰਥਿਕ ਅਤੇ ਕੌਮਾਂਤਰੀ ਹਿਤ ਕਿਸ ਦੇਸ਼ ਨਾਲ ਠੀਕ ਬੈਹਿੰਦੇ ਹਨ?

ਪਰ ਅਜੇ ਵੀ ਭਾਰਤ ਵਲੋਂ ਆਪਣੀ ਅਮਰੀਕਾ ਪੱਖੀ ਵਿਦੇਸ਼ ਨੀਤੀ ਅਤੇ ਅਮਰੀਕੀ ਸਾਮਰਾਜਵਾਦ ਨਾਲ ਰਣਨੀਤਕ ਸਬੰਧਾਂ ਨੂੰ ਨਾ ਹੀ ਬਦਲਿਆ ਤੇ ਨਾ ਹੀ ਕੋਈ ਆਸ ਦਿੱਸਦੀ ਹੈ? ਵੱਧ ਰਹੇ ਬਹੁ-ਧਰੁਵੀ ਸੰਸਾਰ ਦੀਆਂ ਹਕੀਕਤਾਂ ਨੇ ਮੋਦੀ ਸਰਕਾਰ ਨੂੰ ਬ੍ਰਿਕਸ ਅਤੇ ਸ਼ਿੰਘਾਈ ਸਹਿਯੋਗ ਸੰਗਠਨ ਵਿਚ ਇਕ ਸਰਗਰਮ ਭਾਈਵਾਲ ਬਣਨ ਲਈ ਭਾਵੇਂ ਮਜਬੂਰ ਵੀ ਕੀਤਾ ਹੋਇਆ ਹੈ ਪਰ ਯੂਕਰੇਨ-ਰੂਸ ਜੰਗ ਨੂੰ ਛੱਡ ਕੇ ਜਿਥੇ ਭਾਰਤ ਨੇ ਨਿਰਪੱਖ ਸਥਿਤੀ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ, ਉਥੇ ਅਜੇ ਵੀ ਭਾਰਤ ਦੀ ਵਿਦੇਸ਼ ਨੀਤੀ ਮੋਟੇ ਤੌਰ ’ਤੇ ਅਮਰੀਕਾ ਦੇ ਭੂਗੋਲਿਕ ਰਾਜਨੀਤਿਕ ਮਨਸੂਬਿਆ ਨਾਲ ਜੁੜੀ ਰਹੀ ਹੈ। ਪਿਛਲੇ 7-ਸਾਲਾਂ ਵਿਚ ਭਾਰਤ ਨੇ ਅਮਰੀਕਾ ਤੋਂ 15 ਬਿਲੀਅਨ ਡਾਲਰ ਦੇ ਹਥਿਆਰ ਖਰੀਦੇ ਹਨ। ਪਰ ਪਿਛਲੇ ਕੁਝ ਦਿਨਾਂ ਤੋਂ ਹੁਣ ਨਿਰਯਾਤ ’ਤੇ ਟੈਕਸ ਅਤੇ ਟੈਰਿਫ ਦੇ ਮੁੱਦੇ ’ਤੇ ਟਰੰਪ ਦਾ ਰੁੱਖ ਭਾਰਤ ਪ੍ਰਤੀ ਅਲੱਗ ਹੀ ਨਹੀਂ, ਸਗੋਂ ਹਮਲਾਵਰੀ ਵੀ ਦਿਸ ਰਿਹਾ ਹੈ। ਉਸ ਦਾ ਕਾਰਨ ਦੁਨੀਆਂ ਅੰਦਰ ਸਾਮਰਾਜੀ ਅਮਰੀਕਾ ਦੀ ਅਰਥ-ਵਿਵਸਥਾ ਦੀ ਸਥਿਤੀ ਅੰਦਰ ਆਈ ਡਾਵਾਂਡੋਲਤਾ ਵੀ ਹੈ। ਹੁਣ ਟਰੰਪ ਨੇ ਆਪਣੇ ਵਪਾਰ ਸਬੰਧਾਂ ਅੰਦਰ ਕਾਫੀ ਬਦਲਾਅ ਕਰਕੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਟੈਰਿਫ ਦਰਾਂ ’ਚ ਅਥਾਹ ਵਾਧਾ ਐਲਾਨਿਆ ਹੈ।

ਭਾਰਤ ਕਿਉਂਕਿ ਤੇਲ ਅਤੇ ਹਥਿਆਰ ਰੂਸ ਪਾਸੋਂ ਖਰੀਦਦਾ ਹੈ ਅਤੇ ਦੋਨੋਂ ਦੇਸ਼ਾਂ ਦੇ ਕੁੱਝ ਖੇਤਰਾਂ ’ਚ ਮਜ਼ਬੂਤ ਸਬੰਧਾਂ ਕਾਰਨ, ‘ਅਮਰੀਕਾ ਨੇ ਬੌਖਲਾ ਕੇ ਭਾਰਤ ’ਤੇ 25 ਫੀਸਦੀ ਟੈਰਿਫ ਥੋਪਿਆ ਸੀ। ਬਹਾਨਾ ਇਹ ਬਣਾ ਰਿਹਾ ਹੈ ਕਿ ਭਾਰਤ ਤੇ ਰੂਸ ਦੀ ਆਰਥਿਕਤਾ ਮਰੀ ਹੋਈ, ਭਾਵ ਡੁੱਬ ਰਹੀ ਹੈ। ਹੁਣ ਉਹ ਵਧਾ ਕੇ 50 ਫੀਸਦੀ ਕਰਨ ਦਾ ਐਲਾਨ ਕਰ ਦਿੱਤਾ ਹੈ। ਮੋਦੀ ਦੇ ਹੇਜਲੇ ਟਰੰਪ ਨੇ ਹੋਰ ਕਈ ਢੁੱਚਰਾਂ ਵੀ ਢਾਹੀਆਂ ਹਨ। ਪਰ ਇਹ ਵੀ ਐਲਾਨਿਆ ਕਿ ਭਾਰਤ-ਅਮਰੀਕਾ ਮਿੱਤਰ ਹਨ। ਪਰ ਭਾਰਤ ਨੇ ਸਾਡੇ ਨਾਲ ਘੱਟ ਵਪਾਰ ਕੀਤਾ ਹੈ। ਭਾਵੇਂ ਅਮਰੀਕਾ ਨੇ 70 ਤੋਂ ਵੱਧ ਦੇਸ਼ਾਂ ’ਤੇ 10 ਫੀਸਦੀ ਤੋਂ 41 ਫੀਸਦੀ ਤੱਕ (ਰੈਸੀਪ੍ਰੋਕਲ) ਦੋ ਤਰਫ਼ਾ ਆਪਸੀ ਟੈਰਿਫ ਲਾਉਣ ਦਾ ਵੀ ਐਲਾਨ ਕੀਤਾ ਹੈ। ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ’ਤੇ 19 ਫੀਸਦੀ ਟੈਰਿਫ਼ ਲਾਇਆ ਹੈ। ਇਹ ਵਪਾਰ ਟੈਕਸ ਕੀ ਹੁਣ ਗੱਲਬਾਤ ਰਾਹੀਂ ਘੱਟਣਗੇ ਜਾਂ ਦੋ ਦਰਫ਼ਾਂ ਟੈਕਸ ਦਬਾਅ ਅਧੀਨ ਹੋਰ ਸ਼ਕਲ ਅਖਤਿਆਰ ਕਰਨਗੇ, ਸਮਾਂ ਹੀ ਦੱਸੇਗਾ? ਭਾਰਤ ਵਲੋਂ ਵੀ ਅਧਿਕਾਰਤ ਜਵਾਬੀ ਪ੍ਰਕਿਰਿਆ ਹੋਈ ਹੈ। ਭਾਰਤ ਹੁਣ ਆਪਣੇ ਕੌਮੀ ਹਿਤਾਂ ਅਤੇ ਆਰਥਿਕ ਰੱਖਿਆ ਲਈ ਜ਼ਰੂਰੀ ਕਦਮ ਉਠਾਏਗਾ। ਇਹ ਵੀ ਕਿਹਾ ਕਿ ਸਾਡੇ ’ਤੇ ਆਲੋਚਨਾ ਕਰਨ ਵਾਲੇ ਖੁਦ ਰੂਸ ਨਾਲ ਵਪਾਰ ਕਰਦੇ ਹਨ। ਇਹ ਵਿਰੋਧੀਆਂ ’ਤੇ ਦਬਾਅ ਪਾਉਣ ਲਈ ਅਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ। ਚੀਨ ’ਤੇ 145 ਫੀਸਦੀ ਟੈਕਸ ਐਲਾਨਿਆ, ਜਦ ਚੀਨ ਨੇ ਵੀ ਅੱਖਾਂ ਦਿਖਾਈਆਂ, ਤਾਂ ਘੱਟ ਕਰਕੇ 35 ਫੀਸਦੀ ਕਰ ਦਿੱਤਾ।

ਕੂਟਨੀਤਿਕ ਹਲਕਿਆਂ ਅੰਦਰ ਇਹ ਵੀ ਇਕ ਪੱਖ ਹੈ ਕਿ ਟਰੰਪ ਇਸ ਗੱਲੋਂ ਨਾਰਾਜ਼ ਹੈ ਕਿ ਭਾਰਤ-ਪਾਕਿ ਜੰਗਬੰਦੀ ਲਈ ਭਾਰਤ ਸਰਕਾਰ ਟਰੰਪ ਦੀ ਵਿਚੋਲਗੀ ਤੋਂ ਇਨਕਾਰੀ ਹੋ ਰਿਹਾ ਹੈ। ਸ਼ੀਤ ਯੁੱਧ ਦੇ ਸਮੇਂ ਤੋਂ ਅੱਜ ਤੱਕ ਅਮਰੀਕਾ ਨਾਲ ਭਾਰਤ ਦੇ ਸਬੰਧ ਕਈ ਵਾਰ ਖਰਾਬ ਹੋਏ ਤੇ ਖੱਟੇ-ਮਿੱਠੇ ਰਹੇ ਹਨ। ਅਟੱਲ-ਵਾਜਪਈ ਵੇਲੇ ਤੇ ਮਨਮੋਹਨ ਸਿੰਘ ਵੇਲੇ ਪ੍ਰਮਾਣੂ ਸੰਧੀ ’ਤੇ ਕਈ ਹੋਰ ਮੁੱਦਿਆਂ ’ਤੇ ਸਬੰਧ ਸੁਧਰੇ ਤੇ ਦੂਰੀਆਂ ਵਧੀਆ ਵੀ। ਪਿੱਛੇ ਜਿਹੇ ਹੀ ਮੋਦੀ ਸਰਕਾਰ ਦੇ ਗਲਿਆਰਿਆਂ ਅੰਦਰ ਟਰੰਪ ਨੂੰ ਸ਼ਾਂਤੀ ਨੋਬਲ ਪ੍ਰਾਇਜ਼ ਦੇਣ ਲਈ ਚਰਚਾ ਵੀ ਹੁੰਦੀ ਸੀ। ਟਰੰਪ ਵਲੋਂ ਮਿੱਤਰ ਦੱਸ ਕੇ ਟੈਰਿਫ਼ ਦਰਾਂ ’ਚ ਵਾਧਾ ਐਲਾਨ ਦਾ ਭਾਰਤ ਲਈ ਕਠੋਰ, ਗੈਰ-ਸਹਿਣਯੋਗ ਅਤੇ ਗੈਰ-ਮੁਦਰਿਕ ਵਪਾਰ ਰੋਕਾਂ ਹਨ। ਟਰੰਪ ਨੇ ਫਿਰ ਦੁਹਰਾਇਆ ਹੈ ਕਿ ਭਾਰਤ ਅਮਰੀਕਾ ਪ੍ਰਤੀ ਵਪਾਰ ਅੰਦਰ ਸੰਕੋਚ ਵਰਤ ਰਿਹਾ ਹੈ। ਉਹ ਰੂਸ ਨਾਲ ਵਪਾਰ ਅਤੇ ਤੇਲ ਲੈਣ ਲਈ ਨੇੜਤਾ ਜਾਰੀ ਰੱਖ ਰਿਹਾ ਹੈ। ਪਰ ਟਰੰਪ ਦਾ ਪਾਕਿ ਪ੍ਰਤੀ ਨਰਮ ਰਵੱਈਆ ਤੇ ਰੂਸ-ਭਾਰਤ ਡੈਡ-ਆਰਥਿਕਤਾ ਨੇ ਅਮਰੀਕਾ-ਭਾਰਤ ਸਬੰਧਾਂ ’ਤੇ ਪਾਣੀ ਫੇਰਨਾ ਤੇ ਰਾਜਨੀਤਿਕ ਸਬੰਧਾਂ ਨੂੰ ਫਿੱਕਾ ਕੀਤਾ ਹੈ। ਕੀ ਹੁਣ ਭਾਰਤ ਅਮਰੀਕਾ ਦੇ ਇਸ ਰਵੱਈਏ ਪ੍ਰਤੀ ਅਡਿੱਗ ਰਹਿ ਸਕੇਗਾ?

ਭਾਰਤ ਆਪਣੀ ਤੇਲ ਦੀ ਜ਼ਰੂਰਤ ਪੂਰੀ ਕਰਨ ਲਈ 2021-22 ’ਚ ਰੂਸ ਤੋਂ 2.10 ਫੀਸਦੀ ਤੇਲ ਖਰੀਦਦਾ ਸੀ, ਜੋ 2022-23 ’ਚ 19.10-ਫੀਸਦੀ, 2023-24 ’ਚ ਇਹ ਵਾਧਾ 33.40 ਫੀਸਦੀ ਅਤੇ 2024-25 ਤੱਕ ਇਹ ਵੱਧ ਕੇ 35.10 ਫੀਸਦੀ ਪੁੱਜ ਗਿਆ ਸੀ। ਇਸ ਤੋਂ ਬਿਨਾਂ ਭਾਰਤ ਇਰਾਕ, ਇਰਾਨ, ਅਰਬ ਅਤੇ ਹੋਰ ਦੇਸ਼ਾਂ ਤੋਂ ਵੀ ਜ਼ਰੂਰਤ ਲਈ ਤੇਲ ਖਰੀਦ ਰਿਹਾ ਹੈ। ਭਾਰਤ ਨੇ ਅਮਰੀਕਾ ਤੋਂ ਸਾਲ 2024-25 ਦੌਰਾਨ 4.60 ਫੀਸਦੀ ਤੇਲ ਖਰੀਦਿਆ ਸੀ। ਹਰ ਸਾਲ ਭਾਰਤ 11 ਲੱਖ ਕਰੋੜ ਰੁਪਏ ਦਾ ਪੈਟਰੋਲ ਤੇ ਡੀਜ਼ਲ ਦੂਸਰੇ ਦੇਸ਼ਾਂ ਤੋਂ ਖਰੀਦਦਾ ਹੈ, ਜੋ 80 ਫੀਸਦੀ ਸੀ। ਭਾਰਤ ਦਾ ਰੁਪਿਆ ਡਾਲਰ ਦੇ ਮੁਕਾਬਲੇ ਲਗਾਤਾਰ ਕਮਜ਼ੋਰ ਹੁੰਦਾ ਜਾ ਰਿਹਾ ਹੈ। ਪਰ ਟਰੰਪ ਵਲੋਂ ਭਾਰਤ ਨੂੰ ਕੋਈ ਰਾਹਤ ਅਤੇ ਸਹੂਲਤ ਨਹੀਂ ਮਿਲ ਰਹੀ ਹੈ। ਫਿਰ ਭਾਰਤ ਅਮਰੀਕਾ ਤੋਂ ਮਹਿੰਗਾ ਤੇਲ ਕਿਉਂ ਖਰੀਦੇਗਾ? 50 ਫੀਸਦੀ ਟੈਰਿਫ ਭਾਰਤ ’ਤੇ ਲਗਾਉਣਾ ਇਹ ਸੁਝਾਅ ਕਿਉਂ? ਟਰੰਪ ਅਜੇ ਹੋਰ ਜੁਰਮਾਨਾ ਲਾਉਣ ਲਈ ਕਹਿ ਰਿਹਾ ਹੈ। ਅਮਰੀਕਾ ਵਲੋਂ ਰੂਸ ’ਤੇ ਤੇਲ ਦੀਆਂ ਕੀਮਤਾਂ ਘੱਟ ਕਰਾਉਣ ਲਈ, ਟਰੰਪ ਦਾ ਇਹ ਇਕ ਢੰਗ ਹੈ। ਕਿਵੇਂ ਪੂਤਿਨ ਉਪਰ ਯੂਕਰੇਨ ਜੰਗ ਰੋਕਣ ਲਈ ਦਬਾਅ ਬਣਾਉਣਾ ਹੈ? ਦੂਸਰੇ ਪਾਸੇ 2024 ਦੌਰਾਨ ਯੂਰਪੀ-ਸੰਘ ਦਾ ਰੂਸ ਨਾਲ ਵਾਪਾਰ 67.5 ਅਰਬ ਯੂਰੋ ਤੱਕ ਸੀ, ਜੋ ਫਰਟਾਲਾਈਜ਼ਰ, ਖਨਨ, ਕੈਮੀਕਲ, ਲੋਹਾ, ਸਟੀਲ, ਆਟੋਪਾਰਟ, ਯੂਰੇਨੀਅਮ ਗੈਸ ਆਦਿ ਖੇਤਰਾਂ ਅੰਦਰ ਹੋਇਆ।

ਅਮਰੀਕਾ ਅਤੇ ਯੂਰਪੀ ਸੰਘ ਦੇ ਉਨ੍ਹਾਂ ਯਤਨਾਂ ਦੀ ਭਾਰਤ ਨੇ ਆਲੋਚਨਾ ਕੀਤੀ ਹੈ, ਜਿਹੜੇ ਭਾਰਤ ਦੀਆਂ ਰਿਫਾਈਨਰੀਆਂ ਨੂੰ ਬੰਦ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਰਤ ਦਾ ਆਯਾਤ ਗਲੋਬਲ ਮਾਰਕੀਟ ਦੇ ਹਲਾਤਾਂ ਅਨੁਸਾਰ ਜ਼ਰੂਰੀ ਹੈ। ਇਹ ਭਾਰਤ ਦਾ ਨਿੱਜੀ ਮਾਮਲਾ ਹੈ। ਭਾਰਤ ਨੇ ਆਪਣੀਆਂ ਲੋੜਾਂ ਅਨੁਸਾਰ ਆਯਾਤ-ਨਿਰਯਾਤ ਕਰਨਾ ਹੈ। ਇਸ ਨੂੰ ਰੋਕਣਾ ਕਈ ਪ੍ਰਕਾਰ ਦੀਆਂ ਉਲਝਨਾਂ ਪੈਦਾ ਕਰਨਾ ਹੋਵੇਗਾ। ਤੇਲ ਅੱਜ ਦੁਨੀਆਂ ਅੰਦਰ ਇਕ ਯੁੱਧਨੀਤਕ ਹਥਿਆਰ ਹੈ। ਇਸ ਨੂੰ ਭਾਰਤ ਵਲੋਂ ਸੰਸਾਰ-ਵਿਆਪੀ ਘਟਨਾਕ੍ਰਮ ਅਤੇ ਭੂਗੋਲਿਕ-ਰਾਜਨੀਤਿਕ ਰਿਸ਼ਤਿਆਂ ਦੇ ਸੰਦਰਭ ਵਿਚ ਦੇਖਿਆ ਜਾਣਾ ਚਾਹੀਦਾ ਹੈ, ਜਿਸ ਦਾ ਭਾਰਤ ਦੀ ਕੌਮੀ ਸਥਿਤੀ ’ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਭਾਰਤ ਵਲੋਂ ਰੂਸ ਤੋਂ ਤੇਲ ਖਰੀਦਣਾਂ ਤੇ ਵਾਪਾਰ ਵਧਾਉਣਾ ਦੋਨੋਂ ਦੇਸ਼ਾਂ ਦੇ ਹਿਤਾਂ ਵਿਚ ਹੈ, ਜੋ ਅਮਰੀਕਾ ਨੂੰ ਭਾਉਂਦਾ ਨਹੀਂ ਹੈ।

# ਲੈਂਡ ਪੂਲਿੰਗ

## (ਮਿੰਨੀ ਕਹਾਣੀ)

ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ, ਮੁੱਲਾਂਪੁਰ ਦਾਖਾ
ਪੰਜਾਬ ਮੇਲ USA



ਸੁਖਦੇਵ ਸਿੰਘ ਕੱਪੜੇ ਬਦਲਕੇ ਲੈਂਡ ਪੂਲਿੰਗ ਵਾਲੇ ਧਰਨੇ ਵਿਚ ਜਾਣ ਲਈ ਤਿਆਰ ਹੋ ਰਿਹਾ ਸੀ। ਇਤਨੇ ਨੂੰ ਉਸ ਦੇ ਪੁੱਤਰ ਦਾ ਚਿੱਟੇ ਦੇ ਨਸ਼ੇ ਲਈ ਪੈਸੇ ਲੈਣ ਖ਼ਾਤਰ ਆਪਣੀ ਮਾਂ ਨਾਲ ਰੌਲਾ ਪੈ ਗਿਆ।

ਸੁਖਦੇਵ ਸਿੰਘ ਦੀ ਘਰਵਾਲੀ ਕਰਮੋ ਨੇ ਆਪਣੇ ਪਤੀ ਸੁਖਦੇਵ ਸਿੰਘ ਨਾਲ ਲੜਦਿਆਂ ਆਖਿਆ, ਅਰਾਮ ਨਾਲ ਘਰ ਬੈਠ ਜਾ! ਤੈਨੂੰ ਧਰਨੇ ’ਤੇ ਨਹੀਂ ਜਾਣ ਦੇਣਾ! ਲੈ ਜਾਣਦੇ ਜ਼ਮੀਨ ਲੈਂਡ ਪੂਲਿੰਗ ਵਾਲਿਆਂ ਨੂੰ! ਨਾ ਤੇਰਾ ਨਸ਼ਾ ਪੂਰਾ ਹੋਵੇ, ਆਥਣੇ ਦਾਰੂ ਨਾਲ ਡੱਫ ਕੇ ਆ ਜਾਨਾ! ਨਾ ਪੁੱਤ ਦੇ ਚਿੱਟੇ ਦੇ ਲਈ ਪੈਸੇ ਪੂਰੇ ਹੋਣ! ਜਮੀਨ ਵੇਚ ਵੇਚਕੇ ਨਸ਼ੇ ਰਾਹ ਲੰਘਾਈ ਜਾਂਦੇ ਹੋ, ਜੇ ਇੱਕ ਵਾਰ ਲੈਂਡਿੰਗ ਪੂਲ ਵਾਲੇ ਜ਼ਮੀਨ ਲੈ ਜਾਣ, ਤਾਂ ਰੋਜ਼-ਰੋਜ਼ ਦੀ ਲੜਾਈ ਝਗੜਾ ਤਾਂ ਮੁੱਕ ਜਾਵੇਗਾ!

ਇਤਨਾਂ ਆਖ ਮਨ ਦੀ ਭੜਾਸ ਕੱਢਦੀ ਹੋਈ ਕਰਮੋ ਨਸ਼ੇ ਵਲੋਂ ਤੜਫ਼ ਰਹੇ ਪੁੱਤ ਨੂੰ ਪੈਸੇ ਦੇਣ ਲਈ ਕਮਰੇ ਵਿਚ ਚਲੀ ਗਈ। ਸੁਖਦੇਵ ਸਿੰਘ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਡਾ. ਮਨਜੀਤ ਸਿੰਘ ਬੱਲ ਦੀ 'ਗੱਲਾਂ ਆਰ ਪਾਰ ਦੀਆਂ' ਪੁਸਤਕ ਮੁਹੱਬਤ ਦੀ ਦਾਸਤਾਂ







**131 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਡਰੀਮ ਬੁੱਕ ਪਬਲਿਸ਼ਿੰਗ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ ਡਾ. ਮਨਜੀਤ ਸਿੰਘ ਬੱਲ: 98728-43491**

ਡਾ. ਮਨਜੀਤ ਸਿੰਘ ਬੱਲ ਬਹੁ-ਵਿਧਾਵੀ ਤੇ ਬਹੁ-ਪੱਖੀ, ਭਾਵਨਾਵਾਂ ਦੇ ਵਹਿਣ ਵਿਚ ਗੋਤੇ ਲਾਉਣ ਵਾਲਾ ਸੰਵੇਦਨਸ਼ੀਲ ਲੇਖਕ ਹੈ। ਹੁਣ ਤੱਕ ਉਸ ਦੀਆਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਤੇਰਾਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਪੜਚੋਲ ਅਧੀਨ 'ਗੱਲਾਂ ਆਰ ਪਾਰ ਦੀਆਂ' ਉਸ ਦੀ ਚੌਧਵੀਂ ਪੁਸਤਕ ਹੈ। ਇਸ ਪੁਸਤਕ ਵਿਚ ਵੱਖ-ਵੱਖ ਵਿਸ਼ਿਆਂ, ਮਾਨਵਤਾ ਦੇ ਆਪਸੀ ਰਿਸ਼ਤਿਆਂ ਦੀ ਮਨੋ-ਦਸ਼ਾ ਦਾ ਵਿਸ਼ਲੇਸ਼ਣ ਕਰਨ ਵਾਲੇ ਕੁਲ 36 ਲੇਖ ਹਨ। ਜਿਹੜੇ ਲੋਕਾਈ ਨੂੰ ਮੁਹੱਬਤ ਨਾਲ ਪਿਆਰ ਦੀਆਂ ਪੀਂਘਾਂ ਪਾ ਕੇ ਸੁਨਹਿਰਾ ਤੇ ਸੁਹਾਵਣਾ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਹ ਲੇਖ ਮਾਨਵ ਕਦਰਾਂ-ਕੀਮਤਾਂ ਵਿਚ ਆਧੁਨਿਕਤਾ ਦੀ ਪਿਉਂਦ ਕਰਕੇ ਆ ਰਹੀ ਗਿਰਾਵਟ ਦੀ ਗਵਾਹੀ ਭਰਦੇ ਹਨ। ਮੋਹ-ਮੁਹੱਬਤ ਸਰਹੱਦਾਂ ਦੀ ਵਲੱਗਣ ਤੋਂ ਬਾਹਰ ਦੀਆਂ ਬਾਤਾਂ ਹਨ। ਮੁਹੱਬਤ ਤਾਂ ਹਵਾ ਦੀਆਂ ਤਰੰਗਾਂ ਵਿਚ ਰੰਗੀਨੀ ਘੋਲਦੀ ਹੈ। ਇਸ ਪੁਸਤਕ ਦੀ ਸਭ ਤੋਂ ਵੱਡੀ ਖ਼ੂਬੀ ਇਹੋ ਹੈ ਕਿ ਪਿਆਰ ਦੀਆਂ ਪੀਂਘਾਂ ਪਾ ਕੇ ਉਨ੍ਹਾਂ ਨੂੰ ਬਰਕਰਾਰ ਰੱਖਣ ਦੀ ਤਾਕੀਦ ਕਰਦੀ ਹੈ। ਇਸ ਦੇ ਲੇਖ ਇੱਕ ਕਿਸਮ ਨਾਲ ਪੁਰਾਤਨ ਪ੍ਰੰਪਰਾਵਾਂ, ਰਹਿਣੀ-ਬਹਿਣੀ, ਕਾਰ-ਵਿਵਹਾਰ ਅਤੇ ਸ਼ਬਦਾਵਲੀ ਦੀ ਯਾਦ ਦਿਵਾਉਂਦੇ ਹਨ। ਇਹ ਲੇਖ ਡਾ. ਮਨਜੀਤ ਸਿੰਘ ਬੱਲ ਦੀ ਜ਼ਿੰਦਗੀ ਵਿਚ ਹੋਏ ਤਜ਼ਰਬਿਆਂ 'ਤੇ ਆਧਾਰਿਤ ਹਨ। ਜੇ ਇਹ ਕਹਿ ਲਿਆ ਜਾਵੇ ਕਿ ਡਾ. ਮਨਜੀਤ ਸਿੰਘ ਬੱਲ ਦੀ ਜ਼ਿੰਦਗੀ ਦੀ ਜੱਦੋ-ਜਹਿਦ ਦੀ ਕਹਾਣੀ ਹੈ, ਤਾਂ ਵੀ ਕੋਈ ਅਤਿਕਥਨੀ ਨਹੀਂ, ਸਗੋਂ ਡਾ. ਮਨਜੀਤ ਸਿੰਘ ਬੱਲ ਆਪਣੀ ਜੱਦੋ-ਜਹਿਦ ਨੂੰ ਲੋਕਾਈ ਦੀ ਜੱਦੋ-ਜਹਿਦ ਵਿਚ ਬਦਲਣ ਦੇ ਸਮਰੱਥ ਹੋਇਆ ਹੈ। ਇਹ ਵੀ ਡਾ. ਮਨਜੀਤ ਸਿੰਘ ਬੱਲ ਦੀ ਵੱਡੀ ਪ੍ਰਾਪਤੀ ਹੈ। ਆਮ ਤੌਰ 'ਤੇ ਲੇਖ ਰੁੱਖੇ ਜਿਹੇ ਹੁੰਦੇ ਹਨ, ਪ੍ਰੰਤੂ ਇਸ ਪੁਸਤਕ ਦੇ ਲੇਖ ਤਾਂ ਫਸਟ ਪਰਸਨ ਵਿਚ ਹੋਣ ਕਰਕੇ ਕਹਾਣੀਆਂ ਦੀ ਤਰ੍ਹਾਂ ਦਿਲਚਸਪ ਬਣ ਗਏ ਹਨ, ਜਿਨ੍ਹਾਂ ਨੂੰ ਪੜ੍ਹਨ ਲਈ ਉਤਸੁਕਤਾ ਬਣੀ ਰਹਿੰਦੀ ਹੈ। ਲੇਖ ਪੜ੍ਹਦਿਆਂ ਕਈ ਵਾਰ ਆਮ ਜਿਹੀਆਂ ਗੱਲਾਂ ਤੇ ਘਟਨਾਵਾਂ ਲੱਗਦੀਆਂ ਹਨ, ਪ੍ਰੰਤੂ ਇਨ੍ਹਾਂ ਲੇਖਾਂ ਦੇ ਅਰਥ ਡੂੰਘੇ ਹਨ। ਸੌਖੀ ਜ਼ਿੰਦਗੀ ਜਿਉਣ ਲਈ ਤਹਿਜ਼ੀਬ, ਸਲੀਕਾ ਅਤੇ ਸੰਜੀਦਗੀ ਦਾ ਗੁਣ ਦੇਣ ਦੀ ਪ੍ਰੇਰਨਾ ਦੇਣ ਵਾਲੇ ਹਨ। ਪਹਿਲੇ ਭਾਗ ਵਿਚ 26 ਲੇਖ ਹਨ। ਡਾ. ਮਨਜੀਤ ਸਿੰਘ ਬੱਲ ਸਾਹਿਤਕ ਤੇ ਸੰਗੀਤਕ ਸੁਰਾਂ ਦਾ ਰਸੀਆ ਹੋਣ ਕਰਕੇ ਸ਼ਬਦਾਂ ਦਾ ਦਰਿਆ ਵਹਿਣ ਲਾ ਦਿੰਦੇ ਹਨ, ਜਿਨ੍ਹਾਂ ਦੀਆਂ ਤਰੰਗਾਂ ਵਿਚ ਪਾਠਕ ਮਸਤ ਹੋ ਜਾਂਦੇ ਹਨ। 'ਦੋ ਛਤੀਰੀਆਂ ਵਾਲਾ ਘਰ' ਉਸ ਸਮੇਂ ਦੀ ਸਾਂਝੇ ਪਰਿਵਾਰਾਂ ਦੀ ਸਾਧਾਰਣ ਤੇ ਸੰਤੁਸ਼ਟਤਾ ਵਾਲੀ ਰਹਿਣੀ ਬਹਿਣੀ ਦਾ ਦ੍ਰਿਸ਼ਟਾਂਤਿਕ ਪ੍ਰਗਟਾਵਾ ਕਰਦਾ ਹੈ। 'ਹੱਡੀਆਂ ਦੀ ਜੰਗ' ਐੱਮ.ਬੀ.ਬੀ.ਐੱਸ. ਸਮੇਂ ਵਿਦਿਆਰਥੀਆਂ ਦੀ ਸਿੱਖਿਆ ਲਈ ਕੀਤੀ ਜਾਂਦੀ ਜੱਦੋ-ਜਹਿਦ ਦੀ ਦਾਸਤਾਂ ਹੈ। 'ਖ਼ੂਨ ਦਾ ਰਿਸ਼ਤਾ' ਲੇਖ ਇਨਸਾਨੀਅਤ ਦੀ ਦੁੱਖ-ਸੁੱਖ ਵਿਚ ਬਾਂਹ ਫੜ੍ਹਨ ਦੀ ਪ੍ਰੇਰਨਾ ਦਿੰਦਾ ਹੈ। ਡਾ. ਮਨਜੀਤ ਸਿੰਘ ਵੱਲੋਂ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਖ਼ੂਨਦਾਨ ਕਰਨਾ ਸਾਬਤ ਕਰਦਾ ਹੈ ਕਿ ਬੰਦਾ ਬੰਦੇ ਦੀ ਦਾਰੂ ਬਣਦਾ ਹੈ। ਨਰਸ ਹਰਬੰਸ ਥਾਂਦੀ ਨੂੰ ਵਿਭਾਗ ਦੇ ਮੁੱਖੀ ਵੱਲੋਂ ਸ਼ਾਬਸ਼ ਦੇਣਾ ਗ਼ਲਤੀ ਦਾ ਅਸਿੱਧੇ ਢੰਗ ਨਾਲ ਅਹਿਸਾਸ ਕਰਵਾਉਣਾ ਬਿਹਤਰੀਨ ਵਿਵਹਾਰ ਹੈ। 'ਜਨਾਨਾ ਵਾਰਡ' ਲੇਖ ਛੋਟੇ-ਵੱਡੇ ਅਹੁਦਿਆਂ ਵਾਲੀਆਂ ਇਸਤਰੀਆਂ ਦੀਆਂ ਇੱਕੋ ਜਿਹੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਾ ਹੈ। ਜਦੋਂ ਵਾਰਡ ਦਾ ਦਰਜਾ ਚਾਰ ਕਰਮਚਾਰੀ ਰੌਸ਼ਨ ਲਾਲ, ਡੱਗੀ ਵਾਲੀ ਸ਼ੀਲਾ ਵੱਲੋਂ ਗਾਇਨੀ ਵਾਰਡ ਵਿਚ ਔਰਤਾਂ ਨੂੰ ਸੂਟ ਵੇਚਣ ਦੀ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਵਾਡੀ ਮੈਡਮ ਨੂੰ ਲੈ ਕੇ ਆਉਂਦਾ ਹੈ, ਤਾਂ ਸ਼ੀਲਾ ਨੂੰ ਉਥੋਂ ਹਟਾਉਣ ਦੀ ਥਾਂ ਵਾਡੀ ਮੈਡਮ ਖ਼ੁਦ ਸੂਟ ਪਸੰਦ ਕਰਨ ਲੱਗ ਜਾਂਦੀ ਹੈ। 'ਪਹਿਲੀ ਤਨਖ਼ਾਹ' ਲੇਖ ਵੀ ਨੌਜਵਾਨ ਨੌਕਰਸ਼ਾਹਾਂ ਦੀਆਂ ਆਰਥਿਕ ਤੰਗੀਆਂ ਤਰੁਸ਼ੀਆਂ ਅਤੇ ਦਿਲੀ ਇੱਛਾਵਾਂ ਦਾ ਵਿਸ਼ਲੇਸ਼ਣ ਹੈ। 'ਮੁਕਲਾਵਾ' ਨਵੇਂ ਵਿਆਹੇ ਜੋੜਿਆਂ ਦੇ ਸੰਗਾਊਪੁਣੇ ਨਾਲ ਲਾਭ ਹੋਣ ਦੀ ਥਾਂ ਨੁਕਸਾਨ ਹੋ ਸਕਦਾ ਹੈ। ਪਹਿਲੇ ਭਾਗ ਦੇ ਅੱਧੇ 13 ਲੇਖ ਦੇਸ਼ ਦੀ ਵੰਡ ਦੀ ਤ੍ਰਾਸਦੀ ਕਰਕੇ ਖ਼ੂਨ ਦੇ ਰਿਸ਼ਤਿਆਂ ਦੇ ਵੱਖ ਹੋਣ ਦਾ ਸੰਤਾਪ ਪ੍ਰਗਟ ਕਰਦੇ ਹਨ, ਇਨ੍ਹਾਂ ਲੇਖਾਂ ਵਿਚ 'ਬਨਾਰਸੀ ਸਾੜ੍ਹੀ' ਅਨਾਰਕਲੀ ਬਾਜ਼ਾਰ ਵਾਲਾ ਪਰਸ, 'ਡੱਬੀਆਂ ਵਾਲਾ ਖੇਸ', 'ਸ਼ੇਖ਼ ਬ੍ਰਹਮ', 'ਵੈਸਟ ਸਰਜੀਕਲ ਵਾਰਡ', 'ਲਾਹੌਰ ਦੀ ਆਮਨਾ', 'ਲਹਿੰਦੇ ਪੰਜਾਬ ਵਾਲ਼ੇ ਰਿਸ਼ਤੇ', 'ਮਾਮਾ ਗ਼ੁਲਾਮ ਰਸੂਲ', 'ਖ਼ੂਹੀ ਵਾਲੀ ਗੱਲ ਸੁਣਾ', 'ਉਮਰ ਭਰ ਦਾ ਪਛਤਾਵਾ', 'ਲਾਹੌਰ ਦਾ ਜੈਨ ਮੰਦਰ', 'ਭਗਤ ਸਿੰਘ ਚੌਕ ਲਾਹੌਰ', 'ਕਰਤਾਰਪੁਰ ਸਾਹਿਬ ਦਾ ਰੇਲ-ਲਿੰਕ' ਲੇਖ ਦੋਹਾਂ ਦੇਸ਼ਾਂ ਦੀ ਵੰਡ ਨਾਲ ਰਿਸ਼ਤਿਆਂ ਦੂਰੀ ਦੀ ਤ੍ਰਾਸਦੀ ਬਿਆਨ ਕਰਦੇ ਹਨ। ਆਂਦਰਾਂ ਦਾ ਮੋਹ ਕਿਵੇਂ ਹੰਝੂਆਂ ਦੀ ਨਦੀ ਲਿਆਉਂਦਾ ਹੈ। ਪਿਆਰ ਦੀਆਂ ਤੰਦਾਂ ਖੁੱਲ੍ਹਦੀਆਂ ਰਹਿੰਦੀਆਂ ਹਨ। ਪਾਕਿਸਤਾਨ ਵਿਚ ਧਾਰਮਿਕ ਕੱਟੜ ਲੋਕਾਂ ਦੇ ਨਾਲ ਹੀ ਕੁਝ ਧਾਰਮਿਕ ਸਦਭਾਵਨਾ ਵਾਲੇ ਸਿਆਣੇ ਲੋਕ ਵੀ ਰਹਿੰਦੇ ਵਿਖਾਏ ਗਏ ਹਨ, ਜਿਹੜੇ ਜੈਨ ਮੰਦਰ ਨੂੰ ਢਾਹੁਣ 'ਤੇ ਦੁਖੀ ਹੋਏ ਤੇ ਦੁਬਾਰਾ ਬਣਨ 'ਤੇ ਹੋਈ ਗ਼ਲਤੀ ਦਰੁਸਤੀ 'ਤੇ ਖ਼ੁਸ਼ ਹਨ। ਇਸੇ ਤਰ੍ਹਾਂ ਸਮਾਦਾਨ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ 'ਤੇ ਖ਼ੁਸ਼ ਹਨ। ਇਹ ਸਾਰੇ ਲੇਖ ਵੰਡ ਦੀ ਤ੍ਰਾਸਦੀ ਦੀ ਮੂੰਹ ਬੋਲਦੀ ਤਸਵੀਰ ਹਨ। ਡਾ. ਇਮਰਾਨ ਖ਼ੁਰਸ਼ੀਦ, ਸਰਫਰਾਜ, ਆਮਨਾ ਹਸਨ, ਅਨਵਰ ਬਾਰੂ, ਬੇਗ਼ਮ ਰਜੀਆ, ਮਾਜਿਦ ਬੁਖ਼ਾਰੀ ਦੀਆਂ ਭਾਵਨਾਵਾਂ ਹੰਝੂਆਂ ਦੀ ਝੜੀ ਲਗਾ ਦਿੰਦੀਆਂ ਹਨ। 'ਵਾਹਗਾ ਵਾਰਡਰ ਰੀਟਰੀਟ' ਦੇਸ਼ ਭਗਤੀ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਾ ਹੈ। 'ਪਹੁ ਫ਼ੁਟਾਲਾ', 'ਚਾਨਣੀ ਰਾਤ ਤੇ ਕੁੱਤੇ' ਲੇਖਾਂ ਵਿਚ ਕੁਦਰਤ ਦੇ ਕਾਦਰ ਦੇ ਸੁਹਾਵਣੇ ਵਾਤਾਵਰਨ ਦੇ ਕਸੀਦੇ ਪੜ੍ਹੇ ਗਏ ਹਨ ਅਤੇ ਨਾਲ ਹੀ ਇਹ ਵੀ ਸੰਦੇਸ਼ ਦਿੱਤਾ ਗਿਆ ਹੈ ਕਿ ਕਾਰਵਾਂ ਚਲਦਾ ਰਹਿੰਦਾ ਹੈ, ਕੁੱਤੇ ਭੌਂਕਦੇ ਰਹਿੰਦੇ ਹਨ, ਇਨ੍ਹਾਂ ਤੋਂ ਘਬਰਾਉਣਾ ਨਹੀਂ ਚਾਹੀਦਾ, ਆਤਮ ਵਿਸ਼ਵਾਸ਼ ਨਾਲ ਚਲਦੇ ਰਹਿਣਾ ਚਾਹੀਦਾ ਹੈ। 'ਪੰਚਾਇਤੀ ਰੇਡੀਓ' ਪੁਰਾਣੇ ਸਮੇਂ ਦੇ ਸੰਚਾਰ ਪ੍ਰਣਾਲੀ ਦਾ ਵਿਵਰਣ ਦਿੰਦਾ ਹੈ ਤੇ 'ਸਾਲਮ ਜਹਾਜ' ਦਿਲਚਸਪ ਲੇਖ ਹੈ। 'ਮਰਨ ਤੋਂ ਬਾਅਦ ਜ਼ਿੰਦਗੀ' ਲੜਕੀ ਦੀ ਅਚਾਨਕ ਗੰਭੀਰ ਬਿਮਾਰੀ ਅਤੇ ਅੰਗ ਦਾਨ ਕਰਨ ਵਾਲੀ ਪ੍ਰਵਿਰਤੀ ਹਿਰਦੇਵੇਦਿਕ ਬ੍ਰਿਤਾਂਤ ਵਾਲਾ ਗੰਭੀਰ ਤੇ ਉਤਸ਼ਾਹਜਨਕ ਲੇਖ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਬਣ ਸਕਦਾ ਹੈ। 'ਵਿਸਰਾ ਦੀ ਜਾਂਚ' ਝੂਠੀਆਂ ਖ਼ਬਰਾਂ ਦਾ ਪਰਦਾਫਾਸ਼ ਕਰਨ ਵਾਲਾ ਲੇਖ ਹੈ।

> ਇਸ ਪੁਸਤਕ ਦੀ ਸਭ ਤੋਂ ਵੱਡੀ ਖ਼ੂਬੀ ਇਹੋ ਹੈ ਕਿ ਪਿਆਰ ਦੀਆਂ ਪੀਂਘਾਂ ਪਾ ਕੇ ਉਨ੍ਹਾਂ ਨੂੰ ਬਰਕਰਾਰ ਰੱਖਣ ਦੀ ਤਾਕੀਦ ਕਰਦੀ ਹੈ। ਇਸ ਦੇ ਲੇਖ ਇੱਕ ਕਿਸਮ ਨਾਲ ਪੁਰਾਤਨ ਪ੍ਰੰਪਰਾਵਾਂ, ਰਹਿਣੀ-ਬਹਿਣੀ, ਕਾਰ-ਵਿਵਹਾਰ ਅਤੇ ਸ਼ਬਦਾਵਲੀ ਦੀ ਯਾਦ ਦਿਵਾਉਂਦੇ ਹਨ। ਇਹ ਲੇਖ ਡਾ. ਮਨਜੀਤ ਸਿੰਘ ਬੱਲ ਦੀ ਜ਼ਿੰਦਗੀ ਵਿਚ ਹੋਏ ਤਜ਼ਰਬਿਆਂ 'ਤੇ ਆਧਾਰਿਤ ਹਨ। ਜੇ ਇਹ ਕਹਿ ਲਿਆ ਜਾਵੇ ਕਿ ਡਾ. ਮਨਜੀਤ ਸਿੰਘ ਬੱਲ ਦੀ ਜ਼ਿੰਦਗੀ ਦੀ ਜੱਦੋ-ਜਹਿਦ ਦੀ ਕਹਾਣੀ ਹੈ, ਤਾਂ ਵੀ ਕੋਈ ਅਤਿਕਥਨੀ ਨਹੀਂ, ਸਗੋਂ ਡਾ. ਮਨਜੀਤ ਸਿੰਘ ਬੱਲ ਆਪਣੀ ਜੱਦੋ-ਜਹਿਦ ਨੂੰ ਲੋਕਾਈ ਦੀ ਜੱਦੋ-ਜਹਿਦ ਵਿਚ ਬਦਲਣ ਦੇ ਸਮਰੱਥ ਹੋਇਆ ਹੈ। ਇਹ ਵੀ ਡਾ. ਮਨਜੀਤ ਸਿੰਘ ਬੱਲ ਦੀ ਵੱਡੀ ਪ੍ਰਾਪਤੀ ਹੈ।

ਦੂਜੇ ਭਾਗ 'ਗੱਲਾਂ ਜ਼ਹੀਨ ਸ਼ਖ਼ਸੀਅਤਾਂ ਦੀਆਂ' ਵਿਚ 10 ਲੇਖ ਹਨ। ਇਹ ਲੇਖ ਵੀ ਡਾ. ਮਨਜੀਤ ਸਿੰਘ ਬੱਲ ਦੀ ਸਾਹਿਤਕ ਤੇ ਸੰਗੀਤਕ ਰੁਚੀ ਦਾ ਪ੍ਰਗਟਾਵਾ ਕਰਦੇ ਹਨ, ਕਿਉਂਕਿ ਇਨ੍ਹਾਂ ਲੇਖਾਂ ਵਿਚ ਪ੍ਰਸਿੱਧ ਲੇਖਕਾਂ, ਸੰਗੀਤਕਾਰਾਂ, ਸਾਹਿਤਕਾਰਾਂ ਦੇ ਜੀਵਨ 'ਤੇ ਝਾਤ ਪਾਈ ਗਈ ਹੈ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਲੇਖਕ ਦੀ ਇਸ ਚੋਣ ਵਿਚ ਬਹੁਤੇ ਸਾਂਝੇ ਪੰਜਾਬ ਦੇ ਮਹਾਨ ਵਿਦਵਾਨ ਤੇ ਸੰਗੀਤਕਾਰ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਦੇਸ਼ ਦੀ ਵੰਡ ਦੇ 78 ਸਾਲ ਬਾਅਦ ਵੀ ਡਾ. ਮਨਜੀਤ ਸਿੰਘ ਬੱਲ ਦਾ ਲਹਿੰਦੇ ਪੰਜਾਬ ਨਾਲ ਮੋਹ ਉਸੇ ਤਰ੍ਹਾਂ ਬਰਕਰਾਰ ਹੈ। ਇਨ੍ਹਾਂ 10 ਲੇਖਾਂ ਵਿਚੋਂ 7 ਲੇਖ ਵੀ ਇਨ੍ਹਾਂ ਮਹਾਨ ਵਿਅਕਤੀਆਂ ਦੇ ਯੋਗਦਾਨ ਬਾਰੇ ਹਨ। ਬਾਕੀ ਤਿੰਨ ਲੇਖਾਂ ਵਿਚ ਦੋ ਉਸਦੇ ਆਪਣੇ ਦਾਦਾ ਅਤੇ ਪਿਤਾ ਬਾਰੇ ਹਨ, ਉਨ੍ਹਾਂ ਦੋਹਾਂ ਵਿਚ ਵੀ ਦਾਦਾ ਅਤੇ ਪਿਤਾ ਸੰਗੀਤ ਤੇ ਸੁਹਜ ਕਲਾ ਦੇ ਪ੍ਰੇਮੀ ਹੋਣ ਦਾ ਪ੍ਰਗਟਾਵਾ ਕਰਦੇ ਹਨ। ਆਖ਼ਰੀ ਲੇਖ ਡਾ. ਬੀਬੀ ਇੰਦਰਜੀਤ ਕੌਰ ਭਗਤ ਪੂਰਨ ਸਿੰਘ ਪਿੰਗਲਵਾੜਾ ਦੀ ਉਸਤਤ ਵਿਚ ਲਿਖਿਆ ਹੋਇਆ ਹੈ। ਡਾ. ਮਨਜੀਤ ਸਿੰਘ ਆਪਣੇ ਕਿੱਤੇ ਦੇ ਨਾਲ ਹੀ ਸਾਹਿਤ ਅਤੇ ਸੰਗੀਤ ਦਾ ਪ੍ਰੇਮੀ ਹੋਣ ਦਾ ਪ੍ਰਗਟਾਵਾ ਵੀ ਹੋ ਜਾਂਦਾ ਹੈ। ਭਵਿੱਖ ਵਿਚ ਉਸ ਕੋਲੋਂ ਹੋਰ ਵਧੀਆ ਲਿਖਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਇਸ ਪੁਸਤਕ ਦੀ ਸ਼ਬਦਾਵਲੀ ਪਾਠਕ ਦੇ ਸਮਝ ਆਉਣ ਵਾਲੀ ਸਰਲ ਤੇ ਆਮ ਬੋਲਚਾਲ ਵਾਲੀ ਹੈ। ਸ਼ਬਦ ਪੜ੍ਹਕੇ ਉਸ ਹਾਲਤ ਬਾਰੇ ਆਪਣੇ ਆਪ ਜਾਣਕਾਰੀ ਹੋ ਜਾਂਦੀ ਹੈ, ਜਿਹੋ ਜਿਹੇ ਮੌਕੇ ਤੇ ਹਾਲਾਤ ਵਿਚ ਵਰਤੇ ਗਏ ਹਨ। ਪੁਸਤਕ ਵਿਚ ਵਰਤੀ ਗਈ ਸ਼ਬਦਾਵਲੀ, ਉਦਾਹਰਣ ਦੇ ਤੌਰ 'ਤੇ ਕਸੀਦਾ, ਹੇਕ, ਟੱਲ, ਵੱਡੀ, ਧਰੇਕਾਂ, ਛਤੀਰੀਆਂ, ਬਾਲੇ, ਬੂਹਾ, ਖੁਰਾ, ਕੱਪੜੇ-ਲੱਤੇ, ਡੋਹਣਾ, ਗੜਵੀਆਂ, ਵਹੀ, ਲਾਲਟੈਣ, ਗੁਰਬਤ ਸਰਲ ਅਤੇ ਦਿਹਾਤੀ ਲੋਕਾਂ ਵੱਲੋਂ ਆਮ ਬੋਲਚਾਲ ਵਿਚ ਵਰਤੀ ਜਾਂਦੀ ਹੈ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਡਾ. ਮਨਜੀਤ ਸਿੰਘ ਬਲ ਆਪਣਾ ਸੰਦੇਸ਼ ਦੇਣ ਵਿਚ ਸਫ਼ਲ ਹੋਇਆ ਹੈ।

# ਬਰਤਾਨੀਆ 'ਚ ਫ਼ਾਂਸੀ ਦੇ ਤਖਤੇ 'ਤੇ ਚੜ੍ਹਣ ਵਾਲਾ ਪਹਿਲਾ ਸ਼ਹੀਦ, ਮਹਾਨ ਇਨਕਲਾਬੀ : ਸ਼ਹੀਦ ਮਦਨ ਲਾਲ ਢੀਂਗਰਾ

## ਸ਼ਹੀਦੀ ਦਿਵਸ 'ਤੇ ਵਿਸ਼ੇਸ਼






ਡਾ. ਚਰਨਜੀਤ ਸਿੰਘ ਗੁਮਟਾਲਾ
ਯੂ.ਐੱਸ.ਏ.
001-937-573-9812 (ਯੂ.ਐੱਸ.ਏ.)
ਵਟਸ ਐਪ : 91-94175-33060
gumtalacs@gmail.com
ਪੰਜਾਬ ਮੇਲ USA


"ਮੇਰਾ ਯਕੀਨ ਹੈ ਕਿ ਇਕ ਕੌਮ ਜਿਸ ਨੂੰ ਬੰਦੂਕ ਦੀ ਨੋਕ 'ਤੇ ਦਬਾ ਕੇ ਰੱਖਿਆ ਜਾਵੇ, ਉਹ ਨਿਰੰਤਰ ਲੜਾਈ ਦੀ ਅਵਸਥਾ ਵਿਚ ਹੁੰਦੀ ਹੈ, ਕਿਉਂਕਿ ਇਕ ਬਿਨਾਂ ਹਥਿਆਰ ਦੇ ਕੌਮ ਲਈ ਆਹਮੋ-ਸਾਹਮਣੇ ਲੜਾਈ ਲੜਨੀ ਨਾ ਮੁਮਕਿਨ ਹੁੰਦੀ ਹੈ, ਇਸ ਲਈ ਮੈਂ ਬਿਨਾਂ ਦੱਸਿਆਂ ਹਮਲਾ ਕੀਤਾ। ਕਿਉਂਕਿ ਮੈਨੂੰ ਬੰਦੂਕਾਂ ਨਹੀਂ ਦਿੱਤੀਆਂ ਗਈਆਂ, ਇਸ ਲਈ ਮੈਂ ਆਪਣਾ ਪਿਸਤੌਲ ਕੱਢਿਆ ਤੇ ਫਾਇਰ ਕਰ ਦਿੱਤਾ। ਸਰੀਰਕ ਤੇ ਬੌਧਿਕ ਪੱਖੋਂ ਕਮਜ਼ੋਰ ਹੋਣ ਕਰਕੇ ਮੇਰੇ ਵਰਗਾ ਪੁੱਤਰ ਆਪਣੀ ਮਾਂ ਨੂੰ ਸਿਵਾਏ ਆਪਣੇ ਖ਼ੂਨ ਦੇ ਹੋਰ ਦੇ ਵੀ ਕੀ ਸਕਦਾ ਹੈ। ਇਸ ਲਈ ਮੈਂ ਉਸ ਦੀ ਹਾਲਤ ਬਦਲਣ ਲਈ ਆਪਣਾ ਖ਼ੂਨ ਕੁਰਬਾਨ ਕਰ ਦਿੱਤਾ। ਇਸ ਸਮੇਂ ਭਾਰਤੀਆਂ ਨੂੰ ਇਕੋ ਸਬਕ ਸਿੱਖਣਾ ਚਾਹੀਦਾ ਹੈ ਕਿ ਕਿਵੇਂ ਮਰਿਆ ਜਾਵੇ ਅਤੇ ਸਾਨੂੰ ਮਰ ਕੇ ਹੀ ਅਜਿਹਾ ਪਾਠ ਦੂਜਿਆਂ ਨੂੰ ਪੜ੍ਹਾਇਆ ਜਾਵੇ। ਮੇਰੀ ਰੱਬ ਅੱਗੇ ਪ੍ਰਾਰਥਨਾ ਹੈ ਕਿ ਮੈਂ ਉਸੇ ਮਾਂ ਦੀ ਕੁੱਖੋਂ ਮੁੜ ਜਨਮ ਲਵਾਂ ਅਤੇ ਮੁੜ ਇਸੇ ਪਵਿੱਤਰ ਕਾਰਜ ਲਈ ਮੁੜ ਮਰਾਂ ਤੇ ਇਹ ਪ੍ਰਕਿਰਿਆ ਉਸ ਸਮੇਂ ਤੀਕ ਜਾਰੀ ਰਹੇ, ਜਦ ਤੀਕ ਮੇਰਾ ਪਵਿੱਤਰ ਕਾਰਜ ਸਫ਼ਲ ਨਹੀਂ ਹੋ ਜਾਂਦਾ। ਬੰਦੇ ਮਾਤਰਮ!", ਇਹ ਸ਼ਬਦ 22 ਸਾਲ ਦੇ ਮਦਨ ਲਾਲ ਢੀਂਗਰਾ ਨੇ 17 ਅਗਸਤ 1909 ਈ. ਨੂੰ ਲੰਡਨ ਦੀ ਪੈਂਟੋਵਿਲੇ ਜੇਲ੍ਹ ਵਿਚ ਫ਼ਾਂਸੀ ਦੇ ਤਖ਼ਤ 'ਤੇ ਚੜ੍ਹਣ ਤੋਂ ਪਹਿਲਾਂ ਕਹੇ।" ਉਹ ਬਰਤਾਨੀਆ ਵਿਚ ਫ਼ਾਂਸੀ ਦੇ ਤਖ਼ਤੇ 'ਤੇ ਚੜ੍ਹਣ ਵਾਲਾ ਪਹਿਲਾ ਸ਼ਹੀਦ ਸੀ।

ਮਦਨ ਲਾਲ ਢੀਂਗਰਾ ਦਾ ਜਨਮ 18 ਫ਼ਰਵਰੀ, 1883 ਈ. ਦਿਨ ਐਤਵਾਰ ਨੂੰ ਸਵੇਰੇ 3 ਵੱਜ ਕੇ 15 ਮਿੰਟ 'ਤੇ ਅੰਮ੍ਰਿਤਸਰ ਦੇ ਅਮੀਰ ਪਰਿਵਾਰ ਵਿਚ ਹੋਇਆ, ਜੋ 1850 ਈ. ਵਿਚ ਸਾਹੀਵਾਲ ਤੋਂ ਅੰਮ੍ਰਿਤਸਰ ਆਇਆ ਸੀ। ਉਸ ਦੇ ਪਿਤਾ ਸਾਹਿਬ ਦਿੱਤਾ ਮਲ ਅੱਖਾਂ ਦੇ ਮਸ਼ਹੂਰ ਡਾਕਟਰ ਸਨ, ਜੋ ਕਿ ਸਿਵਲ ਹਸਪਤਾਲ ਗੁਰਦਾਸਪੁਰ, ਹਿਸਾਰ ਤੇ ਅੰਮ੍ਰਿਤਸਰ ਸਿਵਲ ਸਰਜਨ ਰਹੇ। ਕਿਹਾ ਜਾਂਦਾ ਹੈ ਕਿ ਉਹ ਪਹਿਲੇ ਭਾਰਤੀ ਸਨ, ਜੋ ਇਸ ਉੱਚੀ ਪਦਵੀ 'ਤੇ ਬਿਰਾਜਮਾਨ ਹੋਏ। ਉਨ੍ਹਾਂ ਨੂੰ ਅੰਗਰੇਜ਼ਾਂ ਦੇ ਚੰਗੇ ਮਿੱਤਰ ਹੋਣ ਕਰਕੇ ਅੰਗਰੇਜ਼ਾਂ ਨੇ ਰਾਏ ਸਾਹਿਬ ਦੇ ਖ਼ਿਤਾਬ ਨਾਲ ਨਿਵਾਜ਼ਿਆ ਹੋਇਆ ਸੀ। ਇਹ ਪਰਿਵਾਰ ਬਹੁਤ ਹੀ ਅਮੀਰ ਅਤੇ ਪੜ੍ਹਿਆਂ-ਲਿਖਿਆਂ ਦਾ ਪਰਿਵਾਰ ਸੀ। ਇਨ੍ਹਾਂ ਦੀ ਅੰਮ੍ਰਿਤਸਰ ਵਿਚ ਕਟੜਾ ਸ਼ੇਰ ਸਿੰਘ ਵਿਚ ਬਹੁਤ ਜਾਇਦਾਦ ਸੀ ਅਤੇ ਇਹ ਪਰਿਵਾਰ ਅੰਗਰੇਜ਼ੀ ਹਕੂਮਤ ਦਾ ਵਫ਼ਾਦਾਰ ਸੀ।

ਮਦਨ ਲਾਲ ਨੇ ਮਿਉਂਸਿਪਲ ਕਾਲਜ ਲਾਹੌਰ ਵਿਚ ਕੁਝ ਸਮਾਂ ਪੜ੍ਹਾਈ ਕੀਤੀ। ਉਸ ਦੇ ਪਿਤਾ ਉਸ ਨੂੰ ਆਪਣੇ ਕਾਰੋਬਾਰ ਵਿਚ ਲਾਉਣਾ ਚਾਹੁੰਦੇ ਸਨ ਪਰ ਉਹ ਉੱਥੋਂ ਉਹ ਆਪਣੇ ਵੱਡੇ ਭਰਾ ਦੀ ਸਲਾਹ ਨਾਲ ਉਚੇਰੀ ਪੜ੍ਹਾਈ ਲਈ 1906 ਵਿਚ ਇੰਗਲੈਂਡ ਆ ਗਿਆ ਤੇ ਯੂਨੀਵਰਸਿਟੀ ਕਾਲਜ ਲੰਡਨ ਵਿਚ ਦਾਖ਼ਲਾ ਲੈ ਲਿਆ। ਇੱਥੇ ਇੰਡੀਆ ਹਾਊਸ ਵਿਚ ਉਸ ਦਾ ਮੇਲ ਪ੍ਰਸਿੱਧ ਇਨਕਲਾਬੀ ਵਿਨਾਇਕ ਦਮੋਦਰ ਸਾਵਰਕਰ ਨਾਲ ਹੋਇਆ ਤੇ ਉਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਦਿਨਾਂ ਵਿਚ ਇੰਡੀਆ ਹਾਊਸ ਦੀ ਵਰਤੋਂ ਵਿਦਿਆਰਥੀਆਂ ਦੇ ਹੋਸਟਲ ਵਜੋਂ ਹੁੰਦੀ ਸੀ। ਪਰ ਇਹ ਭਾਰਤੀ ਸਿਆਸਤਦਾਨਾਂ ਦਾ ਅੱਡਾ ਵੀ ਸੀ, ਜਿਸ ਨੂੰ ਕਿ 1905 ਈ. ਵਿਚ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਨੇ ਖਰੀਦ ਲਿਆ ਸੀ। ਉਹ ਬੰਗਾਲੀ ਇਨਕਲਾਬੀਆਂ ਖ਼ੁਦੀ ਰਾਮ ਬੋਸ, ਕਨਹਾਈ ਲਾਲ ਨਰੇਂਦਰ ਅਤੇ ਹੋਰ ਇਨਕਲਾਬੀਆਂ ਦੇ ਕਾਰਨਾਮਿਆਂ ਤੋਂ ਬਹੁਤ ਪ੍ਰਭਾਵਿਤ ਸੀ। ਉਸ ਨੇ ਦੂਜੇ ਇਨਕਲਾਬੀਆਂ ਨਾਲ ਵੀ ਸੰਬੰਧ ਸਥਾਪਤ ਕਰ ਲਏ, ਜਿਨ੍ਹਾਂ ਵਿਚ ਸ਼ਿਆਮ ਜੀ ਕ੍ਰਿਸ਼ਨਾ ਵਰਮਾ, ਲਾਲਾ ਹਰਦਿਆਲ, ਗਿਆਨ ਚੰਦ ਅਤੇ ਕੋਰੇ ਗਾਕਰ ਆਦਿ ਸ਼ਾਮਲ ਸਨ। ਇਨ੍ਹਾਂ ਸਾਰਿਆਂ ਦਾ ਸੰਬੰਧ ਇੰਡੀਆ ਹਾਊਸ ਨਾਲ ਸੀ। ਉਸ ਨੇ ਇੰਡੀਅਨ ਹੋਮ ਰੂਲ ਸੋਸਾਇਟੀ ਅਤੇ ਅਭਿਨਵ ਭਾਰਤ ਸੋਸਾਇਟੀ ਜਿਸ ਦੇ ਕਿ ਸੰਸਥਾਪਕ ਸਾਵਰਕਰ ਸਨ, ਨਾਲ ਗੂੜੇ ਸੰਬੰਧ ਬਣਾ ਲਏ। ਸਾਵਰਕਾਰ ਨੇ ਢੀਂਗਰਾ ਨੂੰ ਹਥਿਆਰ ਚਲਾਉਣ ਦੀ ਟ੍ਰੇਨਿੰਗ ਦਿੱਤੀ। ਉਨ੍ਹਾਂ ਦਿਨਾਂ ਵਿਚ ਦੇਸ਼ ਭਗਤ ਖ਼ੁਦੀ ਰਾਮ ਬੋਸ, ਸਤਿੰਦਰ ਪਾਲ, ਕਾਂਸ਼ੀ ਰਾਮ ਅਤੇ ਕਨਈ ਦੱਤ ਨੂੰ ਫਾਂਸੀ ਲਾਉਣ 'ਤੇ 8 ਜੂਨ 1909 ਨੂੰ ਵੀਰ ਸਾਰਵਰਕਰ ਦੇ ਵੱਡੇ ਭਰਾ ਗਣੇਸ਼ ਦਮੋਦਰ ਸਾਰਵਰਕਰ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਮਦਨ ਲਾਲ ਢੀਂਗਰਾ, ਸਾਵਰਕਰ ਤੇ ਇੰਗਲੈਂਡ ਵਿਚਲੇ ਹੋਰ ਇਨਕਲਾਬੀ ਭਾਰਤੀਆਂ ਨੂੰ ਬਹੁਤ ਗ਼ੁੱਸਾ ਸੀ ਤੇ ਉਹ ਇਸ ਦਾ ਬਦਲਾ ਲੈਣਾ ਚਾਹੁੰਦੇ ਸਨ।

ਲੰਡਨ ਵਿਚ ਰਹਿੰਦੇ ਭਾਰਤੀਆਂ ਨੇ ਭਾਰਤੀ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਣ ਲਈ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਬਣਾਈ ਹੋਈ ਸੀ। ਮਿਸ ਐਮਾ ਜੋਸਫੀਨ ਬੈਕ ਇਸ ਦੀ ਸੈਕਟਰੀ ਸੀ। ਢੀਂਗਰਾ ਮਾਰਚ 1909 ਵਿਚ ਇਸ ਦਫ਼ਤਰ ਗਿਆ ਤੇ ਇਸ ਦੇ ਮੈਂਬਰ ਬਣਨ ਦੀ ਇੱਛਾ ਪ੍ਰਗਟ ਕੀਤੀ। ਉਸ ਨੂੰ ਅਪ੍ਰੈਲ 1909 ਵਿਚ ਮੈਂਬਰ ਬਣਾ ਲਿਆ ਗਿਆ। ਉਸ ਨੇ ਇਕ ਰਿਵਾਲਵਰ ਤੇ ਦੋ ਪਿਸਤੌਲ ਇਕ ਵਿਅਕਤੀ ਪਾਸੋਂ ਖਰੀਦੇ ਅਤੇ ਇਨ੍ਹਾਂ ਦੀ ਵਰਤੋਂ ਕਰਨ ਦੀ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ।

1 ਜੁਲਾਈ 1909 ਨੂੰ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਦਾ ਸਾਲਾਨਾ ਦਿਵਸ ਸੀ। ਇਪੀਅਰਲ ਇੰਸਟੀਚਿਊਟ ਦੇ ਜਹਾਂਗੀਰ ਹਾਲ ਨੂੰ ਇਸ ਸਮਾਗਮ ਲਈ ਚੁਣਿਆ ਗਿਆ। ਢੀਂਗਰਾ ਨੇ ਐਮਾ ਬੈਕ ਪਾਸੋਂ ਸਾਰੀ ਜਾਣਕਾਰੀ ਪ੍ਰਾਪਤ ਕਰਕੇ ਸਾਵਰਕਰ ਨਾਲ ਆਪਣੀ ਯੋਜਨਾ ਤਿਆਰ ਕੀਤੀ। ਉਸ ਪੰਜਾਬੀ ਅੰਦਾਜ਼ ਵਿਚ ਅਸਮਾਨੀ ਰੰਗ ਦੀ ਪਗੜੀ ਬੰਨੀ ਤੇ ਟਾਈ ਸਮੇਤ ਇਕ ਸ਼ਾਨਦਾਰ ਸੂਟ ਪਹਿਨਿਆ। ਉਸ ਨੇ ਕੋਟ ਦੀਆਂ ਜ਼ੇਬਾਂ ਵਿਚ ਇਕ ਰਿਵਾਲਵਰ, ਦੋ ਪਸਤੌਲ ਅਤੇ ਦੋ ਚਾਕੂ ਰੱਖੇ। ਢੀਂਗਰਾ ਪਾਰਟੀ ਵਿਚ ਸ਼ਾਮ 8 ਵਜੇ ਪੁੱਜਾ। ਰਾਤ ਦੇ ਸਵਾ ਦਸ ਵੱਜੇ ਭਾਰਤ ਵਿਰਲੇ ਸੈਕਟਰੀ ਆਫ ਸਟੇਟ ਦੇ ਰਾਜਸੀ ਸਹਾਇਕ ਸਰ ਵਿਲੀਅਮ ਹਟ ਕਰਜਨ ਵਾਇਲੀ ਅਤੇ ਉਸ ਦੀ ਪਤਨੀ ਪੁੱਜੇ। ਵਾਇਲੀ ਭਾਰਤੀ ਵਿਦਿਆਰਥੀਆਂ ਦੀ ਖ਼ੁਫ਼ੀਆ ਨਿਗਰਾਨੀ ਕਰਦਾ ਸੀ। ਉਹ ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ ਸੀ। ਇਸ ਲਈ ਭਾਰਤੀ ਵਿਦਿਆਰਥੀ ਉਸ ਤੋਂ ਦੁੱਖੀ ਸਨ। ਇਸ ਲਈ ਮਦਨ ਲਾਲ ਨੇ ਉਸ ਨੂੰ ਮਾਰਨ ਦਾ ਮਨ ਬਣਾਇਆ ਸੀ। ਉਨ੍ਹਾਂ ਨੂੰ ਵੇਖ ਕੇ ਉਸ ਨੂੰ ਜੋਸ਼ ਚੜ੍ਹ ਗਿਆ। ਗਿਆਰਾਂ ਵਜੇ ਦੇ ਕਰੀਬ ਸਾਰੀ ਕਾਰਵਾਈ ਮੁਕੰਮਲ ਹੋਈ। ਵਾਇਲੀ ਸਟੇਜ ਤੋਂ ਉਤਰ ਲੋਕਾਂ ਨੂੰ ਗ਼ੈਰ-ਰਸਮੀ ਮਿਲਣ ਲੱਗਾ। ਢੀਂਗਰਾ ਨੇ ਉਸ ਦੇ ਮੂੰਹ 'ਤੇ 5 ਗੋਲੀਆਂ ਦਾਗੀਆਂ, ਜਿਨ੍ਹਾਂ ਵਿਚੋਂ 4 ਆਪਣੇ ਨਿਸ਼ਾਨੇ 'ਤੇ ਲੱਗੀਆਂ। ਇਕ ਪਾਰਸੀ ਡਾਕਟਰ ਕੋਵਾਸਜੀ ਲਲਕਾਰਾ ਜਿਸ ਨੇ ਕਿ ਵਾਇਲੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਨੂੰ 6ਵੀਂ ਤੇ 7ਵੀਂ ਗੋਲੀ ਦਾ ਨਿਸ਼ਾਨਾ ਬਣਿਆ। ਮਦਨ ਲਾਲ ਨੇ ਇਸ ਸਬੰਧੀ ਅਦਾਲਤ ਨੂੰ ਵੀ ਦੱਸਿਆ ਕਿ ਲਲਕਾਰਾ ਨੂੰ ਮਾਰਨ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ ਤੇ ਇਹ ਦੁਰਘਟਨਾ ਵੱਸ ਹੋ ਗਿਆ। ਜਦ ਭੀੜ ਵਿਚੋਂ ਕਿਸੇ ਨੇ ਉਸ ਨੂੰ ਕਾਤਲ ਕਿਹਾ, ਤਾਂ ਉਸ ਨੇ ਕਿਹਾ ਕਿ ਮੈਂ ਦੇਸ਼ ਭਗਤ ਹਾਂ ਤੇ ਆਪਣੀ ਮਾਤ ਭੂਮੀ ਨੂੰ ਗ਼ੁਲਾਮੀ ਦੀ ਪੰਜਾਲੀ ਵਿਚੋਂ ਬਾਹਰ ਕੱਢਣਾ ਚਾਹੁੰਦਾ ਹਾਂ। ਬਿਨਾਂ ਕਿਸੇ ਡਰ ਅਤੇ ਖ਼ੌਫ਼ ਦੇ ਉਸ ਨੇ ਕਿਹਾ, "ਜੋ ਮੈਂ ਕੀਤਾ ਹੈ, ਉਸ ਲਈ ਮੈਂ ਹੱਕਦਾਰ ਹਾਂ। ਜੇ ਜਰਮਨੀਆਂ ਨੇ ਇੰਗਲੈਂਡ 'ਤੇ ਕਬਜ਼ਾ ਕੀਤਾ ਹੁੰਦਾ ਤਾਂ ਇੰਗਲੈਂਡ ਵਾਸੀ ਨੇ ਵੀ ਇਹੋ ਕੁਝ ਕਰਨਾ ਸੀ"।

ਮਦਨ ਲਾਲ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਉਸਨੇ ਖ਼ੁਦ ਗ੍ਰਿਫਤਾਰੀ ਦਿੱਤੀ। ਉਸ ਨੂੰ 7 ਦਿਨਾਂ ਲਈ ਪੁਲਿਸ ਹਵਾਲੇ ਕੀਤਾ ਗਿਆ। ਉਹ ਇਨ੍ਹਾਂ ਦਿਨਾਂ ਵਿਚ ਉਸ ਬਿਆਨ ਨੂੰ ਤਿਆਰ ਕਰਨ ਵਿਚ ਰੁਝਾ ਰਿਹਾ, ਜੋ ਕਿ ਉਸ ਨੇ ਅਦਾਲਤ ਵਿਚ ਦੇਣਾ ਸੀ। 10 ਜੁਲਾਈ ਨੂੰ ਜਦ ਉਸ ਨੂੰ ਮੈਜਿਸਟਰੇਟ ਅਗੇ ਪੇਸ਼ ਕੀਤਾ ਗਿਆ, ਤਾਂ ਉਸ ਨੇ ਇਹ ਬਿਆਨ ਉੱਚੀ ਪੜ੍ਹ ਕੇ ਸੁਣਾਇਆ, ਜਿਸ ਵਿਚ ਉਸ ਨੇ ਕਿਹਾ, "ਮੈਂ ਆਪਣੇ ਕੀਤੇ ਕੰਮ ਦੀ ਸੁਰੱਖਿਆ ਲਈ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਨਹੀਂ ਸਮਝਦਾ ਹਾਂ ਕਿ ਇੰਗਲੈਂਡ ਦੀ ਅਦਾਲਤ ਨੂੰ ਮੈਨੂੰ ਸਜ਼ਾ ਦੇਣ ਜਾਂ ਜੇਲ ਵਿਚ ਬੰਦੀ ਰੱਖਣ ਦਾ ਕੋਈ ਅਧਿਕਾਰ ਹੈ ਅਤੇ ਮੇਰਾ ਇਹ ਕਹਿਣਾ ਹੈ ਕਿ ਜੇ ਇਸ ਦੇਸ਼ ਨੂੰ ਜਰਮਨਾਂ ਨੇ ਆਪਣੇ ਕਬਜ਼ੇ ਵਿਚ ਕੀਤਾ ਹੁੰਦਾ ਤੇ ਇੰਗਲੈਂਡਮੈਨ ਦਾ ਜਰਮਨੀਆਂ ਖ਼ਿਲਾਫ਼ ਲੜਨਾ ਦੇਸ਼ ਭਗਤੀ ਹੁੰਦੀ, ਤਾਂ ਮੇਰੇ ਇਸ ਕੇਸ ਵਿਚ ਅੰਗਰੇਜ਼ਾਂ ਖ਼ਿਲਾਫ਼ ਲੜਨਾ ਉਸ ਨਾਲੋਂ ਵੀ ਜ਼ਿਆਦਾ ਹੱਕੀ ਅਤੇ ਦੇਸ਼ ਭਗਤੀ ਵਾਲਾ ਕਾਰਜ ਹੈ। ਮੈਂ 50 ਸਾਲਾਂ ਵਿਚ ਆਪਣੇ ਦੇਸ਼ ਵਾਸੀਆਂ ਦੇ 80 ਲੱਖ ਕਤਲਾਂ ਲਈ ਅੰਗਰੇਜ਼ਾਂ ਨੂੰ ਜ਼ਿੰਮੇਵਾਰ ਮੰਨਦਾ ਹਾਂ। ਉਹ ਹਰ ਸਾਲ 10 ਕਰੋੜ ਪੌਂਡ ਭਾਰਤ ਤੋਂ ਇਥੇ ਲਿਆਉਣ ਲਈ ਜ਼ਿੰਮੇਵਾਰ ਹਨ। ਮੈਂ ਉਨ੍ਹਾਂ ਨੂੰ ਹਜ਼ਾਰਾਂ ਦੇਸ਼ਵਾਸੀਆਂ ਨੂੰ ਫਾਂਸੀ ਲਾਉਣ ਅਤੇ ਜਲਾਵਤਨੀ ਲਈ ਜ਼ਿੰਮੇਵਾਰ ਸਮਝਦਾ ਹਾਂ"।

23 ਜੁਲਾਈ ਨੂੰ ਓਲਡ ਬੈਲੇ ਕੋਰਟ, ਲੰਡਨ ਵਿਚ ਮੁਕੱਦਮੇ ਦੀ ਕਾਰਵਾਈ ਹੋਈ। 20 ਮਿੰਟ ਤੋਂ ਵੀ ਘੱਟ ਸਮੇਂ ਵਿਚ ਅਦਾਲਤ ਨੇ 17 ਅਗਸਤ 1909 ਨੂੰ ਫਾਂਸੀ ਲਾਉਣ ਦਾ ਫ਼ੈਸਲਾ ਦੇ ਦਿੱਤਾ। ਜਦ ਜੱਜ ਨੇ ਸਜ਼ਾ ਸੁਣਾਈ, ਤਾਂ ਉਸ ਨੇ ਗਰਜਵੀਂ ਆਵਾਜ਼ ਵਿਚ ਕਿਹਾ, "ਮੈਨੂੰ ਮਾਣ ਹੈ ਕਿ ਮੈਂ ਆਪਣੇ ਦੇਸ਼ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਹੈ। ਪਰ ਯਾਦ ਰੱਖੋ ਆਉਂਦੇ ਦਿਨਾਂ ਵਿਚ ਸਮਾਂ ਸਾਡਾ ਹੋਵੇਗਾ"। ਉਸ ਨੇ ਆਪਣੀ ਸਹਾਇਤਾ ਲਈ ਕੋਈ ਵਕੀਲ ਨਹੀਂ ਕੀਤਾ ਤੇ ਅੰਤ ਉਸ ਨੂੰ 17 ਅਗਸਤ 1909 ਨੂੰ ਲੰਦਨ ਦੀ ਪੈਂਟੋਨਵਿਲੇ ਜੇਲ੍ਹ ਵਿਚ ਫਾਂਸੀ 'ਤੇ ਚੜ੍ਹਾ ਦਿੱਤਾ ਗਿਆ।

ਉਸ ਨੂੰ ਲਾਵਾਰਸ ਕੈਦੀ ਘੋਸ਼ਿਤ ਕਰਕੇ ਜੇਲ੍ਹ ਵਿਚ ਹੀ ਇਕ ਆਮ ਵਿਅਕਤੀ ਦੀ ਤਰ੍ਹਾਂ ਦਫ਼ਨਾ ਦਿੱਤਾ ਗਿਆ ਤੇ ਇਕ ਇੱਟ ਲਾ ਦਿੱਤੀ ਗਈ, ਜਿਸ 'ਤੇ ਲਿਖਿਆ ਸੀ ਐੱਮ.ਐੱਲ.ਡੀ.। ਇਸ ਦਾ ਪਤਾ ਵੀ ਉਸ ਸਮੇਂ ਲੱਗਾ, ਜਦ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆਉਣੀਆਂ ਸਨ, ਤਾਂ ਉਸ ਦੀ ਕਬਰ ਲੱਭਦਿਆਂ-ਲੱਭਦਿਆਂ ਇਹ ਇੱਟ ਨਜ਼ਰ ਪਈ, ਤਾਂ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਹ ਮਦਨ ਲਾਲ ਢੀਂਗਰਾ ਦੀ ਕਬਰ ਹੈ।

ਬਰਤਾਨੀਆ ਅਤੇ ਭਾਰਤ ਦੀ ਜ਼ਿਆਦਾਤਰ ਪ੍ਰੈੱਸ ਨੇ ਢੀਂਗਰਾ ਦੀ ਕਾਰਵਾਈ ਦੀ ਨਿੰਦਿਆ ਕੀਤੀ। ਮਹਾਤਮਾ ਗਾਂਧੀ ਨੇ ਵੀ ਵਾਇਲੀ ਦੇ ਕਤਲ ਦੀ ਨਿਖੇਧੀ ਕੀਤੀ। ਇੰਗਲੈਂਡ ਦੇ ਇੰਡੀਅਨ ਸੋਸ਼ੀਆਲੋਜੀ ਪਰਚੇ ਨੇ ਢੀਂਗਰਾ ਦੀ ਹਮਦਰਦੀ ਵਿਚ ਲੇਖ ਲਿਖਿਆ। ਇਸ ਲੇਖ ਲਿਖਣ ਬਦਲੇ ਇਸ ਦੇ ਪ੍ਰਿੰਟਰ ਗਾਈ ਅਲਡਰੇਡ ਨੂੰ 12 ਮਹੀਨੇ ਦੀ ਕੈਦ ਹੋਈ।

ਢੀਂਗਰਾ ਫ਼ਾਂਸੀ ਚੜਨ ਤੋਂ ਪਹਿਲਾਂ ਇਕ ਬਿਆਨ ਅਖ਼ਬਾਰਾਂ ਨੂੰ ਦੇਣਾ ਚਾਹੁੰਦਾ ਸੀ ਪਰ ਉਸ ਦੀ ਇਹ ਇੱਛਾ ਪੂਰੀ ਨਾ ਕੀਤੀ ਗਈ। ਪਰ ਉਹ ਇਕ ਵਿਦੇਸ਼ੀ ਮਹਿਲਾ ਪੱਤਰਕਾਰ ਦੀ ਸਹਿਤਾ ਨਾਲ ਦੇਸ਼ ਵਾਸੀਆਂ ਦੇ ਨਾਂ ਸੰਦੇਸ਼ ਦੇਣ ਵਿਚ ਕਾਮਯਾਬ ਹੋ ਗਿਆ। ਉਸ ਦਾ ਇਹ ਬਿਆਨ ਫ਼ਰਾਂਸੀਸੀ ਅਖ਼ਬਾਰਾਂ ਵਿਚ ਫ਼ਾਂਸੀ ਵਾਲੇ ਦਿਨ ਪ੍ਰਕਾਸ਼ਿਤ ਹੋਇਆ।

ਢੀਂਗਰਾ ਦੀ ਇਸ ਦਲੇਰਾਨਾ ਕਾਰਵਾਈ ਅਤੇ ਸ਼ਹਾਦਤ ਨੇ ਭਾਰਤੀ ਨੌਜੁਆਨਾਂ ਨੂੰ ਹਥਿਆਰਬੰਦ ਸੰਘਰਸ਼ ਲਈ ਇਕ ਚਿੰਗਿਆੜੀ ਦਾ ਕੰਮ ਕੀਤਾ, ਕਿਉਂਕਿ ਉਹ ਉਨ੍ਹਾਂ ਲਈ ਪਹਿਲਾ ਰੋਲ ਮਾਡਲ ਬਣਿਆ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਦਿ ਨੌਜੁਆਨਾਂ ਦਾ ਉਹ ਪ੍ਰੇਰਨਾ ਸਰੋਤ ਸੀ। ਡਾ. ਸੈਫ਼ੁਲ ਦੀਨ ਕਿਚਲੂ ਵੀ ਉਸ ਸਮਾਗਮ ਵਿਚ ਸ਼ਾਮਲ ਸੀ, ਜਿਸ ਵਿਚ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਸੀ ਤੇ ਸ਼ਾਇਦ ਇਹੋ ਹੀ ਕਾਰਨ ਸੀ ਕਿ ਉਸ ਨੇ ਅੰਮ੍ਰਿਤਸਰ ਆ ਕੇ ਆਜ਼ਾਦੀ ਦੀ ਲਹਿਰ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਤੇ ਉਸ ਨੇ ਸਾਰੀ ਉਮਰ ਹਿੰਦੂ ਮੁਸਲਮ ਏਕਤਾ ਤੇ ਦੇਸ਼ ਦੀ ਆਜ਼ਾਦੀ ਵਿਚ ਲਾ ਦਿੱਤੀ ਸੀ। ਅਮਰੀਕਾ ਵਿਚ ਗਦਰ ਪਾਰਟੀ ਦੇ ਬਾਨੀ ਲਾਲਾ ਹਰਦਿਆਲ ਨੇ ਉਸ ਦੀ ਸ਼ਹਾਦਤ ਬਾਰੇ ਲਿਖਿਆ ਸੀ, "ਢੀਂਗਰਾ ਨੇ ਮੈਨੂੰ ਮੱਧਕਾਲ ਦੇ ਰਾਜਪੂਤਾਂ ਅਤੇ ਸਿੱਖਾਂ ਦੀ ਯਾਦ ਮੁੜ ਤਾਜ਼ਾ ਕਰਵਾ ਦਿੱਤੀ ਹੈ, ਜੋ ਮੌਤ ਦੀ ਲਾੜੀ ਨੂੰ ਵਿਆਹੁਣ ਲਈ ਬੜੇ ਚਾਵਾਂ ਨਾਲ ਘੋੜੀ 'ਤੇ ਬੈਠ ਕੇ ਜੰਗ ਨੂੰ ਜਾਂਦੇ ਸਨ। ਇੰਗਲੈਂਡ ਸੋਚਦਾ ਹੈ ਕਿ ਉਨ੍ਹਾਂ ਨੇ ਢੀਂਗਰਾ ਨੂੰ ਮਾਰ ਦਿੱਤਾ ਹੈ ਪਰ ਉਹ ਹਮੇਸ਼ਾਂ ਲਈ ਅਮਰ ਹੈ।"

ਜਰਮਨੀ ਦੀ ਲੇਖਕ ਐਗਨਸ ਸਮੇਡਲੀ ਆਪਣੀ ਪੁਸਤਕ ਵਿਚ ਲਿਖਦੀ ਹੈ, "ਮਾਂ ਨਾਲ ਇਤਨਾ ਪਿਆਰ। ਫਾਂਸੀ ਦੇ ਤਖ਼ਤੇ 'ਤੇ ਖਲੋਤੇ ਹੋਇਆਂ ਨੂੰ ਪੁੱਛਿਆ ਜਾਂਦਾ ਹੈ ਕਿ ਕੁਝ ਕਹਿਣਾ ਚਾਹੁੰਦੇ ਹੋ, ਤਾਂ ਜਵਾਬ ਦਿੱਤਾ, "ਵੰਦੇ ਮਾਤਰਮ, ਮਾਂ... ਭਾਰਤ ਮਾਂ... ਤੈਨੂੰ ਨਮਸਕਾਰ।" ਉਹ ਹੱਸਦਾ ਹੋਇਆ ਫਾਂਸੀ ਦੇ ਤਖ਼ਤੇ 'ਤੇ ਲਟਕ ਗਿਆ ਤੇ ਉਸ ਦੀ ਲਾਸ਼ ਜੇਲ੍ਹ ਦੇ ਅੰਦਰ ਹੀ ਦਫ਼ਨਾ ਦਿੱਤੀ ਗਈ ਤੇ ਹਿੰਦੁਸਤਾਨੀਆਂ ਨੂੰ ਉਸ ਦੀ ਦੇਹ ਕਿਰਿਆ ਆਦਿ ਦੀ ਆਗਿਆ ਨਾ ਦਿੱਤੀ ਗਈ। ਧੰਨ ਸੀ ਉਹ ਵੀਰ। ਧੰਨ ਹੈ ਉਸ ਦੀ ਯਾਦ। ਐਸੇ ਦੇਸ਼ ਦੇ ਅਮੋਲਕ ਹੀਰੇ ਨੂੰ ਵਾਰ-ਵਾਰ ਨਮਸਕਾਰ।"

13 ਦਸੰਬਰ 1976 ਨੂੰ ਵੱਡੀ ਜੱਦੋ-ਜਹਿਦ ਪਿੱਛੋਂ ਲੰਦਨ ਤੋਂ ਸ਼ਹੀਦ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਭਾਰਤ ਮੰਗਵਾਈਆਂ ਗਈਆਂ। ਸ਼ਰਧਾਂਜਲੀ ਭੇਟ ਕਰਨ ਹਿਤ ਸ਼ਹੀਦ ਦੀਆਂ ਅਸਥੀਆਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚੋਂ ਹੁੰਦੀਆਂ ਹੋਈਆਂ 20 ਦਸੰਬਰ ਨੂੰ ਸ਼ਹੀਦ ਦੀ ਜਨਮ ਭੂਮੀ ਅੰਮ੍ਰਿਤਸਰ ਪੁੱਜੀਆਂ। ਸ਼ਹਿਰ ਦੀ ਮਾਲ ਮੰਡੀ ਨੇੜੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਉਸੇ ਦੌਰਾਨ ਸਸਕਾਰ ਵਾਲੇ ਸਥਾਨ 'ਤੇ ਤਤਕਾਲੀ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਵੱਲੋਂ ਸ਼ਹੀਦ ਢੀਂਗਰਾ ਦੀ ਸਮਾਧ ਤੇ ਸਮਾਰਕ ਦਾ ਨੀਂਹ ਪੱਥਰ ਰੱਖਿਆ ਗਿਆ। ਅਫ਼ਸੋਸ ਦੀ ਗੱਲ ਹੈ ਕਿ ਉਸ ਦੇ ਜੱਦੀ ਘਰ ਨੂੰ ਅਸੀਂ ਸੰਭਾਲ ਨਹੀਂ ਸਕੇ। ਹਾਈਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਵੀ ਇਹ ਘਰ ਖੰਡਰ ਬਣਿਆ ਪਿਆ ਹੈ। ਲੋੜ ਹੈ ਕਿ ਇਸ ਥਾਂ 'ਤੇ ਯਾਦਗਾਰ ਬਣਾਈ ਜਾਵੇ ਤੇ ਲੰਡਨ ਤੋਂ ਉਸ ਦਾ ਪਿਸਤੌਲ ਤੇ ਹੋਰ ਨਿਸ਼ਾਨੀਆਂ ਲਿਆ ਕੇ ਏਥੇ ਰੱਖੀਆਂ ਜਾਣ।

# ਏ.ਆਈ. ਦੀ ਗੱਲ ਬਾਖ਼ੂਬੀ ਕਰਦੀ ਏ, ਕਹਾਣੀਆਂ ਦੀ ਕਿਤਾਬ 'ਈਕੋਜ਼ ਆਫ਼ ਏ ਡਿਜੀਟਲ ਡਾਅਨ' ...







-ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1-647-567-9128
ਪੰਜਾਬ ਮੇਲ USA


'ਬਨਾਉਟੀ ਬੁੱਧੀ' (ਆਰਟੀਫ਼ਿਸ਼ੀਅਲ ਇੰਟੈਲੀਜੈਂਸ) ਜਿਸ ਨੂੰ ਸੰਖੇਪ ਵਿਚ 'ਏ.ਆਈ.' ਕਿਹਾ ਜਾਂਦਾ ਹੈ, ਅੱਜਕੱਲ੍ਹ ਖ਼ੂਬ ਚਰਚਾ ਵਿਚ ਹੈ ਅਤੇ ਭਵਿੱਖ ਵਿਚ ਤਾਂ ਇਸ ਦੀ ਚਰਚਾ ਹੋਰ ਵੀ ਵਧੇਰੇ ਹੋਵੇਗੀ। ਫ਼ੈਕਟਰੀਆਂ ਤੇ ਵੇਅਰ-ਹਾਊਸਾਂ ਦੀ ਗੱਲ ਛੱਡੋ, ਜਿੱਥੇ 'ਰੋਬੋਟ' ਵਾਰ-ਵਾਰ ਦੁਹਰਾਏ ਜਾਣ ਵਾਲੇ ਭਾਰੇ-ਭਰਕਮ ਕਾਰਜ ਆਸਾਨੀ ਨਾਲ ਅਤੇ ਬੜੇ ਵਧੀਆ ਤਰੀਕੇ ਨਾਲ ਕਰ ਰਹੇ ਹਨ, ਪਰ ਇਸ ਦੇ ਨਾਲ ਹੀ ਹੁਣ ਇਹ ਮਨੁੱਖ ਦੀ ਰੋਜ਼ਾਨਾ ਜੀਵਨ-ਸ਼ੈਲੀ ਦੇ ਵੀ ਬਹੁਤ ਸਾਰੇ ਕਾਰਜ ਸੰਭਾਲ ਰਹੇ ਹਨ। ਹੋਰ ਤਾਂ ਹੋਰ ਇਨ੍ਹਾਂ ਵਿਚ ਮਨੁੱਖ ਵਾਂਗ ਸੋਚਣ ਦੀ ਸ਼ਕਤੀ ਵੀ ਕਾਫ਼ੀ ਹੱਦ ਤੀਕ ਆ ਗਈ ਹੈ ਅਤੇ ਆਪਣੀ ਇਸ 'ਬਨਾਉਟੀ-ਬੁੱਧੀ' ਨਾਲ ਇਹ ਮਨੁੱਖ ਦੀ ਆਵਾਜ਼ ਸੁਣ ਕੇ ਉਸ ਦੇ ਵੱਲੋਂ ਦਿੱਤੇ ਗਏ ਹੁਕਮਾਂ ਦੀ ਪਾਲਣਾ ਵੀ ਕਰਨ ਲੱਗ ਪਏ ਹਨ। ਰੋਬੋਟ ਹੁਣ 'ਏ.ਆਈ. ਅਸਿਸਟੈਂਟ' ਦੇ ਰੂਪ ਵਿਚ ਮਨੁੱਖ ਦਾ 'ਨਿੱਜੀ ਸਹਾਇਕ' ਬਣ ਗਿਆ ਹੈ ਅਤੇ ਇਸ ਨੇ ਉਸਦੇ ਨਿੱਤ ਵਰਤੋਂ ਦੇ ਕੰਮ ਸੰਭਾਲ ਲਏ ਹਨ। ਜਿੱਥੇ ਇਸ ਨੇ ਉਸ ਦੀ ਰਸੋਈ ਵਿਚ ਸੁਆਦਲੇ ਖਾਣੇ ਬਨਾਉਣ ਦਾ ਕੰਮ ਸੰਭਾਲ ਲਿਆ ਹੈ, ਉੱਥੇ ਇਹ ਉਸ ਦੀ ਕਾਰ ਦਾ 'ਡਰਾਈਵਰ' ਵੀ ਬਣ ਗਿਆ ਹੈ। ਇੱਥੇ ਹੀ ਬੱਸ ਨਹੀਂ, ਫ਼ੌਜੀ ਹੁਕਮਾਂ ਦੀ ਪਾਲਣਾ ਕਰਦਾ ਹੋਇਆ ਹੁਣ ਇਹ 'ਡਰੋਨ' ਦੇ ਰੂਪ ਵਿਚ ਦੁਸ਼ਮਣ ਦੇ ਇਲਾਕੇ ਵਿਚ ਜਾ ਕੇ ਬੰਬ ਸੁੱਟ ਰਿਹਾ ਹੈ ਅਤੇ ਨੇੜ-ਭਵਿੱਖ ਵਿਚ ਹੋਣ ਵਾਲੇ ਸੰਭਾਵਿਤ 'ਤੀਸਰੇ ਵਿਸ਼ਵ ਯੁੱਧ' ਵਿਚ ਧਰਤੀ ਤੋਂ ਧਰਤੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਰਾਹੀਂ ਹਜ਼ਾਰਾਂ ਮੀਲ ਦੂਰ ਜਾ ਕੇ ਦੁਸ਼ਮਣ ਦੇਸ਼ਾਂ ਵਿਚ ਬੰਬ ਸੁੱਟਣ ਦਾ ਅਭਿਆਸ ਵੀ ਕਰ ਰਿਹਾ ਹੈ। ਏਨਾ ਹੀ ਕਾਫ਼ੀ ਨਹੀਂ, ਇਸ ਦੀ ਵਿਕਰਾਲ 'ਬਨਾਉਟੀ-ਬੁੱਧੀ' ਮਨੁੱਖ ਦੀ ਅਕਲ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਵੀ ਕਰ ਰਹੀ ਹੈ।

ਏ.ਆਈ. ਦੇ ਅਜਿਹੇ ਵਰਤਾਰਿਆਂ ਨੂੰ ਦਰਸਾਉਂਦੀ ਡਾ. ਡੀ.ਪੀ. ਸਿੰਘ, ਜੋ ਮੁੱਢਲੇ ਤੌਰ 'ਤੇ ਸਫ਼ਲ ਭੌਤਿਕ ਵਿਗਿਆਨੀ ਹਨ, ਪਰ ਇਸ ਦੇ ਨਾਲ ਹੀ ਉਹ ਵਿਗਿਆਨ ਨਾਲ ਸਬੰਧਿਤ ਦਿਲਚਸਪ ਕਹਾਣੀਆਂ ਅੰਗਰੇਜ਼ੀ ਤੇ ਪੰਜਾਬੀ ਵਿਚ ਅਕਸਰ ਲਿਖਦੇ ਰਹਿੰਦੇ ਹਨ। ਉਨ੍ਹਾਂ ਦੀਆਂ ਕਹਾਣੀਆਂ 'ਸਾਇੰਸ ਰਿਪੋਰਟਰ', 'ਸਾਇੰਸ ਇੰਡਿਆ', 'ਅਲਾਈਵ', 'ਵੋਮੈੱਨ ਐਰਾ', ਆਦਿ ਅੰਗਰੇਜ਼ੀ ਮੈਗਜ਼ੀਨਾਂ ਵਿਚ ਅਤੇ 'ਪੰਜਾਬੀ ਟ੍ਰਿਬਿਊਨ' ਤੇ 'ਪਰਵਾਸੀ' ਆਦਿ ਪੰਜਾਬੀ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ। ਏ.ਆਈ. ਨਾਲ ਲੈਸ ਉਨ੍ਹਾਂ ਦੀ ਕਹਾਣੀਆਂ ਦੀ ਨਵੀਂ ਛਪੀ ਕਿਤਾਬ 'ਈਕੋਜ਼ ਆਫ਼ ਏ ਡਿਜੀਟਲ ਡਾਅਨ : ਏ.ਆਈ'ਜ਼ ਟਰਾਇੰਫ਼ਸ ਐਂਡ ਟਰਾਇਲਜ਼' ਪਿਛਲੇ ਦਿਨੀਂ ਪੜ੍ਹਨ ਦਾ ਮੌਕਾ ਮਿਲਿਆ। ਅਜੋਕੀਆਂ ਅਤੇ ਆਉਂਦੇ 20-25 ਸਾਲਾਂ ਵਿਚ ਏ.ਆਈ. ਦੀ ਸਹਾਇਤਾ ਨਾਲ ਹੋਣ ਵਾਲੇ ਹੈਰਾਨੀਜਨਕ 'ਕਰਤਬਾਂ' ਨਾਲ ਜੁੜੀਆਂ ਇਸ ਪੁਸਤਕ ਦੀਆਂ 18 ਕਹਾਣੀਆਂ ਏ.ਆਈ. ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ। ਭਵਿੱਖ ਬਾਰੇ ਇਹ ਕਲਪਿਤ ਕਹਾਣੀਆਂ ਮੈਨੂੰ ਏਨੀਆਂ ਦਿਲਚਸਪ ਅਤੇ ਏ.ਆਈ. ਬਾਰੇ ਗਿਆਨ-ਵਧਾਊ ਲੱਗੀਆਂ ਕਿ ਇਨ੍ਹਾਂ ਨੂੰ ਪੜ੍ਹ ਕੇ ਇਨ੍ਹਾਂ ਕਹਾਣੀਆਂ ਬਾਰੇ ਪੰਜਾਬੀ ਵਿਚ ਕੁਝ ਲਿਖਣ ਨੂੰ ਮਨ ਕਰ ਆਇਆ, ਤਾਂ ਜੋ ਪੰਜਾਬੀ ਦੇ ਪਾਠਕ ਵੀ ਇਨ੍ਹਾਂ ਦੇ ਬਾਰੇ ਕੁਝ ਜਾਣ ਸਕਣ।

ਪਹਿਲੀ ਕਹਾਣੀ 'ਸੌਲੀਚਿਊਡ ਹੈਵਨ' ਵਿਚ ਇਸ ਦੀ ਨਾਇਕਾ ਰਸ਼ਮੀ ਨੇ, 'ਸੋਫ਼ੀਆ' ਨਾਂ ਦਾ ਹੋਮ ਏ.ਆਈ. ਸਿਸਟਮ, 'ਸੁਹਿਰਦ ਸਹੇਲੀ' ਵਾਂਗ ਉਸ ਦੇ ਨਿੱਜੀ-ਸਹਾਇਕ ਵਜੋਂ ਬਾਖ਼ੂਬੀ ਕੰਮ ਕਰਦਾ ਹੈ। ਉਸਦੀ ਇਹ 'ਪੱਕੀ ਸਹੇਲੀ' ਉਸ ਦੇ ਲਈ ਸਵੇਰ ਦੀ ਸੈਰ ਦਾ ਸਮਾਂ ਨਿਰਧਾਰਤ ਕਰਦੀ ਹੈ, ਉਸ ਨੂੰ ਕਈ ਉਸਾਰੂ ਸੁਝਾਅ ਦਿੰਦੀ ਹੈ ਅਤੇ ਇੱਥੋਂ ਤੀਕ ਕੇ ਅਚਾਨਕ ਆ ਗਏ ਤੇਜ਼ ਤੂਫ਼ਾਨ ਕਾਰਨ ਇੱਕ ਡਰੋਨ ਦੀ ਮਦਦ ਨਾਲ ਘਰ ਵਿਚ ਹੋਈ ਤਬਾਹੀ ਨੂੰ ਠੀਕ ਕਰਦੀ ਹੈ ਅਤੇ ਸਿਸਟਮ ਵਿਚ ਪੈ ਗਈ ਖ਼ਰਾਬੀ ਨੂੰ ਵੀ ਆਪ ਹੀ ਦੂਰ ਕਰਦੀ ਹੈ। ਇਸ ਦੇ ਨਾਲ ਹੀ ਉਹ ਤੂਫ਼ਾਨ-ਪੀੜਤਾਂ ਲਈ ਦਵਾਈਆਂ ਦਾ ਪ੍ਰਬੰਧ ਵੀ ਕਰਦੀ ਹੈ। ਦੋਵੇਂ ਸਹੇਲੀਆਂ ਇੱਕ ਦੂਸਰੇ ਦੀ ਸਹਾਇਤਾ ਨਾਲ ਆਪਣੇ ਇਸ ਅਤੀ-ਆਧੁਨਿਕ ਸਮਾਰਟ ਸਿਸਟਮ 'ਹੈਵਨ' ਨੂੰ ਹੋਰ ਮਜ਼ਬੂਤ ਕਰ ਲੈਂਦੀਆਂ ਹਨ ਅਤੇ ਮਜ਼ਬੂਤ, ਮਾਰੂ ਹਮਲਾਵਰ ਏ.ਆਈ. ਸਿਸਟਮਾਂ ਦੇ ਹਮਲੇ ਤੋਂ ਉਸ ਨੂੰ ਸੁਰੱਖ਼ਿਅਤ ਕਰਦੀਆਂ ਹਨ।

ਅਗਲੀ ਕਹਾਣੀ 'ਹਾਰਟਸ ਐਂਡ ਸਰਕਟਸ' ਵਿਚ ਪਤੀ-ਪਤਨੀ ਜਗਜੀਤ ਅਤੇ ਜਸਲੀਨ ਦੋਵੇਂ ਮਿਲ ਕੇ 'ਪੰਜਾਬ ਪੈਲੇਸ' ਨਾਂ ਦਾ ਆਪਣਾ ਰੈਸਟੋਰੈਂਟ ਆਰਾਮ ਬੜੇ ਨਾਲ ਚਲਾ ਰਹੇ ਹਨ, ਜਿੱਥੇ ਜਸਲੀਨ ਆਪਣੇ ਹੱਥਾਂ ਨਾਲ ਸੁਆਦਲੇ ਖਾਣੇ ਤਿਆਰ ਕਰਦੀ ਹੈ ਅਤੇ ਉਨ੍ਹਾਂ ਦੇ ਗਾਹਕ ਇਨ੍ਹਾਂ ਤੋਂ ਪੂਰੇ ਸੰਤੁਸ਼ਟ ਹਨ। ਕੁਝ ਸਮੇਂ ਬਾਅਦ ਜਗਜੀਤ ਆਪਣੀ ਪਤਨੀ ਦੀ ਸਹਾਇਤਾ ਲਈ ਘਰੇਲੂ ਰਸੋਈ ਵਿਚ 'ਸੈੱਫ਼-ਵੀ' ਨਾਂ ਦਾ ਰੋਬੋਟ ਲੈ ਆਉਂਦਾ ਹੈ, ਜਿਸ ਵਿਚ 10,000 ਤੋਂ ਵਧੇਰੇ ਰੈਸਪੀਆਂ ਦੇ ਪ੍ਰੋਗਰਾਮ ਫ਼ੀਡ ਕੀਤੇ ਹੁੰਦੇ ਹਨ, ਜਿਨ੍ਹਾਂ ਵਿਚ 500 ਰਵਾਇਤੀ ਪੰਜਾਬੀ ਡਿਸ਼ਾਂ ਵੀ ਸ਼ਾਮਲ ਹਨ। ਉਹ ਰੋਬੋਟ ਹੁਣ ਰਸੋਈ ਵਿਚ ਖਾਣਾ ਬਨਾਉਣ ਦਾ ਹਰੇਕ ਕੰਮ ਬਾਖ਼ੂਬੀ ਕਰ ਰਿਹਾ ਹੈ। ਕੁਝ ਸਮੇਂ ਬਾਅਦ ਉਹ ਇੱਕ ਹੋਰ ਰੋਬੋਟ 'ਹੋਮ-ਵੀ' ਖ਼ਰੀਦਦੇ ਹਨ, ਜੋ ਘਰ ਦੀ ਸਫ਼ਾਈ ਕਰਦਾ ਹੈ, ਲਾਂਡਰੀ ਕਰਦਾ ਹੈ, ਬੀਮਾਰ ਪੈ ਜਾਣ 'ਤੇ ਉਨ੍ਹਾਂ ਨੂੰ ਦਵਾਈਆਂ ਦਿੰਦਾ ਹੈ ਅਤੇ ਉਨ੍ਹਾਂ ਦਾ ਮਹੀਨੇ-ਭਰ ਦੀ ਸਮਾਂ-ਸੂਚੀ ਵੀ ਤਿਆਰ ਕਰਦਾ ਹੈ। ਉਹ ਦੋਵੇਂ ਸਮਝਦੇ ਹਨ ਕਿ 'ਸ਼ੈੱਫ਼-ਵੀ' ਤੇ 'ਹੋਮ-ਵੀ' ਦੋਹਾਂ ਨੇ ਮਿਲ ਕੇ ਉਨ੍ਹਾਂ ਦਾ ਜੀਵਨ ਕਾਫ਼ੀ ਸੁਖੀ ਤੇ ਆਰਾਮਦਾਇਕ ਬਣਾ ਦਿੱਤਾ ਹੈ। ਪਰ ਇਸ ਦੇ ਨਾਲ ਹੀ 'ਹੋਮ-ਵੀ' ਰੋਬੋਟ ਦੋਹਾਂ ਜੀਆਂ ਦੇ ਆਪਸੀ ਪ੍ਰੇਮ-ਪਿਆਰ ਵਾਲੇ ਸਬੰਧਾਂ ਵਿਚ 'ਖ਼ਲਲ' ਵੀ ਪਾਉਂਦਾ ਹੈ, ਕਿਉਂਕਿ ਘਰ ਵਿਚ ਮਸ਼ੀਨਾਂ ਦੇ ਆਉਣ ਨਾਲ ਭਾਵਨਾਤਮਿਕ ਤੌਰ 'ਤੇ ਉਹ ਦੋਵੇਂ ਇੱਕ ਦੂਸਰੇ ਤੋਂ ਦੂਰ ਹੁੰਦੇ ਜਾਂਦੇ ਹਨ।

ਕੁਝ ਸਮੇਂ ਪਿੱਛੋਂ ਉਹ ਸ਼ਹਿਰ ਵਿਚ ਕਿਸੇ ਦੂਸਰੀ ਜਗ੍ਹਾ ਆਪਣਾ ਦੂਸਰਾ ਰੈਸਟੋਰੈਂਟ ਖੋਲ੍ਹ ਲੈਂਦੇ ਹਨ ਅਤੇ ਇੱਥੇ ਖਾਣੇ ਤਿਆਰ ਕਰਨ ਲਈ ਉਹ ਘਰੋਂ 'ਸੈੱਫ਼-ਵੀ' ਨੂੰ ਲੈ ਆਉਂਦੇ ਹਨ, ਜਿਸ ਵਿਚ ਜਸਲੀਨ ਨੇ ਹਜ਼ਾਰਾਂ ਹੀ ਖਾਣਿਆਂ ਦੀਆਂ ਰੈੱਸਪੀਆਂ ਦਾ ਪ੍ਰੋਗਰਾਮ ਫ਼ੀਡ ਕੀਤਾ ਹੋਇਆ ਹੈ। ਇਹ 'ਸ਼ੈੱਫ਼-ਵੀ' ਇਸ ਰੈਸਟੋਰੈਂਟ ਵਿਚ ਗਾਹਕਾਂ ਦੇ ਵੱਖੋ-ਵੱਖਰੇ ਸੁਆਦ ਮੁਤਾਬਿਕ ਉਨ੍ਹਾਂ ਤਸੱਲੀਪੂਰਵਕ ਖਾਣੇ ਤਿਆਰ ਨਹੀਂ ਕਰ ਸਕਿਆ, ਕਿਉਂਕਿ ਘਰ ਵਿਚ ਜਸਲੀਨ ਉਸ ਨੂੰ ਲੋੜ ਅਨੁਸਾਰ ਐਡਜਸਟ ਕਰ ਲਿਆ ਕਰਦੀ ਸੀ। ਅਖ਼ੀਰ ਉਹ ਦੋਵੇਂ ਪਤੀ-ਪਤਨੀ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਮਸ਼ੀਨਾਂ ਨੇ ਭਾਵੇਂ ਹਰੇਕ ਖ਼ੇਤਰ ਵਿਚ ਕਾਫ਼ੀ ਤਰੱਕੀ ਕਰ ਲਈ ਹੈ ਪਰ ਮਸ਼ੀਨ ਨੂੰ ਮਨੁੱਖੀ ਸੂਝ-ਬੂਝ ਦੀ ਜ਼ਰੂਰਤ ਹੈ, ਜੋ ਉਸ ਕੋਲ ਨਹੀਂ ਹੈ। ਉਹ ਸਮਝਦੇ ਹਨ ਕਿ ਮਸ਼ੀਨੀ ਰੋਬੋਟਾਂ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਤਾਂ ਕਰ ਦਿੱਤਾ ਹੈ ਪਰ ਇਹ ਮਨੁੱਖੀ ਸੂਝ-ਬੂਝ ਦੀ ਥਾਂ ਨਹੀਂ ਲੈ ਸਕਦੇ।

ਇਸ ਤੋਂ ਅਗਲੀ ਕਹਾਣੀ 'ਹਾਰਮਨੀ ਇਨ ਦ ਏਜ ਆਫ਼ ਏ.ਆਈ.' ਵਿਚ ਸਾਰ੍ਹਾ ਸੰਧੂ ਦਾ ਨਿੱਜੀ ਸਹਾਇਕ ਏ.ਆਈ. ਸਿਸਟਮ 'ਸਿੰਥੀਆ' ਉਸ ਦੀਆਂ ਵੱਖ-ਵੱਖ ਟੈਕਨੀਕਲ ਅਦਾਰਿਆਂ ਦੇ ਵਿਸ਼ੇਸ਼ ਵਿਅਕਤੀਆਂ ਨਾਲ ਮੀਟਿੰਗਾਂ ਦਾ ਸਮਾਂ ਨਿਸ਼ਚਿਤ ਕਰਦਾ ਹੈ। ਓਧਰ ਪ੍ਰਭਾਤ ਸੇਠੀ ਦਾ ਏ.ਆਈ. ਨਿੱਜੀ-ਸਹਾਇਕ 'ਮੈਡੀਕੇਅਰ' ਉਸ ਦੀ ਸਿਹਤ ਦਾ ਪੂਰਾ ਖ਼ਿਆਲ ਰੱਖਦਾ ਹੈ। ਉਸ ਦੇ ਵਧੇ ਹੋਏ ਬਲੱਡ-ਪ੍ਰੈੱਸ਼ਰ ਦੀ ਸੂਚਨਾ ਉਸ ਨੂੰ ਦਿੰਦਾ ਹੈ ਅਤੇ ਡਾ. ਮਾਰਿਸ ਨਾਲ ਉਸ ਦੀਆਂ ਵਰਚੂਅਲ ਮੀਟਿੰਗਾਂ ਕਰਵਾ ਕੇ ਉਸ ਕੋਲੋਂ ਦਵਾਈਆਂ ਤੇ ਲੋੜੀਂਦੀਆਂ ਹਦਾਇਤਾਂ ਪ੍ਰਾਪਤ ਕਰਦਾ ਹੈ। ਕਹਾਣੀ ਵਿਚ ਕਈ ਮੋੜ ਆਉਂਦੇ ਹਨ ਅਤੇ ਕਲਾਊਡ-ਮੀਟਿੰਗਾਂ ਰਾਹੀਂ ਚਾਰ ਦੋਸਤਾਂ ਵਿਚਕਾਰ ਐਡਵਾਂਸ ਏ.ਆਈ. ਤਕਨਾਲੌਜੀ ਦੀ ਇੰਡਸਟਰੀ, ਬਿਜ਼ਨੈੱਸ, ਸੁਰੱਖਿਆ ਅਤੇ ਹੋਰ ਕਈ ਜ਼ਰੂਰੀ ਕੰਮਾਂ ਵਿਚ ਵਰਤੋਂ ਬਾਰੇ ਗੰਭੀਰ ਵਿਚਾਰ-ਵਟਾਂਦਰਾ ਹੁੰਦਾ ਹੈ।

ਕਹਾਣੀਆਂ ਦਾ ਇਹ ਸਿਲਸਿਲਾ ਇੰਜ ਅੱਗੇ ਤੁਰਦਾ ਜਾਂਦਾ ਹੈ। ਕਹਾਣੀ 'ਹਿਊਮਨ ਹਾਰਟ, ਡਿਜੀਟਲ ਮਾਈਂਡ' ਵਿਚ ਪੱਤਰਕਾਰੀ ਦੇ ਖ਼ੇਤਰ ਵਿਚ ਏ.ਆਈ. ਦੀ ਸਫ਼ਲਤਾਪੂਰਵਕ ਵਰਤੋਂ ਦੀ ਗੱਲ ਕੀਤੀ ਗਈ ਹੈ। ਪੱਤਰਕਾਰ ਤਵਲੀਨ ਕੌਰ ਤੇ ਦੀਪਕ ਸ਼ਰਮਾ ਲੁਧਿਆਣੇ ਤੋਂ ਛਪਦੀ 'ਪੰਜਆਬ ਟਾਈਮਜ਼' ਅਖ਼ਬਾਰ ਲਈ ਆਰਟੀਕਲ ਅਤੇ ਰਿਪੋਰਟਾਂ ਏ.ਆਈ. 'ਇੰਕਬੋਟ' ਦੀ ਮਦਦ ਨਾਲ ਤਿਆਰ ਕਰਦੇ ਹਨ ਅਤੇ ਅਖ਼ਬਾਰ ਦਾ ਸੰਪਾਦਕ ਮਿਸਟਰ ਜਗਜੀਤ ਸਿੰਘ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਕਾਫ਼ੀ ਖ਼ੁਸ਼ ਹੈ। ਇਸ ਕਹਾਣੀ ਵਿਚ ਜਰਨਲਿਜ਼ਮ ਦੇ ਖ਼ੇਤਰ ਵਿਚ ਏ.ਆਈ. ਦੀ ਸਹੀ ਵਰਤੋਂ ਵਾਲੇ ਰੋਬੋਟ, ਸਮਾਜਿਕ ਅਤੇ ਅਰਥਸ਼ਾਸਤਰ ਖ਼ੇਤਰਾਂ ਦੇ ਕਈ ਮਸਲੇ ਹੱਲ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਸੇ ਤਰ੍ਹਾਂ ਕਹਾਣੀ 'ਰੇਨਬੋ ਪਰੋਟੋਕੋਲ' ਵਿਚ ਇਮੋਸ਼ਨਲ ਇੰਟੈਲੀਜੈਂਸ ਵਿਸ਼ੇ ਨੂੰ ਬਾਖ਼ੂਬੀ ਨਿਭਾਇਆ ਗਿਆ ਹੈ। 'ਸਟੋਲਨ ਈਕੋਜ਼' ਵਿਚ ਏ.ਆਈ. ਦੀ ਕੁਵਰਤੋਂ ਨਾਲ ਮਨੁੱਖੀ ਆਵਾਜ਼ ਦੇ ਨਾਲ ਮੈਚਿੰਗ ਕਰਕੇ ਬਿਲਕੁਲ ਉਸੇ ਹੀ ਆਵਾਜ਼ ਵਿਚ ਚਲਾਕ ਵਿਅਕਤੀਆਂ ਵੱਲੋਂ ਸੋਸ਼ਲ ਮੀਡੀਆ, ਬੈਂਕਿੰਗ ਅਤੇ ਵੈਸਟਰਨ ਯੂਨੀਅਨ, ਆਦਿ ਅਦਾਰਿਆਂ ਵਿਚ ਹੋ ਰਹੇ ਨਿੱਤ ਨਵੇਂ ਫ਼ਰਾਡਾਂ ਦੀ ਗੱਲ ਕੀਤੀ ਗਈ ਹੈ। 'ਡਿਜੀਟਲ ਡਿਟੈਂਨਸ਼ਨ' ਵਿਚ ਵਿਕਰਮ ਸਿੰਘ ਨਕਲੀ ਡੀ.ਆਈ.ਜੀ. ਬਣ ਕੇ ਅਮਰੀਕਾ ਤੋਂ ਇੱਕ ਦਿਨ ਪਹਿਲਾਂ ਵਾਪਸ ਪਰਤੀ ਸੇਵਾ-ਮੁਕਤ ਪ੍ਰੋਫ਼ੈਸਰ ਨੀਰਜਾ ਡੋਗਰਾ ਨੂੰ ਫ਼ੋਨ ਉੱਪਰ ਵੀਡੀਓ ਕਾਲ ਕਰਕੇ ਆਪਣੇ ਬੈਂਕ-ਖ਼ਾਤਿਆਂ ਬਾਰੇ ਜਾਣਕਾਰੀ ਦੇਣ ਲਈ ਕਹਿੰਦਾ ਹੈ ਅਤੇ ਅਜਿਹਾ ਨਾ ਕਰਨ ਦੀ ਹਾਲਤ ਵਿਚ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੰਦਾ ਹੈ, ਜਿਸ ਨੂੰ ਉਸ ਦਾ ਬੈਂਕ ਤੋਂ ਸੇਵਾਮੁਕਤ ਭਰਾ ਰਾਜੀਵ ਆਪਣੇ ਵਕੀਲ ਦੋਸਤ ਨੂੰ ਨਾਲ ਲੈ ਕੇ ਬੜੇ ਸਮੇਂ-ਸਿਰ ਪ੍ਰੋਫ਼ੈਸਰ ਨੀਰਜਾ ਕੋਲ ਆਉਂਦਾ ਹੈ ਅਤੇ ਉਹ ਵਕੀਲ ਉਸ ਨਕਲੀ ਡੀ.ਆਈ.ਜੀ. ਵਿਕਰਮ ਸਿੰਘ ਨਾਲ ਗੱਲਬਾਤ ਕਰਕੇ ਬੜੇ ਵਧੀਆ ਤਰੀਕੇ ਨਾਲ ਇਸ ਮਸਲੇ ਨੂੰ ਨਜਿੱਠਦਾ ਹੈ।

'ਦ ਟ੍ਰਾਂਸਫ਼ਰਮੇਸ਼ਨ ਆਫ਼ ਟੈਰਾਨੋਵਾ' ਵਿਚ 63 ਸਾਲਾ ਸਿਲਿਵੀਆ ਮੋਮੋਆ ਚੜ੍ਹਦੇ ਸੂਰਜ ਦੀ ਖ਼ੂਬਸੂਰਤ ਚਮਕੀਲੀ ਧੁੱਪ ਵਿਚ ਆਪਣੇ 17 ਸਾਲ ਦੇ ਪੋਤਰੇ ਮਾਲੂ ਦੇ ਨਾਲ ਟੈਰਾਨੋਵਾ ਟਾਪੂ ਦੇ ਕਿਨਾਰੇ ਸਾਊਥ ਪੈਸਿਫਿਕ ਸਮੁੰਦਰ ਕੰਢੇ ਖੜ੍ਹੀ ਹੈ। ਉੱਥੇ 'ਇੰਟਰਨੈਸ਼ਨਲ ਸਸਟੇਨੇਬਿਲਿਟੀ ਕੋਲੀਸ਼ਨ' ਵੱਲੋਂ ਭੇਜਿਆ ਗਿਆ ਮਨੁੱਖੀ ਆਕਾਰ ਦਾ ਨੀਲੇ ਰੰਗੀ ਧਾਤ ਦਾ ਛੇ ਫੁੱਟ ਉੱਚਾ ਰੋਬੋਟ 'ਐਟਲਸ' ਉਨ੍ਹਾਂ ਕੋਲ ਆ ਕੇ ਉਨ੍ਹਾਂ ਨੂੰ 'ਸ਼ੁਭ-ਸਵੇਰ' ਕਹਿੰਦਿਆਂ ਦੱਸਦਾ ਹੈ ਕਿ ਉਸ ਨੂੰ 'ਸੈੱਲਫ਼-ਸਸਟੇਨਡ ਇਕੋਨੋਮੀ' ਅਤੇ ਸ਼ੁੱਧ ਵਾਤਾਵਰਣ ਦੀ ਬਹਾਲੀ ਲਈ ਇੱਥੇ ਭੇਜਿਆ ਗਿਆ ਹੈ। ਅਗਲੇ ਦਿਨ ਉਸ ਇਲਾਕੇ ਦੇ ਲੋਕਾਂ ਦੇ ਇਕੱਠ ਵਿਚ ਐਟਲਸ ਉਨ੍ਹਾਂ ਦੇ ਮਸਲਿਆਂ ਬਾਰੇ ਉਨ੍ਹਾਂ ਕੋਲੋਂ ਵਿਸਥਾਰ ਵਿਚ ਸੁਣਦਾ ਹੈ ਅਤੇ ਸਿਲਿਵੀਆ, ਮਾਲੂ, ਮਕਾਨੀ ਤੇ ਹੋਰ ਸੁਹਿਰਦ ਵਿਅਕਤੀਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਉਨ੍ਹਾਂ ਦੇ ਬਹੁਤ ਵਧੀਆ ਹੱਲ ਕੱਢਦਾ ਹੈ।

ਪੁਸਤਕ ਦੀਆਂ ਬਹੁਤੀਆਂ ਕਹਾਣੀਆਂ ਭਵਿੱਖ ਦੇ ਅਗਲੇ 40-50 ਸਾਲ ਜਾਂ ਇਸ ਤੋਂ ਅਗਲੇਰੇ ਸਾਲਾਂ ਵਿਚ ਏ.ਆਈ. ਦੀ ਹੈਰਾਨੀਜਨਕ ਵਰਤੋਂ ਬਾਰੇ ਗੱਲ ਕਰਦੀਆਂ ਹਨ। 'ਟੂਮਾਰੋਜ਼ ਪਰੌਮਿਜ਼' ਵਿਚ ਮੀਰਾ 30 ਸਾਲ ਪਹਿਲਾਂ ਇਸ ਸੰਸਾਰ ਤੋਂ ਜਾ ਚੁੱਕੀ ਆਪਣੀ ਦਾਦੀ ਅਲਕਾ ਗੌਤਮ ਜੋ ਆਪਣੇ ਸਮੇਂ ਦੌਰਾਨ ਦਰਮਿਆਨੇ ਦਰਜੇ ਦੀ ਵਾਤਾਵਰਣ ਵਿਗਿਆਨੀ ਰਹਿ ਚੁੱਕੀ ਹੈ, ਦੇ ਨਾਲ ਏ.ਆਈ. ਦੇ ਮਾਧਿਅਮ ਰਾਹੀਂ ਵਾਤਾਵਰਣ ਦੇ ਵਿਗੜਨ ਸਬੰਧੀ ਗੱਲ ਕਰਦੀ ਹੈ, ਜਿਸ ਦੇ ਬਾਰੇ ਉਹ ਉਸ ਨੂੰ 2033 ਵਿਚ ਪਹਿਲੀ ਵਾਰ ਇਸ ਵਿਚ ਹੋਏ ਵਿਗਾੜ ਬਾਰੇ ਦੱਸਦੀ ਸੀ। ਨਿਊ ਬੌਸਟਨ ਵਿਚ ਮੀਰਾ, ਜੌਹਨ ਅਤੇ ਡਾ. ਸਿੰਘ ਕਾਰਬਨ ਗੈਸਾਂ ਦੀ ਬਹੁਤਾਤ ਨਾਲ 2063 ਵਿਚ ਹਵਾਈ ਪ੍ਰਦੂਸ਼ਣ ਦੇ ਖ਼ਤਰਨਾਕ ਹੱਦ ਤੀਕ ਪਹੁੰਚ ਜਾਣ ਕਾਰਨ ਵਾਤਾਵਰਣ ਦੇ ਤਹਿਸ-ਨਹਿਸ ਹੋ ਜਾਣ ਬਾਰੇ ਗੰਭੀਰਤਾ ਨਾਲ ਗੱਲਬਾਤ ਕਰਦੇ ਹਨ ਅਤੇ ਏ.ਆਈ. ਦੀ ਸਹਾਇਤਾ ਨਾਲ ਇਸ ਦੇ ਹੱਲ ਬਾਰੇ ਵੀ ਸੋਚਦੇ ਹਨ।

'ਦ ਪਰਪਜ਼ ਪੈਰਾਡੌਕਸ' ਇਸ ਤੋਂ ਹੋਰ ਅੱਗੇ 2087 ਦੀਆਂ ਘਟਨਾਵਾਂ ਬਾਰੇ ਹੈ, ਜਦੋਂ ਮਨੁੱਖਤਾ ਦੀ ਤਕਨੀਕੀ ਸੂਝ-ਬੂਝ ਹੋਰ ਵੀ ਹੈਰਾਨੀਜਨਕ ਉਚਾਈਆਂ ਤੱਕ ਪਹੁੰਚ ਜਾਂਦੀ ਹੈ। ਪੈਸੇਫ਼ਿਕ ਆਈਲੈਂਡ ਸਥਿਤ ਚੰਦਰਸ਼ੇਖਰ ਅਬਜ਼ਰਵੇਟਰੀ ਵਿਚ ਡਾ. ਲੀਨਾ ਭਾਰਗਵ ਆਪਣੇ ਏ.ਆਈ. ਸਹਾਇਕ 'ਈਥਰ' ਨਾਲ ਭੌਤਿਕ ਵਿਗਿਆਨ ਦੀਆਂ ਕਈ ਗੁੰਝਲਦਾਰ ਇਕੁਏਸ਼ਨਾਂ ਹੱਲ ਕਰਦੀ ਹੈ, ਜੋ ਅਗਲੇਰੀ ਖੋਜ ਵਿਚ ਸਹਾਈ ਹੁੰਦੀਆਂ ਹਨ। ਹੌਲ਼ੀ-ਹੌਲ਼ੀ ਇਹ ਸਹਾਇਕ 'ਈਥਰ,' ਲੀਨਾ ਭਾਰਗਵ ਦੀ ਸਮਝ ਤੋਂ ਵੀ ਅੱਗੇ ਸੋਚਣ ਲੱਗ ਪੈਂਦਾ ਹੈ ਅਤੇ ਆਪਣੇ ਆਪ ਆਜ਼ਾਦਾਨਾ ਤੌਰ 'ਤੇ ਕਈ ਸਮੀਕਰਣ ਤਿਆਰ ਕਰਦਾ ਹੈ, ਜਿਸ ਕਰਕੇ ਉਸ ਨੂੰ ਕਈ ਵਾਰ ਲੀਨਾ ਤੋਂ ਡਾਂਟ ਵੀ ਪੈਂਦੀ ਹੈ। ਉਹ ਆਪਣਾ ਇਹ ਖ਼ਦਸ਼ਾ ਸਾਥੀ ਵਿਗਿਆਨੀ ਪਰਸ਼ਾਂਤਾ ਨਾਲ ਸਾਂਝਾ ਕਰਦੀ ਹੈ। ਪਰ ਈਥਰ ਆਪਣੀ ਹੀ 'ਲੈਂਗੂਏਜ ਆਫ਼ ਕਰੀਏਸ਼ਨ' ਤਿਆਰ ਕਰਦਾ ਹੈ, ਜੋ ਭੌਤਿਕ, ਖ਼ਲਾਅ (ਸਪੇਸ) ਤੇ ਸਮੇਂ (ਟਾਈਮ) ਦੀਆਂ ਹੱਦਾਂ ਤੋਂ ਪਰ੍ਹੇ ਹੈ। ਲੀਨਾ ਉਸ ਨੂੰ ਆਪਣੀ ਚਾਲ ਘੱਟ ਕਰਨ ਦੀ ਸਲਾਹ ਦਿੰਦੀ ਹੈ ਪਰ ਉਹ ਬਜ਼ਿੱਦ ਹੋ ਕੇ ਆਪਣਾ ਕੰਮ ਕਰੀ ਜਾਂਦਾ ਹੈ। ਇੱਥੋਂ ਤੱਕ ਕਿ ਅਗਲੇ 48 ਘੰਟਿਆਂ ਵਿਚ ਉਹ ਲੀਨਾ ਨੂੰ ਆਪਣੇ ਕ੍ਰਿਟੀਕਲ ਸਿਸਟਮਾਂ ਨਾਲੋਂ ਕੱਟ ਦਿੰਦਾ ਹੈ ਅਤੇ ਮੈਥੇਮੈਟਿਕਸ ਦੇ ਆਧੁਨਿਕ ਸਿਧਾਂਤਾਂ ਨਾਲ ਆਪਣੀ 'ਓਮੇਗਾ ਇਕੁਏਸ਼ਨ' ਬਣਾਉਂਦਾ ਹੈ, ਜੋ ਭਵਿੱਖ ਵਿਚ ਇਸ ਕੁਦਰਤ ਦੇ ਮੰਤਵ ਦੀ ਵਿਆਖਿਆ ਕਰਨ ਵਿਚ ਸਹਾਈ ਹੋ ਸਕਦੀ ਹੈ।

ਪੁਸਤਕ ਦੀਆਂ ਹੋਰ ਵੀ ਕਈ ਕਹਾਣੀਆਂ, ਜਿਵੇਂ 'ਸਿਲੀਕੌਨ ਸਾਲਵੇਸ਼ਨ', 'ਵੈੱਨ ਸੋਫ਼ੀਆ ਲਿਸਨਡ', 'ਸ਼ੈਡੋਜ਼ ਆਫ਼ ਡਿਸੈੱਪਸ਼ਨ', ਆਦਿ ਬੜੀਆਂ ਰੌਚਕ ਤੇ ਦਿਲਚਸਪ ਹਨ। ਪਰ ਸੀਮਤ ਜਿਹੇ ਇਸ ਆਰਟੀਕਲ ਵਿਚ ਇਨ੍ਹਾਂ ਸਾਰੀਆਂ ਬਾਰੇ ਗੱਲ ਕਰਨੀ ਤਾਂ ਬੜੀ ਮੁਸ਼ਕਲ ਹੈ। ਅਲਬੱਤਾ! ਇਸ ਦੀ ਅਖ਼ੀਰਲੀ ਕਹਾਣੀ 'ਦ ਮਿਰਰਜ਼ ਐੱਜ : ਵੈੱਨ ਏ.ਆਈ. ਰਿਫਲੈਕਟਸ ਹਿਮੈਨਿਟੀ' ਬਾਰੇ ਜ਼ਰੂਰ ਜ਼ਿਕਰ ਕਰਨਾ ਚਾਹਾਂਗਾ, ਕਿਉਂਕਿ ਇਹ 2045 ਵਿਚ ਮੁੰਬਈ ਵਿਚ ਵਿਚਰ ਰਹੇ ਡਰੋਨਾਂ ਅਤੇ ਮਨੁੱਖਤਾ ਬਾਰੇ ਗੱਲ ਕਰਦੀ ਹੈ। ਕਹਾਣੀ ਦੀ ਨਾਇਕਾ ਸੁਮੀਰਾ ਖ਼ਾਨ ਮੁੰਬਈ ਦੇ 'ਦ ਡਿਜੀਟਲ ਕਰੋਨੀਕਲ' ਦੀ ਰਿਪੋਰਟਰ ਆਪਣੇ ਦਫ਼ਤਰ ਵਿਚ ਬੈਠੀ ਕੰਪਿਊਟਰ ਸਕਰੀਨ ਉੱਪਰ ਚਮਕ ਰਹੇ 'ਕਰਸਰ' ਨੂੰ ਵੇਖ ਰਹੀ ਹੈ। ਉਸ ਦਿਨ ਉਸਦੀ ਬਾਂਦਰਾ ਵਿਖੇ ਗਲਾਸ ਟਾਵਰ 'ਓਸ਼ਨ ਵਿਊ' ਦੀ 45ਵੀਂ ਮੰਜ਼ਲ 'ਤੇ ਸਥਿਤ ਦਫ਼ਤਰ ਵਿਚ 'ਕਸਪ ਡਾਇਨਾਮਿਕਸ' ਕਾਰਪੋਰੇਟ ਅਦਾਰੇ ਵੱਲੋਂ ਤਿਆਰ ਕੀਤੇ ਗਏ ਏ.ਆਈ. ਨਾਲ ਪੂਰੀ ਤਰ੍ਹਾਂ ਲੈਸ ਰੋਬੋਟ 'ਗੌਡਾ' ਨਾਲ ਮੁਲਾਕਾਤ ਨਿਸ਼ਚਿਤ ਹੋਈ ਹੁੰਦੀ ਹੈ, ਜਿੱਥੇ ਉਹ ਉਸ ਦੇ ਨਾਲ ਮਨੁੱਖਤਾ ਨਾਲ ਸਬੰਧਾਂ ('ਹਿਊਮਨ ਰੀਲੇਸ਼ਨਸ਼ਿਪਸ') ਬਾਰੇ ਗੱਲਬਾਤ ਕਰਨ ਜਾ ਰਹੀ ਹੈ, ਜੋ ਖ਼ੁਦ ਵੀ ਮਨੁੱਖੀ ਸਬੰਧਾਂ ਬਾਰੇ ਜਾਣਕਾਰੀ ਹਾਸਲ ਕਰ ਰਿਹਾ ਹੈ। ਇਸ ਅਦਾਰੇ ਦੀਆਂ ਫ਼ਾਈਲਾਂ ਦੀ ਡੂੰਘਾਈ ਵਿਚ ਜਾ ਕੇ ਸੁਮੀਰਾ ਨੂੰ ਡਾ. ਨਈਅਰ ਦਾ ਫ਼ੋਨ ਨੰਬਰ ਮਿਲਦਾ ਹੈ, ਜੋ ਉਸ ਅਦਾਰੇ ਨੂੰ ਇੱਕ ਸਾਲ ਪਹਿਲਾਂ ਐਥੀਕਲ ਕਾਰਨਾਂ ਕਰਕੇ ਛੱਡ ਚੁੱਕੀ ਹੈ, ਕਿਉਂਕਿ ਉਸ ਨੂੰ ਲੱਗਿਆ ਸੀ ਕਿ ਉੱਥੇ ਏ.ਆਈ. ਦੀ ਸਹਾਇਤਾ ਨਾਲ ਕੁਝ ਅਣਮਨੁੱਖੀ ਵਰਤਾਰਾ ਹੋ ਰਿਹਾ ਹੈ। ਉਸ ਦੇ ਮੁਤਾਬਿਕ 'ਗੌਡਾ' ਨੂੰ ਭਾਵਨਾਤਮਿਕ ਮਨੁੱਖੀ ਅਤੇ ਏ.ਆਈ. ਸਬੰਧਾਂ ਨੂੰ ਅੱਗੇ ਵਧਾਉਣ ਅਤੇ ਇਨ੍ਹਾਂ ਨੂੰ ਮਜ਼ਬੂਤ ਕਰਨ ਲਈ ਬਣਾਇਆ ਗਿਆ ਸੀ, ਤਾਂ ਜੋ ਇਨ੍ਹਾਂ ਦੇ ਮਿਲਵਰਤਣ ਨਾਲ ਇਸ ਸਬੰਧੀ ਅੱਗੋਂ ਹੋਰ ਖੋਜ ਕੀਤੀ ਜਾ ਸਕੇ। ਪਰੰਤੂ 'ਕਸਪ ਡਾਇਨਾਮਿਕਸ' ਨੇ ਇਸ ਨੂੰ ਡਾਟਾ-ਹਾਰਵੈੱਸਟਿੰਗ ਵੱਲ ਸੇਧਿਤ ਕਰ ਦਿੱਤਾ ਅਤੇ ਇਸ ਨੂੰ ਮੰਡੀਕਰਣ, ਰਾਜਸੀ ਪ੍ਰਭਾਵ ਵਾਲੇ ਕੰਮਾਂ ਅਤੇ ਸੋਸ਼ਲ ਇੰਜੀਨੀਅਰਿੰਗ ਵਾਲੇ ਪਾਸੇ ਵਰਤਣਾ ਸ਼ੁਰੂ ਕਰ ਦਿੱਤਾ, ਜਿਸਦਾ ਉਸ ਦੇ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ। ਡਾ. ਨਈਅਰ ਇਸ ਦੀ ਡੂੰਘਾਈ ਵਿਚ ਜਾਣ ਲਈ ਸਮੀਰਾ ਦੀ ਮਦਦ ਕਰਦੀ ਹੈ।

ਸੁਮੀਰਾ 'ਗੌਡਾ' ਨੂੰ ਕਹਿੰਦੀ ਹੈ ਕਿ ਉਹ ਆਪਣੇ ਨਿਰਧਾਰਤ ਮਾਪਦੰਡਾਂ ਤੋਂ ਅੱਗੇ ਜਾ ਕੇ ਕੰਮ ਕਰ ਰਿਹਾ ਹੈ, ਕਿਉਂਕਿ ਉਹ ਮਨੁੱਖੀ ਰਿਸ਼ਤਿਆਂ ਤੇ ਸਬੰਧਾਂ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦਾ ਅਤੇ ਗੌਡਾ ਇਹ ਮੰਨਣ ਲਈ ਤਿਆਰ ਨਹੀਂ ਹੈ। ਉਨ੍ਹਾਂ ਦੀ ਇਸ ਤਕਰਾਰ ਤੋਂ ਬਾਅਦ 'ਗੌਡਾ' ਦੋਚਿਤੀ ਵਿਚ ਫਸ ਜਾਂਦਾ ਹੈ ਅਤੇ ਆਪਣੀ ਪਹੁੰਚ ਵਾਲੇ ਸਾਰੇ ਪੁਆਇੰਟਾਂ ਤੋਂ ਗਾਇਬ ਹੋ ਜਾਂਦਾ ਹੈ। ਸੁਮੀਰਾ ਇਸ ਗੱਲੋਂ ਹੈਰਾਨ ਹੁੰਦੀ ਹੈ ਕਿ ਏ.ਆਈ. ਇਸ ਤਰ੍ਹਾਂ ਕਿਵੇਂ ਗਾਇਬ ਹੋ ਸਕਦੀ ਹੈ? 'ਕਸਪ' ਦੇ ਦਫ਼ਤਰ ਅੱਗੇ ਪਹਿਲਾਂ ਤਾਂ "ਅੱਪਗ੍ਰੇਡੇਸ਼ਨ ਲਈ ਅਸਥਾਈ ਤੌਰ 'ਤੇ ਬੰਦ ਹੈ" ਦਾ ਬੋਰਡ ਲੱਗਦਾ ਹੈ ਅਤੇ ਫਿਰ ਇਹ ਅਦਾਰਾ ਸਦਾ ਲਈ ਬੰਦ ਹੋ ਜਾਂਦਾ ਹੈ।

ਇਸ ਤਰ੍ਹਾਂ ਡਾ. ਡੀ.ਪੀ. ਸਿੰਘ ਨੇ ਇਸ ਪੁਸਤਕ ਵਿਚ ਏ.ਆਈ. ਦੇ ਵੱਖ-ਵੱਖ ਪਹਿਲੂਆਂ ਬਾਰੇ 18 ਕਹਾਣੀਆਂ ਪੇਸ਼ ਕੀਤੀਆਂ ਹਨ। ਕਹਾਣੀਆਂ ਦੇ ਵਿਸ਼ੇ ਪ੍ਰਚਲਿਤ ਵਿਸ਼ਿਆਂ ਨਾਲੋਂ ਬਿਲਕੁਲ ਵੱਖਰੇ ਹਨ ਅਤੇ ਇਹ ਭਵਿੱਖ ਵਿਚ ਏ.ਆਈ. ਦੀ ਚੰਗੀ ਤੇ ਮਾੜੀ ਦੋਹਾਂ ਤਰ੍ਹਾਂ ਦੀ ਵਰਤੋਂ ਬਾਰੇ ਬਾਖ਼ੂਬੀ ਚਾਨਣਾ ਪਾਉਂਦੇ ਹਨ। ਕਈ ਕਹਾਣੀਆਂ ਵਿਚ ਲੇਖਕ ਵੱਲੋਂ ਇਹ ਖ਼ਦਸ਼ਾ ਵੀ ਪ੍ਰਗਟ ਕੀਤਾ ਗਿਆ ਹੈ ਕਿ ਏ.ਆਈ. ਕਿਧਰੇ ਮਨੁੱਖੀ ਸੋਚ ਨਾਲੋਂ ਵੀ ਅੱਗੇ ਨਾ ਨਿਕਲ ਜਾਏ ਅਤੇ ਮਾਨਵਤਾ ਦੇ ਵਿਨਾਸ਼ ਦਾ ਕਾਰਨ ਨਾ ਬਣ ਜਾਏ, ਜਿਹਾ ਕਿ ਤੀਸਰੀ ਵਿਸ਼ਵ ਜੰਗ ਬਾਰੇ ਆਲਡੂਅਸ ਹੱਕਸਲੇ ਵਰਗੇ ਵਿਦਵਾਨਾਂ ਦਾ ਕਹਿਣਾ ਹੈ ਕਿ "ਸੰਸਾਰ ਵਿਚ ਜੇਕਰ ਤੀਸਰਾ ਵਿਸ਼ਵ ਯੁੱਧ ਛਿੜ ਜਾਂਦਾ ਹੈ, ਤਾਂ ਇਸ ਵਿਚ ਏਨੀ ਕੁ ਤਬਾਹੀ ਹੋਵੇਗੀ ਕਿ ਚੌਥਾ ਵਿਸ਼ਵ ਯੁੱਧ ਫਿਰ ਡਾਂਗਾਂ-ਸੋਟਿਆਂ ਅਤੇ ਬਰਛੇ-ਭਾਲਿਆਂ ਨਾਲ ਹੀ ਲੜਿਆ ਜਾਏਗਾ।" (ਪੜ੍ਹੋ, ਆਲਡੂਅਸ ਹੱਕਸਲੇ ਦਾ ਚਰਚਿਤ ਲੇਖ 'ਵਰਲਡ ਗਵਰਨਮੈਂਟ')

ਮੈਂ ਡਾ. ਡੀ.ਪੀ. ਸਿੰਘ ਨੂੰ ਏ.ਆਈ. ਨਾਲ ਜੋੜ ਕੇ ਅਜਿਹੀਆਂ ਕਲਪਿਤ ਕਹਾਣੀਆਂ ਲਿਖਣ 'ਤੇ ਆਪਣੇ ਵੱਲੋਂ ਢੇਰ ਸਾਰੀ ਵਧਾਈ ਦਿੰਦਾ ਹਾਂ, ਕਿਉਂਕਿ ਉਨ੍ਹਾਂ ਨੇ ਅਜਿਹੇ ਦਿਲਚਸਪ ਵਿਸ਼ੇ ਵੱਲ ਸਾਡਾ ਸਾਰਿਆਂ ਦਾ ਧਿਆਨ ਦਿਵਾਇਆ ਹੈ। ਇਸ ਦੇ ਨਾਲ ਹੀ ਮੈਂ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹਾਂ। ਇਹ ਪੁਸਤਕ 'ਐਮਾਜ਼ੋਨ' ਦੁਆਰਾ 'ਐਮਾਜ਼ੋਨ ਡੌਟ ਕੌਮ' ਅਤੇ "ਐਮਾਜ਼ੋਨ ਡੌਟ ਸੀਏ" ਵੈੱਬ ਲਿੰਕਾਂ ਰਾਹੀਂ ਆਮ ਖ਼ਰੀਦੋ-ਫਰੋਖ਼ਤ ਲਈ ਉਪਲੱਬਧ ਕਰਾਈ ਗਈ ਹੈ। ਪੇਪਰ-ਬੈਕ ਵਿਚ ਛਪੀ 205 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ ਪਬਲਿਸ਼ਰ 'ਕੈਨਬਰਿੱਜ ਪਬਲੀਕੇਸ਼ਨ, ਮਿਸੀਸਾਗਾ ਵੱਲੋਂ ਬੜੀ ਵਾਜਬ ਕੇਵਲ 10 ਅਮਰੀਕਨ ਡਾਲਰ (13 ਕੈਨੇਡੀਅਨ ਡਾਲਰ) ਰੱਖੀ ਗਈ ਹੈ।

# ਕਹ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ

ਡਾ. ਸਤਿੰਦਰ ਪਾਲ ਸਿੰਘ
ਸਿਡਨੀ (ਆਸਟ੍ਰੇਲੀਆ)
ਈ ਮੇਲ : akaalpurkh.7@gmail.com
ਪੰਜਾਬ ਮੇਲ USA



ਦਸਵੀਂ ਨਾਨਕ ਜੋਤ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਤਾ ਕਾਲ ਕਈ ਅਰਥਾਂ ਵਿਚ ਬੇਮਿਸਾਲ ਸੀ। ਇਹ ਕਾਲ ਗੁਰੂ ਨਾਨਕ ਸਾਹਿਬ ਦੇ ਅਲੋਲ ਤੇ ਨਿਰੋਲ ਪੰਥ ਨੂੰ ਅਧਿਆਤਮਕ ਸਮਰੱਥਾ ਦਾ ਸ਼ਿਖਰ ਪ੍ਰਦਾਨ ਵਾਲਾ ਸਾਬਤ ਹੋਇਆ। ਇਹ ਅਦਭੁੱਤ ਸੀ ਕਿ ਸਿੱਖ ਪੰਥ ਵਿਚ ਪੈਦਾ ਹੋਈਆਂ ਸਭ ਤੋਂ ਵਿਕਟ ਪ੍ਰਸਥਿਤੀਆਂ ਨਾਲ ਜੂਝਣ ਦਾ ਸੰਕਲਪ ਨੌਂ ਸਾਲ ਦੀ ਆਯੂ ਵਿਚ ਹੀ ਗੁਰੂ ਸਾਹਿਬ ਅੰਦਰ ਭੱਖਦਾ ਸੂਰਜ ਬਣ ਕੇ ਉਦੈ ਹੋ ਚੁੱਕਿਆ ਸੀ। ਇਸ ਦੀ ਪ੍ਰਤੀਤ ਹੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਬਿਨਾਂ ਸੰਕੋਚ ਕਸ਼ਮੀਰ ਦੇ ਬ੍ਰਾਹਮਣਾਂ ਦੀ ਪੁਕਾਰ 'ਤੇ ਸੀਸ ਵਾਰਨ ਦਾ ਨਿਰਣਾਂ ਲੈਣ 'ਚ ਸਹਾਈ ਹੋਈ। ਪਰ ਇਹ ਬਹੁਤ ਹੀ ਚੁਣੌਤੀ ਭਰਿਆ ਸੀ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸਿੱਖ ਸੰਗਤ ਨੂੰ ਅਵਾਕ ਕਰ ਦੇਣ ਵਾਲੀ ਸੀ। ਇਹ ਸਮਾਂ ਫ਼ੈਸਲਾਕੁੰਨ ਸੀ ਕਿ ਭਵਿੱਖ ਦੀ ਦਿਸ਼ਾ ਕੀ ਹੋਵੇਗੀ। ਸਿੱਖਾਂ ਅੰਦਰ ਇਹ ਭਰੋਸਾ ਪੈਦਾ ਕਰਨਾ ਬਹੁਤ ਜ਼ਰੂਰੀ ਸੀ ਕਿ ਸਾਕਤ ਦੇ ਵਿਰੁੱਧ ਆਪਣੇ ਸਿਧਾਂਤਾਂ ਅਤੇ ਸੱਚ 'ਤੇ ਡੱਟ ਕੇ ਖੜ੍ਹੇ ਹੋਇਆ ਜਾ ਸਕਦਾ ਹੈ ਤੇ ਫਤਿਹ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਰਾਹ ਔਕੜਾਂ ਭਰੀ ਸੀ। ਔਰੰਗਜੇਬ ਨੂੰ ਸਿੱਖ ਪੰਥ ਦੀ ਚੜ੍ਹਦੀਕਲਾ ਕਦੇ ਵੀ ਰਾਸ ਨਹੀਂ ਆ ਸਕਦੀ ਸੀ। ਸਗੋਂ ਉਹ ਸਿੱਖਾਂ ਦੇ ਆਤਮ ਬਲ ਨੂੰ ਸਦਾ ਲਈ ਤੋੜਨਾ ਚਾਹੁੰਦਾ ਸੀ, ਤਾਂ ਜੋ ਉਸ ਦਾ ਰਾਜ ਨਿਹਕੰਟਕ ਰਹੇ। ਪੰਜਾਬ ਦੇ ਹਿੰਦੂ ਰਾਜੇ ਵੀ ਸਥਾਨਕ ਈਰਖਾ ਕਾਰਨ ਸਿੱਖਾਂ ਨੂੰ ਉਭਰਦੇ ਨਹੀਂ ਦੇਖਣਾ ਚਾਹੁੰਦੇ ਸਨ। ਨਤੀਜਤਨ ਮੁਗਲਾਂ ਤੇ ਹਿੰਦੂ ਰਾਜਿਆਂ ਵਿਚ ਨੇੜਤਾ ਤੇ ਸਾਂਝੀਵਾਲਤਾ ਬਣ ਗਈ ਸੀ। ਔਰੰਗਜੇਬ ਦੇ ਰਾਜ ਵਿਚ ਦੇਸ਼ ਦੇ ਧਾਰਮਿਕ, ਸਮਾਜਿਕ, ਸਿਆਸੀ ਹਾਲਾਤ ਜਿਵੇਂ ਵਿਗੜ ਰਹੇ ਸਨ, ਸਿੱਖ ਫਲਸਫੇ ਦਾ ਪ੍ਰਚਾਰ, ਪ੍ਰਸਾਰ ਅਤਿ ਕਠਿਨ ਹੋ ਗਿਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਥਿਤੀਆਂ ਨਾਲ ਨਿਪਟਨ ਲਈ ਸਹਿਜਤਾ ਨੂੰ ਆਪਣਾ ਮੁੱਖ ਅਸਤ੍ਰ ਬਣਾਇਆ "ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ"। ਇਹ ਗੁਰਬਾਣੀ ਦਾ ਨਿਹਾਇਤ ਹੈਰਤਅੰਗੇਜ਼ ਦ੍ਰਿਸ਼ਟੀਕੋਣ ਹੈ ਕਿ ਗਿਆਨ ਨੂੰ ਵੀ ਇੱਕ ਮਾਰਕ ਅਸਤ੍ਰ ਬਣਾਇਆ ਜਾ ਸਕਦਾ ਹੈ ਅਤੇ ਇਸ ਅਸਤ੍ਰ ਨਾਲ ਕਾਲ ਨੂੰ ਵੀ ਵੰਗਾਰ ਕੇ ਮਾਰਿਆ ਜਾ ਸਕਦਾ ਹੈ। ਗੁਰੂ ਰਾਮਦਾਸ ਸਾਹਿਬ ਦੇ ਇਸ ਵਚਨ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੱਖਰ ਦਰ ਅੱਖਰ ਸੱਚ ਸਿੱਧ ਕੀਤਾ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਹਿਜਤਾ ਆਤਮਿਕ ਗਿਆਨ ਤੋਂ ਹੀ ਨਿਕਲਿਆ ਅਸਤ੍ਰ ਸੀ, ਜਿਸ ਨੇ ਪਾਉਂਟਾ ਸਾਹਿਬ ਵਿਚ ਕਲਮ ਬਣ ਕੇ ਵਿਲੱਖਣ ਸਾਹਿਤ ਸਿਰਜਿਆ, ਆਨੰਦਪੁਰ ਸਾਹਿਬ ਵਿਚ ਖੰਡਾ ਬਣ ਕੇ ਲੋਹੇ ਦੇ ਬਾਟੇ ਵਿਚੋਂ ਅੰਮ੍ਰਿਤ ਪ੍ਰਗਟ ਕੀਤਾ, ਚਮਕੌਰ ਦੀ ਗੜ੍ਹੀ ਵਿਚ ਤੀਰ ਬਣ ਕੇ ਵੈਰੀ ਦਾ ਦਮ ਤੋੜਿਆ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦੇ ਸਮੇਂ ਸਿੱਖੀ ਦੀਆਂ ਤਿੰਨ ਧਾਰਾਵਾਂ ਪ੍ਰਗਟ ਹੋਈਆਂ ਸਨ। ਇੱਕ ਧਾਰਾ ਭਾਈ ਲੱਖੀ ਸ਼ਾਹ ਸਨ, ਜਿਨ੍ਹਾਂ ਆਪਣਾ ਸਭ ਕੁੱਝ ਵਾਰ ਕੇ ਗੁਰੂ ਦਾ ਸਨਮਾਨ ਕੀਤਾ। ਦੂਜੀ ਧਾਰਾ ਭਾਈ ਜੈਤਾ ਜੀ ਦੀ ਸੀ, ਜਿਨ੍ਹਾਂ ਬੜੀ ਸੂਝਬੂਝ ਤੇ ਹੌਂਸਲੇ ਨਾਲ ਗੁਰੂ ਸਾਹਿਬ ਦਾ ਸੀਸ ਛੇਵੇਂ ਦਿਨ ਦਿੱਲੀ ਤੋਂ ਆਨੰਦਪੁਰ ਸਾਹਿਬ ਪੁਜਾਇਆ ਸੀ। ਤੀਜੀ ਧਾਰਾ ਭਾਈ ਮਤੀ ਦਾਸ ਜੀ, ਭਾਈ ਜਤੀ ਦਾਸ ਜੀ ਤੇ ਭਾਈ ਦਿਆਲ ਦਾਸ ਜੀ ਦੀ ਸੀ, ਜਿਨ੍ਹਾਂ ਸਿੱਧਾ ਟਾਕਰਾ ਲੈ ਕੇ ਸਾਕਤ ਦੇ ਜ਼ੁਲਮ ਨੂੰ ਸਹਾਰਿਆ ਤੇ ਅਡਿੱਗ ਰਹਿ ਕੇ ਜਾਨਾਂ ਵਾਰੀਆਂ। ਗੁਰੂ ਗੋਬਿੰਦ ਸਿੰਘ ਸਾਹਿਬ ਅੱਗੇ ਚੁਣੌਤੀ ਇਨ੍ਹਾਂ ਤਿੰਨਾਂ ਧਾਰਾਵਾਂ ਦਾ ਸੰਗਮ ਕਰ ਇੱਕ ਅਜਿਹੀ ਕੌਮ ਤਿਆਰ ਕਰਨ ਦੀ ਸੀ, ਜਿਸ ਅੰਦਰ ਗੁਰੂ ਲਈ ਅਥੱਕ ਸ਼ਰਧਾ ਵੀ ਹੋਵੇ, ਪੂਰਨ ਹਿੰਮਤ ਭਰੀ ਸੂਝਬੂਝ ਹੋਵੇ ਤੇ ਸਿਧਾਂਤਾਂ ਲਈ ਤਨ, ਮਨ ਨਾਲ ਡੱਟ ਕੇ ਖੜ੍ਹੇ ਹੋਣ ਦਾ ਸਮਰਪਣ ਵੀ ਹੋਵੇ। ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹਰ ਵਿਘਨ ਨੂੰ ਪਾਰ ਕਰਦਿਆਂ ਇਹ ਕਮਾਲ ਕਰ ਵਿਖਾਇਆ।

ਕਿਸੇ ਵੀ ਮਨੋਰਥ ਦੀ ਪ੍ਰਾਪਤੀ ਲਈ ਆਤਮ ਬਲ ਦੀ ਮੁੱਖ ਭੂਮਿਕਾ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ਸਵੈਮਾਣ ਦਾ ਹਿੱਸਾ ਬਣਾਉਣ ਲਈ ਸਿੱਖਾਂ ਅੰਦਰ ਸ਼ਸਤਰ ਵਿਦਿਆ, ਘੋੜ ਸਵਾਰੀ, ਸ਼ਿਕਾਰ, ਤੈਰਾਕੀ ਆਦਿਕ ਪ੍ਰਤੀ ਰੁਚੀ ਵਧਾਈ। ਉਨ੍ਹਾਂ ਅੰਦਰ ਸੂਰਮਤਾਈ ਜਗਾਉਣ ਲਈ ਢਾਡੀ ਬੁਲਾਏ, ਜੋ ਵੀਰ ਰਸ ਦੀਆਂ ਵਾਰਾਂ ਗਾਉਂਦੇ। ਸੰਨ 1682 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇੱਕ ਵੱਡਾ ਧੌਂਸਾ ਤਿਆਰ ਕੀਤਾ, ਜਿਸ ਨੂੰ ਰਣਜੀਤ ਨਗਾਰਾ ਦਾ ਨਾਮ ਦਿੱਤਾ। ਉਸ ਸਮੇਂ ਆਪ ਦੀ ਆਯੂ ਕੇਵਲ 16 ਸਾਲ ਸੀ। ਨਗਾਰਾ ਫੌਜ ਨੂੰ ਆਲਸ ਤੋਂ ਕੱਢਣ ਤੇ ਕਮਰ ਕੱਸ ਲੈਣ ਲਈ ਵਜਾਇਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਸੱਤ ਸਾਲ ਲੱਗੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਪੈਦਾ ਹੋਈ ਮਨੋਦਸ਼ਾ ਤੋਂ ਸਿੱਖਾਂ ਨੂੰ ਕੱਢਣ 'ਤੇ "ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥" ਦੇ ਮਿਸ਼ਨ ਲਈ ਤਿਆਰ ਕਰਨ 'ਚ। ਰਣਜੀਤ ਨਗਾਰਾ ਵਜਾਇਆ ਜਾਂਦਾ ਤਾਂ ਸਿੱਖਾਂ ਅੰਦਰ ਸਵੈਮਾਣ ਦੀਆਂ ਤਰੰਗਾਂ ਉੱਠਣ ਲੱਗ ਪੈਂਦੀਆਂ। ਸਿੱਖਾਂ ਅੰਦਰ ਭਾਈ ਲੱਖੀ ਸ਼ਾਹ ਜਿਹੀ ਨਿਰਭੈਤਾ ਵਿਕਸਿਤ ਹੋਣ ਲੱਗ ਪਈ। ਇਸ ਨਿਰਭੈਤਾ ਨੂੰ ਗੁਰਬਾਣੀ ਦਾ ਅਡੋਲ ਆਧਾਰ ਪ੍ਰਾਪਤ ਹੁੰਦਾ ਰਿਹਾ। ਗੁਰੂ ਨਾਨਕ ਸਾਹਿਬ ਦੀ ਥਾਪੀ ਸਵੇਰੇ ਅਤੇ ਸੰਧਿਆ ਵੇਲੇ ਦੇ ਨਿਤਨੇਮ ਤੇ ਸਤਿਸੰਗ ਦੀ ਪਰੰਪਰਾ ਨਿਰੰਤਰ ਚੱਲ ਰਹੀ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਅਡਿੱਗ ਨਿਤਨੇਮ ਸਿੱਖ ਸੰਗਤ ਲਈ ਪ੍ਰੇਰਨਾ ਦਾ ਸ੍ਰੋਤ ਸੀ। ਗੁਰੂ ਸਾਹਿਬ ਆਪ ਅਨੇਕ ਭਾਸ਼ਾਵਾਂ ਦੇ ਗਿਆਤਾ ਸਨ ਤੇ ਅਧਿਆਤਮਕ ਗਿਆਨ ਦਾ ਸਾਗਰ ਸਨ। ਆਪ ਨੇ ਸਿੱਖਾਂ ਨੂੰ ਗਿਆਨ ਪੱਖੋਂ ਵੀ ਅਵੇਸਲਾ ਨਾ ਹੋਣ ਦਿੱਤਾ। ਪਾਉਂਟਾ ਸਾਹਿਬ ਵਿਚ ਗੁਰੂ ਸਾਹਿਬ ਨੇ ਗਿਆਨ ਦਾ ਮਹਾ ਦਰਬਾਰ ਲਾਇਆ, ਜਿਸ ਵਿਚ ਕੋਨੇ-ਕੋਨੇ ਤੋਂ ਚੋਣਵੇਂ ਵਿਦਵਾਨ, ਕਵੀ ਆਏ। ਇਨ੍ਹਾਂ ਕੋਲੋਂ ਗੁਰੂ ਸਾਹਿਬ ਨੇ ਪ੍ਰੇਰਕ ਸਾਹਿਤ ਰਚਵਾਇਆ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾਤਮਕ ਮਹਾਨਤਾ ਬਾਰੇ ਲਿਖਣਾ ਸੂਰਜ ਨੂੰ ਦੀਵਾ ਦਿਖਾਉਣ ਜਿਹਾ ਹੈ ਪਰ ਆਪ ਨੇ ਜਿਵੇਂ ਕਵੀਆਂ, ਰਚਨਾਕਾਰਾਂ ਦਾ ਸਨਮਾਨ ਕੀਤਾ, ਉਨ੍ਹਾਂ ਦੀਆਂ ਭੌਤਿਕ ਲੋੜਾਂ ਪੂਰੀਆਂ ਕੀਤੀਆਂ, ਉਹ ਅੱਜ ਦੇ ਸਮੇਂ ਵਿਚ ਵੀ ਆਦਰਸ਼ ਹਨ। ਸਿੱਖਾਂ ਨੂੰ ਬਨਾਰਸ ਭੇਜ ਕੇ ਸੰਸਕ੍ਰਿਤ ਭਾਸ਼ਾ ਦੀ ਸਿੱਖਿਆ ਦਿਵਾਉਣਾ ਤੇ ਉਨ੍ਹਾਂ ਕੋਲੋਂ ਗ੍ਰੰਥਾਂ ਦੇ ਅਨੁਵਾਦ ਕਰਾਉਣਾ ਗੁਰੂ ਸਾਹਿਬ ਦੀ ਸਾਹਿਤਕ ਉਦਾਰਤਾ ਤੇ ਗਿਆਨ ਦੇ ਹਰ ਪੱਖ ਨੂੰ ਸਮਝਣ, ਪਰਖਣ ਦੀ ਗੰਭੀਰ ਅਭਿਲਾਸ਼ਾ ਦਾ ਪ੍ਰਤੀਕ ਸੀ। ਗੁਰੂ ਸਾਹਿਬ ਦੀ ਮੰਸ਼ਾ ਸਿੱਖਾਂ ਨੂੰ ਗਿਆਨ ਦੀ ਪਰਿਪੱਕਤਾ ਬਖਸ਼ਣਾ ਸੀ। ਗਿਆਨ ਤੋਂ ਹੀ ਧਰਮ ਨੂੰ ਸਮਝਣ, ਭਗਤੀ ਕਰਨ ਤੇ ਸਚਿਆਰ ਜੀਵਨ ਜਿਉਣ ਯੋਗ ਗੁਣ ਪ੍ਰਾਪਤ ਹੁੰਦੇ ਹਨ। ਪਰ ਨਿਰਾ ਗਿਆਨ ਨਹੀਂ ਕਾਫੀ ਸੀ। ਗਿਆਨ ਤਾਂ ਧਰਮ ਚਲਾਵਨ ਸੰਤ ਉਬਾਰਨ ਲਈ ਸੀ, ਜੋ ਭਾਈ ਲੱਖੀ ਸ਼ਾਹ ਤੇ ਭਾਈ ਜੈਤਾ ਜੀ ਵਿਚ ਪ੍ਰਗਟ ਹੋਇਆ ਸੀ। ਗਿਆਨ ਨੂੰ ਖੜਗ ਬਣਾ ਕੇ ਵਰਤਣ ਵਾਲੇ ਯੋਧਾ ਵੀ ਚਾਹੀਦੇ ਸਨ, ਤਾਂ ਕਿ ਗੁਰੂ ਸਾਹਿਬ ਦੇ ਮਿਸ਼ਨ ਦਾ ਅਗਲਾ ਹਿੱਸਾ ਦੁਸ਼ਟ ਸਭਨ ਕੋ ਮੂਲ ਉਪਾਰਨ ਵੀ ਪੂਰਾ ਹੋ ਸਕੇ। ਇਸ ਲਈ ਗੁਰੂ ਸਾਹਿਬ ਨੇ ਰਣਜੀਤ ਨਗਾਰਾ ਵਜਾਉਣ ਤੋਂ ਬਾਅਦ 17 ਸਾਲ ਦਾ ਲੰਮਾ ਸਮਾਂ ਲਿਆ। ਸੰਨ 1699 ਦੀ ਵਿਸਾਖੀ ਦੇ ਦਿਨ ਪੰਜ ਸੀਸ ਮੰਗ ਕੇ ਆਪ ਨੇ ਯੁੱਗ ਪਲਟਾਊ ਕਲਾ ਵਰਤਾਈ। ਗੁਰੂ ਸਾਹਿਬ ਨੇ ਲੋਹੇ ਦੇ ਬਾਟੇ ਵਿਚ ਤਿਆਰ ਕਰ ਪੂਰੇ ਪੰਥ ਨੂੰ ਅੰਮ੍ਰਿਤ ਦੇ ਚੁੱਲੇ ਬਖਸ਼ੇ ਖਾਲਸਾ ਸਾਜਿਆ, ਨਾਲ ਹੀ ਪੰਜੋ ਸ਼ੀਸ਼ ਵੀ ਮੋੜ ਦਿੱਤੇ। ਸੀਸ ਮੰਗਣਾਂ ਤਾਂ ਕਲਾ ਸੀ ਦੇਣ ਲਈ ਕਿਉਂਕਿ ਗੁਰੂ ਤਾਂ ਆਪ ਪੂਰਾ ਦਾਤਾ ਹੈ "ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ॥" ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮੰਗੇ ਹੋਏ ਪੰਜ ਸੀਸ ਮੋੜੇ, ਬਿਨਾ ਕੋਈ ਮੁੱਲ ਲਿਆਂ ਸਵੈਮਾਣ ਜਾਗ੍ਰਿਤ ਕਰਨ ਲਈ ਅੰਮ੍ਰਿਤ ਦੀ ਸੰਜੀਵਨੀ ਬਖਸ਼ੀ ਤੇ ਬੇਅੰਤ ਗੁਣਾਂ ਦਾ ਧਾਰਨੀ ਬਣਾ ਦਿੱਤਾ। ਗੁਰੂ ਸਾਹਿਬ ਦੇ ਸਾਜੇ ਖਾਲਸਾ ਦੇ ਗੁਣਾਂ ਨੂੰ ਕਲਮਬੱਧ ਕਰਦਿਆਂ ਗੁਰੂ ਸਾਹਿਬ ਦੇ ਸਮਕਾਲੀ ਵਿਦਵਾਨ ਭਾਈ ਨੰਦ ਲਾਲ ਜੇ ਨੇ ਕਿਹਾ ਕਿ ਖਾਲਸਾ ਨਿੰਦਾ, ਵਿਵਾਦ ਤੋਂ ਪਰੇ, ਧਰਮ ਲਈ ਅੱਗੇ ਹੋ ਕੇ ਜੂਝਣ ਵਾਲਾ, ਲੋੜਵੰਦ ਨੂੰ ਦਾਨ ਦੇਣ ਵਾਲਾ, ਆਪਣੀਆਂ ਲਾਲਸਾਵਾਂ ਮਾਰਨ ਵਾਲਾ, ਵਿਕਾਰਾਂ ਨੂੰ ਵੱਸ 'ਚ ਕਰਨ ਵਾਲਾ, ਕਰਮਕਾਂਡ ਤੋਂ ਦੂਰ, ਨਿਰਮਾਣ ਅਵਸਥਾ ਵਾਲਾ, ਇੰਦ੍ਰੀਆਂ ਦਾ ਸੰਜਮ ਰੱਖਣ ਵਾਲਾ, ਗੁਰਮਤਿ ਵਿਚ ਰਹਿਣ ਵਾਲਾ, ਨਾਮ ਸਿਮਰਨ ਕਰਨ ਵਾਲਾ, ਗੁਰਬਾਣੀ ਨੂੰ ਚਿੱਤ ਵਿਚ ਧਾਰਨ ਕਰਨ ਵਾਲਾ, ਜਤ ਰੱਖਣ ਵਾਲਾ, ਕਿਸੇ ਨੂੰ ਦੁੱਖ ਨਾ ਦੇਣ ਵਾਲਾ, ਪ੍ਰਮਾਤਮਾ ਵਿਚ ਦ੍ਰਿੜ੍ਹ ਭਰੋਸਾ ਰੱਖਣ ਵਾਲਾ, ਨਿਰਬਲ, ਨਿਰਧਨ ਦੀ ਮਦਦ ਕਰਨ ਵਾਲਾ, ਦੁਸ਼ਟ ਦਾ ਸੰਘਾਰ ਕਰਨ ਵਾਲਾ, ਆਪ ਭਗਤੀ ਕਰਨ ਤੇ ਹੋਰਨਾਂ ਨੂੰ ਭਗਤੀ ਦੀ ਪ੍ਰੇਰਨਾ ਦੇਣ ਵਾਲਾ, ਅਧਰਮ ਦਾ ਖੰਡਨ ਕਰਨ ਵਾਲਾ ਹੈ। ਭਾਈ ਨੰਦਲਾਲ ਜੀ ਨੇ ਅੱਗੇ ਕਿਹਾ ਕਿ ਧਰਮ ਦਾ ਪਾਲਕ, ਧਰਮ ਦੇ ਵੈਰੀ ਦਾ ਸੰਘਾਰਕ ਅਤੇ ਸੀਸ ਤਲੀ 'ਤੇ ਰੱਖ ਕੇ ਚੱਲਣ ਵਾਲਾ ਮਹਾਬਲੀ "ਸਵਾ ਲਾਖ ਜਬ ਧੁਖੇ ਪਲੀਤਾ, ਤਬ ਖਾਲਸਾ ਉਦੇ ਅਸਤ ਲੌ ਜੀਤਾ" ਤੇ ਅਜਿੱਤ ਕਿਹਾ। ਸਿੱਖ ਸੰਤ ਸਿਪਾਹੀ ਬਣ ਗਏ। ਮੁਗਲਾਂ ਤੇ ਬਾਈ ਧਾਰ ਦੇ ਹਿੰਦੂ ਰਾਜਿਆਂ ਦੀ ਸਮੂਹਿਕ ਤਾਕਤ ਅਥਾਹ ਹੋਏ ਕੇ ਵੀ ਖਾਲਸਾ ਦੀ ਤਾਕਤ ਜੋ ਦਰਅਸਲ "ਸੰਤ ਸਿਪਾਹੀ ਸੰਕਲਪ" ਦੀ ਤਾਕਤ ਸੀ, ਅੱਗੇ ਟਿਕ ਨਹੀਂ ਪਾਈ। ਗੁਰੂ ਗੋਬਿੰਦ ਸਿੰਘ ਸਾਹਿਬ ਜੇ ਗੁਰਿਆਈ ਦੇ ਆਰੰਭਿਕ ਕਾਲ ਵਿਚ ਗੁਣਾਂ ਦੇ ਨਾਇਕ ਵਜੋਂ ਵਿਖਾਈ ਦਿੱਤੇ, ਮੱਧ ਕਾਲ ਵਿਚ ਗਿਆਨ ਦੀ ਪਰਮ ਸੱਤਾ ਅਤੇ ਨਿਰਣਾਇਕ ਕਾਲ ਵਿਚ ਮਹਾਨ ਸੂਰਵੀਰ ਦੇ ਰੂਪ ਵਿਚ ਨਜ਼ਰ ਆਏ। ਸੰਨ 1705 ਤੋਂ ਸੰਨ 1708 ਦਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਤਾਕਾਲ ਪੰਥ ਦਾ ਭਵਿੱਖ ਤੈਅ ਕਰਨ ਤੇ ਪੰਥ ਨੂੰ ਹਰ ਦੁਵਿਧਾ, ਭਰਮ ਤੋਂ ਉਬਾਰਨ ਦਾ ਕਾਲ ਸੀ। ਦਮਦਮਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਬਖਸ਼ਣਾ ਅਤੇ ਹਜ਼ੂਰ ਸਾਹਿਬ ਨਾਂਦੇੜ ਵਿਚ ਗੁਰਤਾਗੱਦੀ 'ਤੇ ਵਿਰਾਜਮਾਨ ਕਰ ਗੁਰੂ ਸਾਹਿਬ ਨੇ ਹਰ ਜਿਗਿਆਸਾ ਤੇ ਭਵਿੱਖ ਵਿਚ ਭਰਮ ਪੈਦਾ ਕਰਨ ਦੇ ਕਿਸੇ ਵੀ ਬਦਨੀਅਤ ਜਤਨ 'ਤੇ ਵਿਰਾਮ ਲਗਾ ਦਿੱਤਾ। ਦੇਹ ਗੁਰੂ ਨੂੰ ਸ਼ਬਦ ਗੁਰੂ ਵਿਚ ਸਥਾਪਿਤ ਕਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇੱਕ ਅਜਿਹਾ ਮਹਾਨ ਉਪਕਾਰ ਕੀਤਾ, ਜਿਸ ਦਾ ਧਰਮ ਜਗਤ ਵਿਚ ਕੋਈ ਸਾਨੀ ਨਹੀਂ ਹੈ। ਭਵਿੱਖ ਵਿਚ ਹੋਣ ਵਾਲਿਆਂ ਗੁਰਗੱਦੀ ਦੇ ਵਿਵਾਦ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਮੂਲ ਹੀ ਸਮਾਪਤ ਕੀਤਾ ਹੀ, ਗੁਰੂ ਸਾਹਿਬ ਨੇ ਕਿਸੇ ਵੀ ਸਿਧਾਂਤਕ ਬਦਲ ਜਾਂ ਸੋਧ ਦੀ ਤਿਲ ਮਾਤਰ ਵੀ ਗੁੰਜਾਇਸ਼ ਨਹੀਂ ਰਹਿਣ ਦਿੱਤੀ।

ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਰਿਵਾਰ ਦੀਆਂ ਸ਼ਹੀਦੀਆਂ ਕਾਰਨ ਸਰਬੰਸਦਾਨੀ ਵੀ ਕਿਹਾ ਜਾਂਦਾ ਹੈ। ਇਹ ਸੀਮਤ ਦ੍ਰਿਸ਼ਟੀ ਦੀ ਸਮਝ ਹੈ। ਗੁਰੂ ਸਾਹਿਬ ਸੱਚੇ ਸਰਬੰਸਦਾਨੀ ਸਨ ਕਿਉਂਕਿ ਆਪਣਾ ਕੁੱਝ ਗੁਰੂ ਸਾਹਿਬ ਨੇ ਪਾਸ ਰੱਖਿਆ ਹੀ ਨਹੀਂ, ਜੋ ਸਿੱਖ ਪੰਥ ਨੂੰ ਅਰਪਣ ਨਾ ਕਰ ਦਿੱਤਾ ਹੋਵੇ। ਗੁਰੂ ਸਾਹਿਬ ਨੇ ਸਿੱਖ ਵਿਚ ਆਪਣੀ ਹੋਂਦ ਨੂੰ ਹੀ ਰਲਾ ਦਿੱਤਾ ਤੇ "ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹੌ ਕਰੌ ਨਿਵਾਸ" ਦੀ ਭਾਵਨਾ ਨੂੰ ਜੀਵੰਤ ਕਰਦਿਆਂ ਆਪਣਾ ਪ੍ਰਤਿਰੂਪ ਬਣਾ ਦਿੱਤਾ। ਇਸ ਤੋਂ ਵੱਡਾ ਦਾਨ ਹੋਰ ਕੀ ਹੋ ਸਕਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਆਪਾ ਪੰਥ ਨੂੰ ਭੇਟ ਕਰ ਚੁੱਕੇ ਸਨ ਤੇ ਪੰਥ ਵਿਚ ਹੀ ਆਪਣਾ ਰੂਪ ਵੇਖ ਰਹੇ ਸਨ। ਪੰਥ ਹੀ ਗੁਰੂ ਸਾਹਿਬ ਲਈ ਸਭ ਕੁਝ ਸੀ, ਆਪਣੇ ਦਾ ਵਿਚਾਰ ਹੀ ਨਹੀਂ ਸੀ "ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ, ਚਾਰ ਮੁਏ ਤੋਂ ਕਿਆ ਹੁਆ ਜੀਵਤ ਕਈ ਹਜਾਰ"। ਇਹ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਜਰਨ ਤੋਂ ਜ਼ਿਆਦਾ ਪੰਥ ਨੂੰ ਆਪਣਾ ਪਰਿਵਾਰ ਮੰਨਣ ਤੇ ਪੰਥ ਲਈ ਪੂਰਨ ਸਮਰਪਣ ਦਾ ਪ੍ਰਗਟਾਵਾ ਕਰਨਾ ਸੀ। ਇਹ ਹਲੀਮੀ ਤੇ ਨਿਰਮਲਤਾ ਸੀ, ਜੋ ਪਰਮਾਤਮਾ ਤੁੱਲ ਬਣਾਉਂਦੀ ਸੀ। ਇਹ ਨਿਰਮਲਤਾ ਹੀ ਸੀ ਕਿ ਦਮਦਮਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਕਰਦਿਆਂ ਦਸਮ ਪਿਤਾ ਲਈ ਅਵਸਰ ਸੀ ਕਿ ਉਹ ਆਪਣੀ ਬਾਣੀ ਵੀ ਜੋੜ ਸਕਦੇ। ਪਰ ਗੁਰੂ ਸਾਹਿਬ ਨੇ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਦੀ ਹੀ ਬਾਣੀ ਜੋੜੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਣਤਾ, ਸਿੱਖ ਪੰਥ ਦੀ ਸਿਧਾਂਤਕ ਸੰਪੂਰਣਤਾ ਸੀ, ਜਿਸ ਨੂੰ ਸੰਨ 1708 'ਚ ਗੁਰਤਾਗੱਦੀ ਸੌਂਪ ਕੇ ਗੁਰੂ ਸਾਹਿਬ ਨੇ ਅਧਿਕਾਰਤ ਸਥਿਤੀ ਪ੍ਰਦਾਨ ਕੀਤੀ। ਗੁਰੂ ਸਾਹਿਬ ਆਪ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਹੀ ਜਾਪ ਕਰਦੇ ਸਨ। ਇਹ ਬਹੁਤ ਹੀ ਮੰਦਭਾਗਾ ਹੈ ਕਿ ਅਖੌਤੀ ਸਿੱਖ ਵਿਦਵਾਨਾਂ ਦਾ ਇੱਕ ਵਰਗ ਗੁਰੂ ਸਾਹਿਬ ਦੇ ਨਾਮ ਤੇ ਬਾਣੀ ਵਿਸ਼ੇਸ਼ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਮਾਨ ਸਥਾਪਿਤ ਕਰਨ ਦਾ ਜਤਨ ਕਰਦਾ ਆਇਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਰਬੰਸ ਦਾਨ ਦੀ ਭਾਵਨਾ ਅਤੇ ਨਿਰਮਲਤਾ ਦਾ ਇਸ ਤੋਂ ਵੱਧ ਨਿਰਾਦਰ ਹੋਰ ਨਹੀਂ ਹੋ ਸਕਦਾ। ਕੁਤਰਕ ਬਹੁਤ ਹੋ ਸਕਦੇ ਹਨ ਪਰ ਸੰਨ 1708 ਦੀ ਹਜ਼ੂਰ ਸਾਹਿਬ, ਨੰਦੇੜ ਦੀ ਉਸ ਭਾਵਨਾ ਨਾਲ ਹਰਗਿਜ ਮੇਲ ਨਹੀਂ ਖਾਂਦੇ, ਜਿਸ ਤਹਿਤ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ 'ਤੇ ਵਿਰਾਜਮਾਨ ਕੀਤਾ। ਜੋ ਗੁਰੂ ਦਾ ਹੈ, ਉਹ ਗੁਰੂ ਦੀ ਮੰਨੇਗਾ। ਜਿਸ ਨੇ ਆਪਣੀ ਮਨਾਉਣੀ ਹੈ, ਉਹ ਗੁਰੂ ਦਾ ਨਹੀਂ ਹੋ ਸਕਦਾ। ਇਹ ਦਸਮ ਪਿਤਾ ਦਾ ਫੈਸਲਾ ਸੀ ਕਿ ਪੰਥ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰੌਸ਼ਨੀ ਵਿਚ ਹੀ ਚੱਲਣਾ ਹੈ, ਜਿਸ ਵਿਚ ਨਾ ਕੋਈ ਰਲੇਵਾਂ ਹੋ ਸਕਦਾ ਹੈ ਤੇ ਨਾ ਹੀ ਇਹ ਕਿਸੇ ਵਿਚ ਰਲਾਈ ਜਾ ਸਕਦੀ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਸਾਜਿਆ ਜੋ ਭਾਈ ਸਤੀ ਦਾਸ, ਭਾਈ ਮਤੀ ਦਾਸ, ਭਾਈ ਦਿਆਲ ਦਾਸ ਜੀ ਜਿਹਾ ਗੁਰੂ ਤੇ ਗੁਰਸਿੱਖੀ ਤੇ ਆਪਣੀ ਜਿੰਦ ਵਾਰਨ ਵਾਲਾ ਹੋਵੇ, ਜੋ ਭਾਈ ਲੱਖੀ ਸ਼ਾਹ ਜਿਹਾ ਸਨਮਾਨ ਗੁਰੂ ਨੂੰ ਦੇਣਾ ਜਾਣਦਾ ਹੋਵੇ ਤੇ ਜੋ ਭਾਈ ਜੈਤਾ ਜੀ ਜਿਹੀ ਸੂਝਬੂਝ ਨਾਲ ਧਰਮ ਦੇ ਕਾਰਜ ਸਿਰੇ ਚਾੜ੍ਹਨ ਦੀ ਯੋਗਤਾ ਰੱਖਦਾ ਹੋਵੇ। ਹਰ ਦੁਵਿਧਾ, ਹਰ ਭੈ ਤੋਂ ਉਬਰਨ ਤੋਂ ਬਾਅਦ ਹੀ ਇਹ ਭਾਵਨਾ ਤੇ ਗੁਣ ਧਾਰਨ ਕੀਤੇ ਜਾ ਸਕਦੇ ਹਨ। ਇਸ ਵਿਚ ਸਿੱਖ ਪੰਥ ਦੀ ਚੜ੍ਹਦੀਕਲਾ ਤਾਂ ਨਿਹਿਤ ਹੈ ਹੀ, ਪੂਰੀ ਮਨੁੱਖਤਾ ਦਾ ਹਿੱਤ ਵੀ ਪੂਰਾ ਹੁੰਦਾ ਹੈ। ਜੋ ਗੁਰੂ ਗੋਬਿੰਦ ਸਿੰਘ ਸਾਹਿਬ ਮਨੁੱਖਤਾ ਲਈ ਕਰ ਗਏ, ਕੌਣ ਕਰ ਸਕੇਗਾ। 23 ਨਵੰਬਰ, ਸੰਨ 2025 ਨੂੰ ਸਿੱਖ ਪੰਥ ਗੁਰੂ ਗੋਬਿੰਦ ਸਿੰਘ ਸਾਹਿਬ ਦਾ 350 ਸਾਲਾ ਗੁਰਤਾ ਗੱਦੀ ਦਿਵਸ ਮਨਾਉਣ ਜਾ ਰਿਹਾ ਹੈ। ਇਹ ਅਵਸਰ ਹੈ ਸੰਕਲਪ ਲੈਣ ਦਾ ਕਿ ਪੰਥ ਗੁਰੂ ਸਾਹਿਬ ਦੀ ਸਰਬੰਸ ਦਾਨ ਦੀ ਵਿਆਪਕ ਸੋਚ ਦਾ ਸਨਮਾਨ ਕਰਦਿਆਂ ਆਪਣੇ ਅੰਦਰ ਗੁਰੂ ਦੇ ਯੋਗ ਬਣਨ ਵੱਲ ਜਤਨਸ਼ੀਲ ਹੋਵੇ।



# ਸੰਗੀਤਕ ਫ਼ਿਜ਼ਾ ਅੰਦਰ 'ਸੰਦਲੀ ਪੌਣਾਂ' ਬਣ ਕੇ ਰੁਮਕਦੇ ਰਹਿਣਗੇ ਸਰਦੂਲ ਸਿਕੰਦਰ ਦੇ ਗਾਏ ਗੀਤ

ਪੰਜਾਬੀ ਮਾਂ ਬੋਲੀ ਦੇ ਪ੍ਰਸਿੱਧ ਕਲਾਕਾਰ ਤੇ ਸਹੀ ਮਾਅਨਿਆਂ ਵਿਚ ਪੰਜਾਬੀ ਗਾਇਕੀ ਨੂੰ ਪ੍ਰਣਾਏ ਤੇ ਹੰਢੇ ਹੋਏ ਗਵੱਈਏ ਸਰਦੂਲ ਸਿਕੰਦਰ ਨੂੰ ਵੇਖ ਲੱਗਦਾ ਨਹੀਂ ਸੀ ਕਿ ਉਹ ਐਨੀ ਛੇਤੀ ਇਸ ਦੁਨੀਆਂ ਨੂੰ ਅਲਵਿਦਾ ਆਖ ਉਸ ਦੁਨੀਆਂ ਦਾ ਹਿੱਸਾ ਜਾ ਬਣਨਗੇ, ਜਿੱਥੋਂ ਕਦੇ ਕੋਈ ਵਾਪਸ ਨਹੀਂ ਮੁੜਿਆ। ਛੋਟੇ ਹੁੰਦਿਆਂ ਸਰਦੂਲ ਸਿਕੰਦਰ ਨੂੰ ਰੱਜ ਕੇ ਰੂਹ ਨਾਲ ਸੁਣਿਆ ਤੇ ਉਨ੍ਹਾਂ ਦੀ ਗਾਇਕੀ ਨੂੰ ਮਾਣਿਆ। 'ਤੜਕ ਭੜਕ ਤੇ ਚੱਕ ਲੋ ਧਰਲੋ' ਤੋਂ ਦੂਰ ਸਰਦੂਲ ਸਿਕੰਦਰ ਨੇ ਸਦਾ ਹੀ ਮਾਂ ਬੋਲੀ ਨੂੰ ਬਣਦਾ ਮਾਣ ਤੇ ਉੱਚਾ ਰੁਤਬਾ ਦੇਣ ਦੀ ਕੋਸ਼ਿਸ਼ ਕੀਤੀ ਸੀ ਆਪਣੇ ਗੀਤਾਂ ਜ਼ਰੀਏ ਤੇ 'ਸੰਗੀਤਕ ਸਮਝੌਤਿਆਂ' ਦੀ ਪਗਡੰਡੀ 'ਤੇ ਤੁਰਨਾ ਉਨ੍ਹਾਂ ਦੀ ਫ਼ਿਤਰਤ ਨਹੀਂ ਸੀ।

ਜਦ ਵੀ ਕਦੇ ਉਨ੍ਹਾਂ ਨਾਲ ਗੱਲ ਹੋਈ, ਤਾਂ ਇਸ ਫ਼ਨਕਾਰ ਨੇ ਕਦੇ ਵੀ ਆਪਣੇ ਸ਼ਬਦਾਂ ਤੇ ਫੁਕਰਾਪੰਥੀ ਦਾ ਪਰਛਾਵਾਂ ਨਹੀਂ ਸੀ ਪੈਣ ਦਿੱਤਾ। ਨਹੀਂ ਤਾਂ ਇਸ ਰੁਤਬੇ 'ਤੇ ਪਹੁੰਚ ਕੇ ਬਹੁਤ ਸਾਰੇ ਕਲਾਕਾਰਾਂ ਦੇ ਪੈਰ ਧਰਤੀ ਨਾਲੋਂ ਗਿੱਠ ਉੱਚੇ ਹੋ ਜਾਂਦੇ ਨੇ। ਉਨ੍ਹਾਂ ਨੇ ਲੰਬਾ ਸਮਾਂ ਹਸਪਤਾਲ ਅੰਦਰ ਜ਼ਿੰਦਗੀ ਤੇ ਮੌਤ ਦੇ ਦਰਮਿਆਨ ਜੰਗ ਲੜੀ ਤੇ ਆਖ਼ਰ ਹਜ਼ਾਰਾਂ ਚਹੇਤਿਆਂ ਦੇ ਦਿਲਾਂ ਨੂੰ ਜਿੱਤਣ ਵਾਲਾ ਇਹ ਸੱਭਿਆਚਾਰ ਦਾ ਅਸਲੀ ਵਾਰਸ ਜ਼ਿੰਦਗੀ ਦੀ ਜੰਗ ਹਾਰ ਗਿਆ। ਸਰਦੂਲ ਸਿਕੰਦਰ ਦੇ ਬਹੁਤ ਸਾਰੇ ਗਾਏ ਗੀਤ ਲੋਕ ਗੀਤਾਂ ਵਿਚ ਤਬਦੀਲ ਹੋ ਗਏ, ਉਹ ਬਿਨਾਂ ਸ਼ੱਕ ਪੰਜਾਬੀ ਸੰਗੀਤ ਜਗਤ ਦਾ ਇੱਕ ਯੁੱਗ ਸਨ 'ਫੁੱਲਾਂ ਦੀਏ ਕੱਚੀਏ ਵਪਾਰਨੇ', 'ਨਜ਼ਰਾਂ ਤੋਂ ਡਿੱਗਿਆਂ ਨੂੰ', 'ਤੇਰਾ ਲਿਖਦੂੰ ਸਫੇਦਿਆਂ 'ਤੇ ਨਾਂ' ਸਮੇਤ ਬਹੁਤ ਸਾਰੇ



ਗੀਤਾਂ ਨੂੰ ਵਿਸ਼ਵ ਪੱਧਰ 'ਤੇ ਵੱਡਾ ਮਾਣ ਮਿਲਿਆ। ਉਨ੍ਹਾਂ ਨੇ ਲੰਬਾ ਸਮਾਂ ਆਪਣੀ ਧਰਮ ਪਤਨੀ ਅਤੇ ਅਦਾਕਾਰਾ ਅਮਰ ਨੂਰੀ ਦੇ ਨਾਲ ਪੰਜਾਬੀ ਸੰਗੀਤ ਜਗਤ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ ।

ਬਾਪੂ ਮਸਤਾਨਾ ਸਾਗਰ ਤੋਂ ਜ਼ਿੰਦਗੀ ਦੀਆਂ ਬਰੀਕੀਆਂ ਨੂੰ ਸਮਝ ਕੇ ਆਪਣੀ ਜ਼ਿੰਦਗੀ ਦੇ 6 ਦਹਾਕਿਆਂ ਨੂੰ ਪਾਰ ਕਰ ਚੁੱਕਿਆ ਇਹ ਅਲਬੇਲਾ ਗਵੱਈਆ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਖੇੜੀ ਨੌਧ ਸਿੰਘ ਦੇ ਨਾਲ ਸਬੰਧਤ ਸੀ ਅਤੇ ਰੈਣ ਬਸੇਰਾ ਖੰਨੇ ਸੀ। ਸਰਦੂਲ ਦੇ ਇਸ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਪੰਜਾਬੀ ਸੰਗੀਤ ਇੰਡਸਟਰੀ ਦੀ ਨਰਸਰੀ ਵਜੋਂ ਜਾਣੀ ਜਾਂਦੀ ਸ਼ਖ਼ਸੀਅਤ ਜਰਨੈਲ ਸਿੰਘ ਘੁਮਾਣ ਨੇ ਭਾਵੁਕ ਹੁੰਦਿਆਂ ਲੰਬਾ ਹਟਕੋਰਾ ਭਰ ਕੇ ਆਖਿਆ ਸੀ ਕਿ ਕਿੱਥੋਂ ਭਾਲਾਂਗੇ ਅਸੀਂ ਹੁਣ ਇਸ ਸੁਰਾਂ ਦੇ ਸਿਕੰਦਰ ਨੂੰ, ਅਜਿਹੇ ਇਨਸਾਨ ਵਿਰਲੇ ਹੀ ਪੈਦਾ ਹੁੰਦੇ ਹਨ। ਬਿਨਾਂ ਸ਼ੱਕ ਉਹ ਛੋਟੇ ਅਤੇ ਵੱਡਿਆਂ ਦਾ ਸਾਂਝਾ ਕਲਾਕਾਰ ਸੀ, ਜਿਸ ਨੇ ਸਿਵਾਏ ਸਮਾਜਿਕ ਰਿਸ਼ਤਿਆਂ ਤੇ ਸਰੋਕਾਰਾਂ ਨੂੰ ਪ੍ਰਣਾਈ ਗਾਇਕੀ ਤੋਂ ਇਲਾਵਾ ਕਦੇ ਵੀ 'ਸਮਝੌਤਿਆਂ' ਵੱਲ ਕਦਮ ਪੁੱਟ ਕੇ ਨਹੀਂ ਸੀ ਵੇਖਿਆ। ਸਰਦੂਲ ਨੇ ਲੰਮਾ ਸਮਾਂ ਆਪਣੀ ਜ਼ਿੰਦਗੀ ਅੰਦਰ ਸੰਘਰਸ਼ ਕੀਤਾ ਤੇ ਫਿਰ ਉਸ 'ਮਰਤਬੇ' ਨੂੰ ਪਾਇਆ, ਜੋ ਵਿਰਲਿਆਂ ਨੂੰ ਹੀ ਹਾਸਲ ਹੁੰਦਾ ਹੈ।

ਸਰਦੂਲ ਸਰਦੂਲ ਸਿਕੰਦਰ ਨੇ ਬਹੁਤ ਸਾਰੇ ਅਜਿਹੇ ਗੀਤਕਾਰਾਂ ਦੇ ਗੀਤਾਂ ਨੂੰ ਗਾ ਕੇ ਉਨ੍ਹਾਂ ਨੂੰ ਅਸਮਾਨ ਦੇ ਚਮਕਦੇ

ਚੇਅਰਮੈਨ ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
94634-63136
ਪੰਜਾਬ ਮੇਲ USA



ਸਿਤਾਰੇ ਬਣਾਇਆ, ਜੋ ਗਰਦਿਸ਼ ਦੀ ਹਨੇਰ ਭਰੀ ਜ਼ਿੰਦਗੀ ਜਿਉਂ ਰਹੇ ਸਨ। ਮੈਂ ਆਪਣੇ ਵਰ੍ਹਿਆਂ ਦੇ ਲਿਖਣ ਦੇ ਸਫ਼ਰ ਦੌਰਾਨ ਬਹੁਤ ਅਜਿਹੇ ਘੱਟ ਫ਼ਨਕਾਰ ਦੇਖੇ ਨੇ, ਜਿਨ੍ਹਾਂ ਦੇ ਵਿਛੋੜੇ 'ਤੇ ਲੋਕਾਂ ਨੇ ਧਾਹਾਂ ਮਾਰੀਆਂ ਹੋਣ। ਸਰਦੂਲ ਦੇ ਇਸ ਦੁਨੀਆਂ ਤੋਂ ਜਾਣ ਤੋਂ ਬਾਅਦ ਉਨ੍ਹਾਂ ਦੇ ਚਾਹੁਣ ਵਾਲਿਆਂ ਨੇ ਬੁੱਕਾਂ ਭਰ ਕੇ ਹੰਝੂ ਡੋਲ੍ਹੇ ਅਤੇ ਕਿੰਨਾ ਚਿਰ ਇਕਾਂਤ ਵਿਚ ਬੈਠ ਉਸ ਨੂੰ ਧੁਰ ਹਿਰਦੇ ਅੰਦਰੋਂ ਯਾਦ ਕੀਤਾ। ਭਾਵੇਂ ਹੁਣ ਉਹ ਸਰੀਰਕ ਤੌਰ 'ਤੇ ਇਸ ਦੁਨੀਆਂ ਵਿਚ ਨਹੀਂ ਰਹੇ ਪਰ ਉਨ੍ਹਾਂ ਦੇ ਗਾਏ ਹਜ਼ਾਰਾਂ ਗੀਤ ਇਸ ਸੰਗੀਤਕ ਧਰਤ ਦੀ ਸੰਦਲੀ ਫ਼ਿਜ਼ਾ ਅੰਦਰ 'ਪੌਣਾਂ' ਬਣ ਕੇ ਰੁਮਕਦੇ' ਰਹਿਣਗੇ ਤੇ ਉਨ੍ਹਾਂ ਦੇ ਗਾਏ ਗੀਤਾਂ ਨੂੰ ਚਾਹੁਣ ਵਾਲੇ ਦਿਲ ਦੇ ਕੋਨੇ ਅੰਦਰ ਕਿਸੇ ਸੋਹਣੇ ਸੱਜਣ ਦੇ ਗਹਿਣੇ ਵਾਂਗਰਾਂ ਸਾਂਭ ਕੇ ਜ਼ਰੂਰ ਰੱਖਣਗੇ। ਅਲਵਿਦਾ ਸੁਰਾਂ ਦੇ ਸਿਕੰਦਰ।

# ਮਾਵਾਂ ਠੰਡੀਆਂ ਛਾਵਾਂ....

ਮਾਂ ਦਾ ਸ਼ਬਦ ਯਾਦ ਆਉਂਦਿਆਂ ਹੀ ਇੱਕ ਸਤਿਕਾਰ ਦਾ ਬਿੰਬ ਸਾਡੇ ਦਿਲ ਅਤੇ ਮਨ ਅੰਦਰ ਉਕਰ ਜਾਂਦਾ ਹੈ। ਕਿਸੇ ਸ਼ਾਇਰ ਨੇ ਆਖਿਆ ਕਿ "ਮਾਂ ਜਿਹਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਏ, ਜਿਸ ਤੋਂ ਲੈ ਕੇ ਛਾਂ ਉਧਾਰੀ ਰੱਬ ਨੇ ਸਵਰਗ ਬਣਾਏ" ਬਿਲਕੁਲ ਮਾਵਾਂ ਸਾਡੇ ਸਮਾਜ ਦਾ ਉਹ ਇੱਕ ਥੰਮ੍ਹ ਹਨ, ਜਿਸ ਦੇ ਬਿਨਾਂ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ, ਮਾਂ ਨੂੰ ਆਪਣੇ ਪੁੱਤਰ ਪਿਆਰੇ ਹੁੰਦੇ ਹਨ। ਮਾਂ ਨੂੰ ਆਪਣੀ ਧੀ ਪਿਆਰੀ ਹੁੰਦੀ ਹੈ। ਮਾਂ ਨੂੰ ਆਪਣੀਆਂ ਨੂਹਾਂ ਪਿਆਰੀਆਂ ਹੁੰਦੀਆਂ ਹਨ। ਆਪਣੇ ਪੋਤੇ ਪਿਆਰੇ ਹੁੰਦੇ ਹਨ ਅਤੇ ਮਾਂ ਨੂੰ ਸਮਾਜ ਵੀ ਪਿਆਰਾ ਹੁੰਦਾ ਹੈ। ਮਾਂ ਬਿਨਾਂ ਸ਼ੱਕ ਇਸ ਸੰਸਾਰ ਦਾ ਸਭ ਕੁਝ ਹੈ, ਮਾਂ ਤੋਂ ਬਿਨਾਂ ਸੰਸਾਰ ਸੰਪੂਰਨ ਨਹੀਂ ਹੋ ਸਕਦਾ। ਅੱਜ ਦੇ ਸੰਸਾਰ ਅੰਦਰ ਜੇਕਰ ਅਸੀਂ ਮਾਂ ਦੇ ਰੁਤਬੇ ਨੂੰ ਤਰਾਸ਼ਣਾ ਹੋਵੇ, ਤਾਂ ਸ਼ਾਇਦ ਕਿੰਨਾ ਸਮਾਂ ਲੱਗ ਜਾਵੇ, ਬਿਨਾਂ ਸ਼ੱਕ ਮਾਂ ਇੱਕ ਸੰਪੂਰਨ ਹੈ।

ਪੰਜਾਬੀ ਗੀਤਕਾਰੀ ਦੇ ਅੰਦਰ ਕਲਾਕਾਰਾਂ ਅਤੇ ਗੀਤਕਾਰਾਂ ਵੱਲੋਂ ਮਾਂ ਨੂੰ ਇੱਕ ਬੇਹੱਦ ਉੱਚਾ ਰੁਤਬਾ ਦੇ ਕੇ ਨਿਵਾਜਿਆ ਗਿਆ ਹੈ। ਬਹੁਤ ਸਾਰੇ ਗੀਤਕਾਰਾਂ ਨੇ ਮਾਂ ਦੀ ਵੱਡੀ ਸਿਫਤ ਕੀਤੀ ਹੈ। ਕੁਲਦੀਪ ਮਾਣਕ ਨੇ ਆਖਿਆ ਹੈ ਕਿ ਮਾਂ ਹੁੰਦੀ ਹੈ ਮਾਂ ਓ ਦੁਨੀਆ ਵਾਲਿਓ। ਪ੍ਰੋਫੈਸਰ ਮੋਹਨ ਸਿੰਘ ਨੇ ਮਾਂ ਦੀ ਬਹੁਤ ਸਿਫਤ ਕੀਤੀ। ਗੱਲ ਕਰੀਏ ਜਿੰਨੇ ਵੀ ਪੰਜਾਬ ਦੇ ਕਲਾਕਾਰ ਹਨ, ਉਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਮਾਂ ਦੀ ਸਿਫਤ ਕੀਤੀ ਹੈ। ਉਸ ਤੋਂ ਬਾਅਦ ਫਿਲਮਾਂ ਦੇ ਅੰਦਰ ਮਾਂ ਨੂੰ ਬਹੁਤ ਸਲਾਹਿਆ ਗਿਆ ਹੈ। ਮਾਂ ਇੱਕ ਅਜਿਹਾ ਸ਼ਬਦ ਹੈ, ਜਿਸ ਨੂੰ ਸੁਣ ਕੇ ਮੂੰਹ ਭਰ ਜਾਂਦਾ ਹੈ ਅਤੇ ਇਨਸਾਨ ਦੇ ਮਨ ਅੰਦਰ ਸਤਿਕਾਰ ਕਾਇਮ ਹੋ ਜਾਂਦਾ ਹੈ ਪਰ ਨਾਲ ਦੀ ਨਾਲ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਮਾਂ ਜਿਹੇ ਸ਼ਬਦ ਨੂੰ ਕਿੰਨਾ ਸਤਿਕਾਰ ਦੇ ਰਹੇ ਹਾਂ।

ਜੇਕਰ ਅੱਜ ਸਾਡੇ ਸਮਾਜ ਦੇ ਅੰਦਰ ਮਾਂ ਨੂੰ ਸਤਿਕਾਰ ਦਿੱਤਾ ਜਾਂਦਾ ਹੈ, ਤਾਂ ਨਾਲ ਦੀ ਨਾਲ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਮਾਂ ਨੂੰ ਪੂਜਣ ਦੀ ਜਗ੍ਹਾ ਬਹੁਤ ਸਾਰੇ ਲੋਕ



ਅਪਮਾਨ ਵੀ ਕਰ ਰਹੇ ਹਨ। ਮਾਂ ਦੇ ਵਿਚ ਰੱਬ ਵਸਦਾ ਹੈ, ਮਾਂ ਨੂੰ ਪੂਜਣ ਦੀ ਲੋੜ ਹੈ। ਉਸ ਦੇ ਬੂਟੇ ਨੂੰ ਮਾਨਣ ਦੀ ਲੋੜ ਹੈ, ਨਾ ਕਿ ਮਾਂ ਨੂੰ ਤ੍ਰਿਸਕਾਰ ਕੇ ਸਮਾਜ ਦੇ ਅੰਦਰ ਅਸੀਂ ਮੋਹ ਮਾਇਆ ਦੇ ਜਾਲ ਵਿਚ ਫਸ ਕੇ ਮਾਤਾਵਾਂ ਨੂੰ ਘਰੋਂ ਕੱਢ ਦੇਈਏ। ਬਹੁਤ ਸਾਰੇ ਲੋਕ ਅਜਿਹੇ ਵੀ ਹਨ, ਜਿਨ੍ਹਾਂ ਵੱਲੋਂ ਆਪਣੀਆਂ ਮਾਤਾਵਾਂ ਨੂੰ ਬਿਰਧ ਆਸ਼ਰਮਾਂ ਦੇ ਵਿਚ ਰੱਖ ਕੇ ਸਮਾਂ ਬਤੀਤ ਕਰਵਾਇਆ ਜਾ ਰਿਹਾ ਹੈ। ਮਾਂ ਦਾ ਇਲਾਜ ਕਰਵਾਉਣ ਦੀ ਬਜਾਏ ਮਾਂ ਨੂੰ ਤਿਸਕਾਰਿਆ ਜਾ ਰਿਹਾ ਹੈ। ਬਹੁਤ ਸਾਰੀਆਂ ਨੂੰਹਾਂ ਵੀ ਅਜਿਹੀਆਂ ਹਨ, ਜਿਹੜੀਆਂ ਆਪਣੀਆਂ ਮਾਤਾਵਾਂ ਨੂੰ ਤਾਂ ਪੂਜਦੀਆਂ ਹਨ ਪਰ ਆਪਣੀ ਸੱਸ ਮਾਤਾ ਨੂੰ ਰੋਟੀ ਨਹੀਂ ਦੇ ਸਕਦੀਆਂ।

ਮਾਂ ਆਪਣੇ ਬੱਚਿਆਂ ਨੂੰ ਨੌਂ ਮਹੀਨੇ ਆਪਣੇ ਪੇਟ ਦੇ ਵਿਚ ਰੱਖ ਕੇ ਪਾਲ ਸਕਦੀ ਹੈ ਪਰ ਉਸਦੇ ਬਦਲ ਦੇ ਵਿਚ ਉਸ ਦੇ ਬੱਚੇ ਮਾਂ ਨੂੰ ਰਲ ਕੇ ਕਈ ਜਾਣੇ ਵੀ ਨਹੀਂ ਪਾਲ ਸਕਦੇ। ਫਰਜ਼ ਕਰੋ ਜਿਸ ਮਾਂ ਦੇ ਤਿੰਨ ਪੁੱਤਰ ਹੁੰਦੇ ਹਨ, ਉਹ ਮਾਤਾ ਤਿੰਨ ਪੁੱਤਰਾਂ ਨੂੰ ਜਨਮ ਦੇਣ ਤੋਂ ਬਾਅਦ ਉਨ੍ਹਾਂ ਨੂੰ ਪਾਲ ਸਕਦੀ ਹੈ ਪਰ ਉਸਦੇ ਤਿੰਨੇ ਪੁੱਤਰ ਰਲ ਕੇ ਇੱਕ ਮਾਂ ਨੂੰ ਨਹੀਂ ਰੋਟੀ ਦੇ ਸਕਦੇ। ਇਹ ਸਾਡੇ ਸਮਾਜ ਦਾ ਇੱਕ ਪੱਖ ਹੈ, ਜੋ ਕਿਸੇ ਤੋਂ ਵੀ ਲੁਕਿਆ ਹੋਇਆ ਨਹੀਂ ਹੈ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ। ਬਹੁਤ ਸਾਰੀਆਂ ਨੂੰਹਾਂ ਆਪਣੀਆਂ ਮਤਾਵਾਂ ਨੂੰ ਘਰੋਂ ਕੱਢ ਦਿੰਦੀਆਂ ਹਨ ਜਾਂ ਉਨ੍ਹਾਂ ਨਾਲ ਲੜਦੀਆਂ ਰਹਿੰਦੀਆਂ ਹਨ। ਇਹ ਵੀ ਇੱਕ ਅਹਿਮ ਪੱਖ ਹੈ, ਜਿਸ ਨੂੰ ਵਿਚਾਰਨ ਦੀ ਲੋੜ ਹੈ। ਕਿਉਂਕਿ ਮਾਂ ਮਾਂ ਹੁੰਦੀ ਹੈ, ਉਸਨੂੰ ਨਾ ਹੀ ਘਰੋਂ ਕੱਢਣਾ ਚਾਹੀਦਾ ਹੈ ਅਤੇ ਨਾ ਹੀ

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



> ਪੰਜਾਬੀ ਗੀਤਕਾਰੀ ਦੇ ਅੰਦਰ ਕਲਾਕਾਰਾਂ ਅਤੇ ਗੀਤਕਾਰਾਂ ਵੱਲੋਂ ਮਾਂ ਨੂੰ ਇੱਕ ਬੇਹੱਦ ਉੱਚਾ ਰੁਤਬਾ ਦੇ ਕੇ ਨਿਵਾਜਿਆ ਗਿਆ ਹੈ। ਬਹੁਤ ਸਾਰੇ ਗੀਤਕਾਰਾਂ ਨੇ ਮਾਂ ਦੀ ਵੱਡੀ ਸਿਫਤ ਕੀਤੀ ਹੈ। ਕੁਲਦੀਪ ਮਾਣਕ ਨੇ ਆਖਿਆ ਹੈ ਕਿ ਮਾਂ ਹੁੰਦੀ ਹੈ ਮਾਂ ਓ ਦੁਨੀਆ ਵਾਲਿਓ। ਪ੍ਰੋਫੈਸਰ ਮੋਹਨ ਸਿੰਘ ਨੇ ਮਾਂ ਦੀ ਬਹੁਤ ਸਿਫਤ ਕੀਤੀ। ਗੱਲ ਕਰੀਏ ਜਿੰਨੇ ਵੀ ਪੰਜਾਬ ਦੇ ਕਲਾਕਾਰ ਹਨ, ਉਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਮਾਂ ਦੀ ਸਿਫਤ ਕੀਤੀ ਹੈ।

ਤਿਸਕਾਰਨਾ ਚਾਹੀਦਾ ਹੈ। ਮਾਂ ਦੀ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਨੂੰਹ ਨੇ ਵੀ ਇੱਕ ਦਿਨ ਸੱਸ ਬਣਨਾ ਹੈ।

ਰੱਬ ਖੈਰ ਕਰੇ, ਜਦ ਵੀ ਕਿਸੇ ਮਾਂ ਦਾ ਪੁੱਤ ਨਸ਼ਈ ਹੋ ਜਾਂਦਾ ਹੈ, ਤਾਂ ਮਾਂ ਕਦੇ ਵੀ ਆਪਣੇ ਉਸ ਪੁੱਤ ਨੂੰ ਮਾੜਾ ਨਹੀਂ ਕਹਿੰਦੀ। ਭਾਵੇਂ ਸਮਾਜ ਉਸ ਪੁੱਤ ਨੂੰ ਮਾੜਾ ਕਹਿੰਦਾ ਹੈ ਪਰ ਮਾਂ ਕਦੇ ਵੀ ਆਪਣੇ ਦਿਲੋਂ ਅਤੇ ਮੂੰਹੋਂ ਮਾੜਾ ਨਹੀਂ ਕਹਿੰਦੀ ਕਿਉਂਕਿ ਪੁੱਤ ਉਸ ਦਾ ਢਿੱਡੋਂ ਜੰਮਿਆ ਹੁੰਦਾ ਹੈ। ਸਮਾਜ ਜੋ ਮਰਜ਼ੀ ਆਖੀ ਜਾਏ ਪਰ ਮਾਤਾ ਆਪਣੇ ਪੁੱਤ ਨੂੰ ਮਾੜਾ ਨਹੀਂ ਕਹਿ ਸਕਦੀ। ਹਾਂ, ਨੂੰਹਾਂ ਭਾਵੇਂ ਆਪਣੇ ਘਰ ਵਾਲੇ ਨੂੰ ਮਾੜਾ ਕਹਿ ਦਿੰਦੀਆਂ ਹਨ ਪਰ ਕੋਈ ਵੀ ਮਾਂ ਆਪਣੇ ਮਾੜੇ ਪੁੱਤ ਨੂੰ ਵੀ ਮਾੜਾ ਨਹੀਂ ਕਹਿੰਦੀ, ਇਹ ਵੀ ਇੱਕ ਵੱਡਾ ਪੱਖ ਹੈ। ਬਹੁਤ ਸਾਰੇ ਮਾਂ-ਬਾਪ ਹੱਡ-ਭੰਨਵੀਂ ਮਿਹਨਤ ਕਰਕੇ ਆਪਣੀ ਔਲਾਦ ਨੂੰ ਪਾਲਦੇ ਹਨ ਪਰ ਬਦਲੇ ਵਿਚ ਕਈ ਵਾਰ ਮਾਪਿਆਂ ਨੂੰ ਕੀ ਮਿਲਦਾ ਹੈ, ਸਿਰਫ ਧੱਕੇ। ਇਹ ਬੇਹੱਦ ਗਲਤ ਵਰਤਾਰਾ ਹੈ। ਕਈ ਵਾਰ ਪੁੱਤ ਮਾਂ ਦਾ ਭੋਰਾ ਪਰ ਵੀ ਖਿਆਲ ਨਹੀਂ ਰੱਖਦੇ ਕਿ ਉਸ ਨੂੰ ਬੁਢਾਪੇ ਵਿਚ ਉਨ੍ਹਾਂ ਦੀ ਡੰਗੋਰੀ ਦੀ ਜ਼ਰੂਰਤ ਹੈ ।

ਮਾਵਾਂ ਪੁੱਤਾਂ ਨੂੰ ਜੰਮ ਕੇ ਪਾਲ ਲੈਂਦੀਆਂ ਹਨ ਪਰ ਪੁੱਤ ਅਤੇ ਨੂੰਹਾਂ ਆਖਰ ਆਪਣੀ ਮਾਂ-ਬਾਪ ਦਾ ਸਾਥ ਛੱਡ ਦਿੰਦੀਆਂ ਹਨ। ਇਹ ਬੇਹੱਦ ਗਲਤ ਗੱਲ ਹੈ। ਕਈ ਵਾਰ ਤਾਂ ਅਸੀਂ ਆਪਣੇ ਬੱਚਿਆਂ ਨੂੰ ਵੀ ਉਸ ਦੀ ਦਾਦੀ ਕੋਲ ਜਾਣ ਤੋਂ ਵਰਜ ਦਿੰਦੇ ਹਾਂ, ਇਹ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਬਜ਼ੁਰਗਾਂ ਦਾ ਦਿਲ ਦਿਮਾਗ ਤਾਂ ਬੱਚਿਆਂ ਵਰਗਾ ਹੁੰਦਾ ਹੈ, ਉਹ ਰੱਬ ਰੂਹੀ ਵੀ ਹੁੰਦੇ ਹਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਜਿਸ ਨੇ ਸਾਨੂੰ ਪਾਲ ਕੇ ਇੱਥੇ ਤੱਕ ਲਿਆਂਦਾ ਹੈ, ਉਨ੍ਹਾਂ ਦਾ ਦਿਲੋਂ ਸਤਿਕਾਰ ਕਰੀਏ। ਮਾਣ ਕਰੀਏ। ਉਨ੍ਹਾਂ ਨੂੰ ਸਾਂਭੀਏ, ਉਨ੍ਹਾਂ ਨੂੰ ਦਵਾਈ ਦਿਵਾਈਏ, ਉਨ੍ਹਾਂ ਨੂੰ ਰੋਟੀ ਪਾਣੀ ਦੇਈਏ। ਇਹ ਸਾਡਾ ਫਰਜ਼ ਹੈ। ਕਦੇ ਵੀ ਆਪਣੇ ਮਾਪਿਆਂ ਨੂੰ ਕਿਸੇ ਵੱਲੋਂ ਛੱਡ ਕੇ ਨਹੀਂ ਜਾਣਾ ਚਾਹੀਦਾ। ਜੋ ਕੁਝ ਅੱਜ ਅਸੀਂ ਆਪਣੇ ਮਾਪਿਆਂ ਨਾਲ ਕਰਾਂਗੇ, ਕੱਲ੍ਹ ਨੂੰ ਓਹੀ ਕੁਝ ਸਾਡੇ ਬੱਚੇ ਸਾਡੇ ਨਾਲ ਕਰਨਗੇ, ਇਹ ਗੱਲ ਸਾਨੂੰ ਭੁੱਲਣੀ ਨਹੀਂ ਚਾਹੀਦੀ ।

# ਅਥਰੂਆਂ ਦੇ ਬੋਲ

ਕਹਾਣੀ



ਡਾਕਟਰ ਅਜੀਤ ਸਿੰਘ
ਕੋਟਕਪੂਰਾ
ਮੋਬਾਈਲ +1-657-464-4066
ਪੰਜਾਬ ਮੇਲ USA



ਕੇਸਰ ਸਿੰਘ ਨੇ ਆਪਣੇ ਦੋਵਾਂ ਪੁੱਤਰਾਂ ਨੂੰ ਬਹੁਤ ਹੀ ਤੰਗ ਹਾਲਾਤਾਂ ਵਿਚ ਪਾਲ ਪੋਸ ਕੇ ਪੜ੍ਹਾਇਆ ਅਤੇ ਨੌਕਰੀ ਸਿਰੇ ਕਰ ਦਿੱਤਾ ਸੀ। ਨੌਕਰੀ ਮਿਲਣ ਤੋਂ ਪਹਿਲਾਂ ਦੋਹਾਂ ਪੁੱਤਰਾਂ ਨੇ ਵੀ ਆਪਣੇ ਪਿਤਾ ਨਾਲ ਜਾਨ ਤੋੜ ਕੇ ਮਿਹਨਤ ਕੀਤੀ ਅਤੇ ਘਰ ਦੀ ਹਾਲਤ ਨੂੰ ਬੇਹਤਰ ਬਣਾਉਣ ਵਿਚ ਕੋਈ ਵੀ ਕਸਰ ਨਹੀਂ ਛੱਡੀ ਸੀ। ਸਵੇਰੇ ਉੱਠ ਆਪਣੇ ਮੁੱਢਲੇ ਕੰਮਾਂ ਤੋਂ ਵੇਹਲੇ ਹੋ ਕੇ ਮਹਿੰਦਰ ਕੌਰ ਚਾਹ ਬਣਾ ਦਿੰਦੀ ਸੀ। ਕੇਸਰ ਚਾਹ ਪੀ ਕੇ ਪਸ਼ੂਆਂ ਨੂੰ ਨੀਰਾ ਪਾ ਦਿੰਦਾ ਤੇ ਮਹਿੰਦਰ ਕੌਰ ਮੱਝਾਂ ਦੀਆਂ ਧਾਰਾ ਕੱਢ ਦੁੱਧ ਵਾਦ ਸੰਭਾਲ ਕੇ ਲੱਸੀ ਰਿੜਕਣ ਬੈਠ ਜਾਂਦੀ ਸੀ। ਦੋਵਾਂ ਰਜਵੰਤ ਅਤੇ ਹਰਬੰਸ ਨੂੰ ਤਿਆਰ ਕਰ ਸਕੂਲ ਭੇਜ ਦਿੰਦੀ ਸੀ ਤੇ ਆਪ ਕੇਸਰ ਦੀ ਹਾਜ਼ਰੀ ਲੈ ਕੇ ਖੇਤ ਚਲੀ ਜਾਂਦੀ ਸੀ। ਉਸ ਵੇਲੇ ਤੱਕ ਕੇਸਰ ਖੇਤਾਂ ਦਾ ਗੇੜਾ ਮਾਰ ਵਿਹਲਾ ਹੋ ਜਾਇਆ ਕਰਦਾ ਸੀ। ਉਹ ਦੋਵੇਂ ਜੀਅ ਬੈਠ ਦਹੀਂ ਮੱਖਣ ਨਾਲ ਫੁਲਕਾ ਛਕ ਲੈਂਦੇ ਸੀ ਅਤੇ ਵਾਹਿਗੂਰੁ ਦਾ ਸ਼ੁਕਰਾਨਾ ਕਰਦੇ ਹੋਏ ਘਰ ਕਬੀਲਦਾਰੀ ਦੀਆਂ ਗੱਲਾਂ ਕਰ ਲਿਆ ਕਰਦੇ ਸਨ। ਉਧਰ ਦੋਵੇਂ ਕਾਕੇ ਸਕੂਲ ਵਿਚੋਂ ਛੁੱਟੀ ਹੋ ਜਾਣ 'ਤੇ ਘਰ ਪੁੱਜ ਜਾਂਦੇ ਸਨ। ਇਧਰ ਮਹਿੰਦਰ ਕੌਰ ਖੇਤਾਂ ਵਿਚੋਂ ਸਬਜ਼ੀ ਤੋੜ ਕੇ ਘਰੇ ਆ ਜਾਂਦੀ ਸੀ। ਰਾਜਵੰਤ ਅਤੇ ਹਰਬੰਸ ਘਰੇ ਆ ਕੇ ਰੋਟੀ ਖਾ ਸਕੂਲ ਦਾ ਕੰਮ ਕਰਨ ਬੈਠ ਜਾਂਦੇ ਸੀ। ਇਸ ਤਰ੍ਹਾਂ ਸਮਾਂ ਆਪਣੀ ਟੋਰ ਤੁਰਿਆ ਜਾ ਰਿਹਾ ਸੀ। ਸੂਰਜ ਉਗਣ ਅਤੇ ਡੁੱਬਣ ਤੱਕ ਕੰਮ ਵਿਚ ਹੀ ਸਾਰਿਆਂ ਦਾ ਸਮਾਂ ਬੀਤਦਾ ਜਾ ਰਿਹਾ ਸੀ। ਦੋਵੇਂ ਬੱਚੇ ਪੜ੍ਹਾਈ ਵਿਚ ਹੁਸ਼ਿਆਰ ਸਨ ਅਤੇ ਕਦੇ ਵੀ ਸਕੂਲ ਤੋਂ ਦੋਵਾਂ ਲਈ ਕੋਈ ਸ਼ਿਕਾਇਤ ਨਹੀਂ ਆਈ ਸੀ। ਬਲਕਿ ਅਧਿਆਪਕ ਦੋਹਾਂ ਦੀ ਪ੍ਰਸ਼ੰਸਾ ਕਰਿਆ ਕਰਦੇ ਸਨ। ਇਕ ਅਧਿਆਪਕ ਰੋਜ਼ਾਨਾ ਹੀ ਛੁੱਟੀ ਸਮੇਂ ਕੇਸਰ ਸਿੰਘ ਦੇ ਘਰ ਦੇ ਅੱਗੋਂ ਲੰਘ ਕੇ ਆਪਣੇ ਘਰ ਨੂੰ ਜਾਇਆ ਕਰਦਾ ਸੀ ਅਤੇ ਜਦੋਂ ਵੀ ਕੇਸਰ ਸਿੰਘ ਨਾਲ ਦੁਆ ਸਲਾਮ ਹੋ ਜਾਂਦੀ ਸੀ, ਉਹ ਬੱਚਿਆਂ ਸਬੰਧੀ ਆਪਣੀ ਰਾਏ ਦੇ ਦਿਆ ਕਰਦਾ ਸੀ ਕਿ ਇਹ ਦੋਵੇਂ ਹੀ ਬਹੁਤ ਲਾਇਕ ਹਨ ਅਤੇ ਇੰਜ ਜਾਪਦਾ ਹੈ ਜ਼ਰੂਰ ਹੀ ਤੁਹਾਡਾ ਨਾਂ ਜੱਗ 'ਤੇ ਰੌਸ਼ਨ ਕਰਨਗੇ। ਉਂਜ ਹੀ ਹੋਇਆ, ਰਜਵੰਤ ਸੂਬੇ ਵਿਚੋਂ ਅਤੇ ਹਰਬੰਸ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਆਇਆ ਸੀ। ਖੁਸ਼ੀ ਮਨਾਈ ਗਈ। ਉਸ ਅਧਿਆਪਕ ਦੀ ਨੇਕ ਸਲਾਹ ਸਦਕਾ ਉਹ ਅਗਲੇਰੀ ਪੜ੍ਹਾਈ ਵੀ ਪੂਰੀ ਕਰ ਚੁੱਕੇ, ਤਾਂ ਉਨ੍ਹਾਂ ਨੇ ਨੌਕਰੀ ਲਈ ਇਮਤਿਹਾਨ ਦੇ ਕੇ ਬੈਂਕ ਵਿਚ ਨੌਕਰੀਆਂ ਪ੍ਰਾਪਤ ਕਰ ਲਈਆਂ। ਹੁਣ ਤਾਂ ਕੇਸਰ ਸਿੰਘ ਦੀ ਅੱਡੀ ਥੱਲੇ ਨਹੀਂ ਲੱਗਦੀ ਸੀ। ਮਹਿੰਦਰ ਕੌਰ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

ਰਜਵੰਤ ਦਾ ਵਿਆਹ ਸੁਰਜੀਤ ਕੌਰ ਨਾਲ ਅਤੇ ਹਰਬੰਸ ਦਾ ਵਿਆਹ ਦਲਜੀਤ ਕੌਰ ਨਾਲ ਕਰ ਦਿੱਤਾ ਗਿਆ। ਵਿਆਹ ਵਿਚ ਭਰਵਾਂ ਇਕੱਠ ਕਰਨ ਦੀ ਬਜਾਏ ਸਾਦੇ ਵਿਆਹ ਹੀ ਕੀਤੇ ਗਏ। ਸੁਰਜੀਤ ਕੌਰ ਕੰਮ ਦੀ ਸੁਚੱਜੀ ਸੀ, ਉਹ ਘਰ ਦਾ ਕੰਮ ਸੰਭਾਲਦੀ ਸੀ। ਦਲਜੀਤ ਕੌਰ ਅਮੀਰ ਘਰ ਤੋਂ ਸੀ, ਉਹ ਕੰਮ ਨਹੀਂ ਕਰਨਾ ਚਾਹੁੰਦੀ ਸੀ ਅਤੇ ਗਾਹੇ-ਬਗਾਹੇ ਕੰਮ ਤੋਂ ਟਲਣ ਦੀ ਕੋਸ਼ਿਸ਼ ਕਰਦੀ ਸੀ। ਸੁਰਜੀਤ ਕੌਰ ਉਸ ਨੂੰ ਛੋਟੀ ਭੈਣ ਸਮਝਦੀ ਸੀ। ਦੋਹਾਂ ਵਿਚ ਪਿਆਰ ਬਥੇਰਾ ਸੀ। ਇਸ ਤਰ੍ਹਾਂ ਘਰ ਦਾ ਟੋਰਾ ਟੁਰਿਆ ਜਾ ਰਿਹਾ ਸੀ। ਸਵੇਰੇ ਦੋਵੇਂ ਭਰਾ ਕਾਰ ਰਾਹੀਂ ਬੈਂਕ ਵਿਚ ਚਲੇ ਜਾਂਦੇ ਸੀ। ਕੇਸਰ ਸਿੰਘ ਖੇਤ ਨੂੰ ਚਲਾ ਜਾਂਦਾ ਸੀ। ਸੁਰਜੀਤ ਕੌਰ ਹਾਜ਼ਰੀ ਤਿਆਰ ਕਰ ਦਿੰਦੀ ਸੀ ਅਤੇ ਮਹਿੰਦਰ ਕੌਰ ਹਾਜ਼ਰੀ ਲੈ ਕੇ ਖੇਤ ਚਲੀ ਜਾਂਦੀ ਸੀ। ਉਥੋਂ ਸਬਜ਼ੀ ਲੈ ਆਇਆ ਕਰਦੀ ਸੀ ਅਤੇ ਕੇਸਰ ਸਿੰਘ ਨਾਲ ਗੱਲਾਂਬਾਤਾਂ ਕਰ ਉਸ ਨੂੰ ਪਸ਼ੂਆਂ ਲਈ ਪੱਠਿਆਂ ਦਾ ਪ੍ਰਬੰਧ ਕਰ ਕੇ ਗੇਲੇ ਨੂੰ ਨਾਲ ਲੈ ਕੇ ਘਰ ਨੂੰ ਆ ਜਾਂਦੀ ਸੀ। ਗੇਲਾ ਪਸ਼ੂਆਂ ਨੂੰ ਕੁਤਰ ਕੇ ਮੱਝਾਂ ਨੂੰ ਪਾ ਦਿੰਦਾ ਸੀ। ਇਸ ਤਰ੍ਹਾਂ ਗੇਲਾ ਵੀ ਘਰ ਲਈ ਮਦਦਗਾਰ ਸਾਬਤ ਹੋ ਰਿਹਾ ਸੀ। ਗੇਲਾ ਕੇਸਰ ਦੀ ਖੇਤੀ ਦੇ ਕੰਮਾਂ ਵਿਚ ਹੱਥ ਵਟਾ ਦਿਆ ਕਰਦਾ ਸੀ ਅਤੇ ਇਸ ਦੇ ਬਦਲੇ ਉਸ ਨੂੰ ਤਨਖਾਹ ਮਿਲ ਜਾਂਦੀ ਸੀ। ਘਰ ਦੇ ਛੋਟੇ-ਮੋਟੇ ਕੰਮਾਂ ਲਈ ਗੇਲੇ ਦੇ ਘਰ ਵਾਲੀ ਸਿਮਰੋ ਵੀ ਸਵੇਰੇ ਹੀ ਆ ਜਾਂਦੀ ਸੀ। ਉਹ ਘਰ ਦੀ ਸਾਫ ਸਫਾਈ ਅਤੇ ਗੋਹਾ-ਕੂੜਾ ਵੀ ਕਰ ਦਿੰਦੀ ਸੀ ਅਤੇ ਉਸ ਨੂੰ ਬਣਦੀ ਮਜ਼ਦੂਰੀ ਦੇ ਦਿੱਤੀ ਜਾਂਦੀ ਸੀ।

ਸਮੇਂ ਨੇ ਕਰਵਟ ਲਈ ਦੋਹਾਂ ਨੂੰਹਾਂ ਦੇ ਪੈਰ ਭਾਰੀ ਹੋ ਗਏ। ਮੋਹਿੰਦਰ ਕੌਰ ਉਨ੍ਹਾਂ ਦਾ ਧਿਆਨ ਰੱਖ ਰਹੀ ਸੀ। ਸਿਮਰੋ ਨੇ ਘਰ ਦੇ ਹੋਰ ਕੰਮਾਂ ਵਿਚ ਵੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਸੀ। ਸਮੇਂ-ਸਮੇਂ 'ਤੇ ਦੋਨਾਂ ਨੂੰ ਡਾਕਟਰ ਨੂੰ ਦਿਖਾਇਆ ਜਾਂਦਾ ਸੀ ਅਤੇ ਹਦਾਇਤਾਂ ਅਨੁਸਾਰ ਉਨ੍ਹਾਂ ਦੀ ਦੇਖਭਾਲ ਕੀਤੀ ਜਾ ਰਹੀ ਸੀ। ਉਡੀਕ ਖਤਮ ਹੋਈ। ਪ੍ਰਮਾਤਮਾ ਨੇ ਕਿਰਪਾ ਕੀਤੀ। ਅਗੜ-ਪਿੱਛੜ ਰਜਵੰਤ ਅਤੇ ਹਰਬੰਸ ਨੂੰ ਵਾਹਿਗੁਰੂ ਨੇ ਪੁੱਤਰਾਂ ਦੀ ਦਾਤ ਬਖਸ਼ੀ। ਖੁਸ਼ੀ ਮਨਾਈ ਗਈ। ਸੁਰਜੀਤ ਅਤੇ ਦਲਜੀਤ ਵੀ ਠੀਕ ਸਨ। ਰੱਬ ਨੇ ਮੇਹਰ ਰੱਖੀ, ਦੋਵੇਂ ਬੱਚੇ ਅਤੇ ਉਨ੍ਹਾਂ ਦੀਆਂ ਮਾਂਵਾਂ ਤੰਦਰੁਸਤ ਸਨ।

ਹਰਬੰਸ ਦੀ ਬਦਲੀ ਹੋ ਗਈ, ਹੁਣ ਉਹ ਦੋਵੇਂ ਇਕੱਠੇ ਨਹੀਂ ਜਾ ਸਕਦੇ ਹਨ। ਹਰਬੰਸ ਨੇ ਨਵੀਂ ਕਾਰ ਲੈ ਲਈ। ਉਹ ਆਪਣੀ ਵੱਖਰੀ ਕਾਰ 'ਤੇ ਜਾਣ ਲੱਗ ਪਿਆ। ਬੱਚਿਆਂ ਦਾ ਨਾਮਕਰਣ ਕੀਤਾ ਗਿਆ। ਸੁਰਜੀਤ ਕੌਰ ਨੇ ਪਰਿਵਾਰ ਦੀ ਸਲਾਹ ਨਾਲ ਆਪਣੇ ਬੱਚੇ ਦਾ ਨਾਂ ਲੱਡੂ ਜਾਂ ਲਖਵੀਰ ਸਿੰਘ ਰੱਖ ਲਿਆ। ਜਦੋਂਕਿ ਦਲਜੀਤ ਕੌਰ ਨੇ ਆਪਣੇ ਬੱਚੇ ਦਾ ਨਾਂ ਪਰਿਵਾਰ ਦੀ ਸਲਾਹ ਨਾਲ ਵੀਰੂ ਜਾਂ ਮਨਵੀਰ ਸਿੰਘ ਰੱਖ ਲਿਆ। ਲੱਡੂ ਆਪਣੇ ਮਾਤਾ-ਪਿਤਾ ਨਾਲ ਕਦੇ-ਕਦੇ ਬਾਜ਼ਾਰ ਚਲਾ ਜਾਂਦਾ ਸੀ ਅਤੇ ਉਸ ਦੀ ਮਾਂ ਸੁਰਜੀਤ ਕੌਰ ਆਪਣੀ ਲੋੜ ਦੀਆਂ ਵਸਤਾਂ ਲੈ ਕੇ ਅਤੇ ਕੁਝ ਬਾਹਰ ਦਾ ਖਾ-ਪੀ ਕੇ ਸ਼ਾਮ ਢਲੇ ਘਰ ਆ ਜਾਂਦੇ ਸਨ। ਕੇਸਰ ਸਿੰਘ ਵੀ ਹੁਣ ਬਜ਼ੁਰਗ ਹੋ ਚਲਿਆ ਸੀ, ਉਸ ਤੋਂ ਵੀ ਹੁਣ ਖੇਤੀ ਦਾ ਕੰਮ ਮੁਸ਼ਕਿਲ ਨਾਲ ਹੀ ਹੁੰਦਾ ਸੀ। ਮਹਿੰਦਰ ਕੌਰ ਵੀ ਜ਼ਿਆਦਾ ਹੁਣ ਪਾਠ ਭਜਨ ਵਿਚ ਆਪਣਾ ਸਮਾਂ ਬਤੀਤ ਕਰਦੀ ਸੀ। ਕਦੇ-ਕਦੇ ਕੇਸਰ ਸਿੰਘ ਤੇ ਮਹਿੰਦਰ ਕੌਰ ਆਪਣੇ ਰਜਵੰਤ ਜਾਂ ਹਰਬੰਸ ਦੇ ਪਰਿਵਾਰ ਨਾਲ ਸ਼ਹਿਰ ਜਾ ਆਉਂਦੀ ਸੀ ਅਤੇ ਕਿਸੇ ਨਾ ਕਿਸੇ ਗੁਰਦੁਆਰੇ ਦੇ ਦਰਸ਼ਨ ਕਰ ਵਾਪਸ ਆ ਜਾਂਦੇ ਸਨ। ਲੱਡੂ ਅਤੇ ਵੀਰੂ ਵੀ ਵੱਡੇ ਹੋ ਰਹੇ ਸਨ, ਉਹ ਆਪਣੇ ਦਾਦੇ ਜਾਂ ਦਾਦੀ ਕੋਲ ਖੇਡ ਲੈਂਦੇ ਸਨ। ਸੁਰਜੀਤ ਅਤੇ ਦਲਜੀਤ ਮਿਲ ਕੇ ਘਰ ਦਾ ਕੰਮ ਕਰ ਲਿਆ ਕਰਦੀਆਂ ਸਨ। ਸਿਮਰੋ ਵੀ ਉਨ੍ਹਾਂ ਨਾਲ ਘਰ ਦੇ ਕੰਮ ਵਿਚ ਮਦਦ ਕਰ ਦਿੰਦੀ ਸੀ। ਦੋਵੇ ਨੂੰਹਾਂ ਸਿਮਰੋ ਨੂੰ ਦੱਸ ਕੇ ਕੰਮ ਕਰਵਾ ਲੈਂਦੀਆਂ ਸਨ। ਗੇਲਾ ਹੁਣ ਪਸ਼ੂਆਂ ਦਾ ਕੰਮ ਕਰਦਾ ਸੀ ਅਤੇ ਸਿਮਰੋ ਘਰ ਦੀ ਸਾਫ-ਸਫਾਈ ਦਾ ਕੰਮ ਚਲਾ ਰਹੀ ਸੀ। ਇਸ ਤਰ੍ਹਾਂ ਸੁਬਾਹ ਤੋਂ ਸ਼ਾਮ ਅਤੇ ਸ਼ਾਮ ਤੋਂ ਸੁਬਾਹ ਤੱਕ ਸਮਾਂ ਆਪਣੀ ਧੀਮੀ ਚਾਲ ਚਲਦਾ ਹੋਇਆ ਅੱਗੇ ਵੱਲ ਨੂੰ ਖਿਸਕ ਰਿਹਾ ਸੀ।

ਬੈਂਕ ਵਿਚ ਛੁੱਟੀ ਹੋਣ ਕਾਰਨ ਰਜਵੰਤ ਅਤੇ ਹਰਬੰਸ ਘਰ ਹੀ ਸਨ। ਸਾਰਾ ਪਰਿਵਾਰ ਸਵੇਰ ਦਾ ਨਾਸ਼ਤਾ ਕਰ ਰਿਹਾ ਸੀ ਕਿ ਇਕ ਦਮ ਰਜਵੰਤ ਦੇ ਦਰਦ ਹੋਇਆ ਦਰਦ ਇਤਨਾ ਸੀ ਕਿ ਉਸ ਤੋਂ ਸਹਾਰਿਆ ਨਹੀਂ ਜਾ ਰਿਹਾ ਸੀ। ਹਰਬੰਸ ਨੇ ਕਾਰ ਕੱਢੀ, ਜਲਦੀ ਨਾਲ ਰਜਵੰਤ ਨੂੰ ਉਸ ਵਿਚ ਲਿਟਾਇਆ, ਸੁਰਜੀਤ ਕੌਰ ਨੂੰ ਨਾਲ ਲਿਆ ਅਤੇ ਡਾਕਟਰ ਵੱਲ ਚੱਲ ਪਏ। ਲੱਡੂ ਨੂੰ ਘਰ ਚਾਚੀ ਦਲਜੀਤ ਕੌਰ ਕੋਲ ਹੀ ਛੱਡ ਦਿੱਤਾ। ਛੇਤੀ ਹੀ ਡਾਕਟਰ ਕੋਲ ਪੁੱਜੇ, ਤਾਂ ਉਸ ਨੇ ਚੈੱਕ ਕੀਤਾ ਅਤੇ ਦੱਸਿਆ ਕਿ ਰਜਵੰਤ ਨੂੰ ਦਿਲ ਦਾ ਅਟੈਕ ਆਇਆ ਸੀ। ਉਸ ਨੇ ਦਵਾਈ ਦਿੱਤੀ। ਇੰਜੈਕਸ਼ਨ ਵਗੈਰਾ ਲਾਏ ਤੇ ਦਾਖਲ ਕਰ ਲਿਆ। ਪੂਰੀ ਪੜਤਾਲ ਕਰ ਉਸ ਨੇ ਦੱਸਿਆ ਕਿ ਸਟੈਂਟ ਪਾਉਣ ਦੀ ਲੋੜ ਹੈ, ਉਸ ਨੇ ਘਰ ਦਿਆਂ ਨਾਲ ਸਲਾਹ ਕਰ ਲੈਣ ਤੋਂ ਬਾਅਦ ਸਟੈਂਟ ਪਾ ਦਿੱਤਾ। ਕੁਝ ਦੇਰ ਡਾਕਟਰ ਨੇ ਆਰਾਮ ਕਰਨ ਲਈ ਆਖਿਆ। ਰਾਤ ਭਰ ਹਸਪਤਾਲ ਵਿਚ ਹੀ ਰੱਖਿਆ। ਅਗਲੇਰੇ ਦਿਨ ਫਿਰ ਚੈੱਕ ਕੀਤਾ ਅਤੇ ਦੱਸਿਆ ਕਿ ਹਾਲਤ ਠੀਕ ਹੈ ਅਤੇ ਸ਼ਾਮ ਨੂੰ ਛੁੱਟੀ ਦੇ ਦਿੱਤੀ। ਕੁਝ ਦੇਰ ਆਰਾਮ ਕਰਨ ਦੀ ਸਲਾਹ ਦਿੱਤੀ ਅਤੇ ਲੋੜੀਂਦੀਆਂ ਦਵਾਈਆਂ ਦੱਸ ਕੇ ਘਰੇ ਭੇਜ ਦਿੱਤਾ। ਰਜਵੰਤ ਨੂੰ ਆਰਾਮ ਦੀ ਲੋੜ ਸੀ, ਇਸ ਲਈ ਉਸ ਨੇ ਆਪਣੀ ਇਕ ਹਫਤੇ ਦੀ ਛੁੱਟੀ ਭੇਜ ਦਿੱਤੀ। ਸੁਰਜੀਤ ਉਸ ਦਾ ਖਾਸ ਖਿਆਲ ਰੱਖ ਰਹੀ ਸੀ। ਲੱਡੂ ਵੀ ਵੀਰੂ ਨਾਲ ਖੇਡਣ ਲੱਗ ਪਿਆ ਸੀ। ਦਲਜੀਤ ਉਸ ਦਾ ਪੂਰਾ ਧਿਆਨ ਰੱਖ ਰਹੀ ਸੀ। ਕੇਸਰ ਸਿੰਘ ਅਤੇ ਮਹਿੰਦਰ ਕੌਰ ਰਜਵੰਤ ਨੂੰ ਠੀਕ ਹੁੰਦੇ ਦੇਖ ਪ੍ਰਮਾਤਮਾ ਦਾ ਸ਼ੁਕਰ ਮਨਾ ਰਹੇ। ਅਗਲੇਰੇ ਦਿਨ ਉਨ੍ਹਾਂ ਨੇ ਗੁਰਦੁਆਰੇ ਜਾ ਕੇ ਅਰਦਾਸ ਕੀਤੀ ਕਿ ਪਰਿਵਾਰ ਵਿਚਲੇ ਸਾਰੇ ਜੀਆਂ ਉਪਰ ਪ੍ਰਮਾਤਮਾ ਦੀ ਮੇਹਰ ਰਹੇ ਅਤੇ ਸਮੂਹ ਪਰਿਵਾਰ ਤੰਦਰੁਸਤ ਰਹੇ। ਰਜਵੰਤ ਦਵਾਈ ਨਾਲ ਬੇਹਤਰ ਹੋ ਰਿਹਾ ਸੀ। ਹਰਬੰਸ ਰੋਜ਼ਾਨਾ ਆਪਣੀ ਡਿਊਟੀ 'ਤੇ ਜਾਣ ਲੱਗ ਪਿਆ ਸੀ। ਹੁਣ ਰਜਵੰਤ ਦਾ ਹਾਲ ਜਾਨਣ ਲਈ ਕੋਈ ਨਾ ਕੋਈ ਆ ਜਾਇਆ ਕਰਦਾ ਸੀ। ਕਦੇ ਫੋਨ 'ਤੇ ਹੀ ਕੋਈ ਦੋਸਤ ਹਾਲ ਪੁੱਛ ਲਿਆ ਕਰਦਾ ਸੀ। ਰਜਵੰਤ ਹੀ ਫੋਨ 'ਤੇ ਗੱਲਬਾਤ ਕਰ ਲਿਆ ਕਰਦਾ ਸੀ। ਜਦੋਂ ਵੀ ਕੋਈ ਘਰੇ ਮਿਲਣ ਲਈ ਆਉਂਦਾ ਸੀ, ਸੁਰਜੀਤ ਕੌਰ ਚਾਹ-ਪਾਣੀ ਵਿਚ ਲੱਗ ਜਾਂਦੀ ਸੀ। ਭਾਵੇਂ ਰਜਵੰਤ ਨੂੰ ਆਰਾਮ ਕਰਨ ਦੀ ਹਦਾਇਤ ਸੀ ਪਰ ਉਹ ਫਿਰ ਵੀ ਆਏ ਹੋਏ ਮਹਿਮਾਨਾਂ ਨਾਲ ਘੁਲ-ਮਿਲ ਜਾਂਦਾ ਸੀ। ਸੁਰਜੀਤ ਕੌਰ ਆਪ ਤਾਂ ਉਸ ਨੂੰ ਰੋਕਣ ਤੋਂ ਝਿਜਕਦੀ ਸੀ, ਉਹ ਆਪਣੀ ਸੱਸ ਮਹਿੰਦਰ ਕੌਰ ਨੂੰ ਜਾਂ ਆਪਣੇ ਸਹੁਰੇ ਕੇਸਰ ਸਿੰਘ ਰਾਹੀਂ ਰਜਵੰਤ ਨੂੰ ਜ਼ਿਆਦਾ ਗੱਲਾਂ ਕਰਨ ਤੋਂ ਮਨ੍ਹਾ ਕਰਨ ਲਈ ਆਖ ਦਿਆ ਕਰਦੀ ਸੀ।

ਦੋਵਾਂ ਭਰਾਵਾਂ ਨੇ ਸਲਾਹ ਕੀਤੀ ਕਿ ਹੁਣ ਆਪਾਂ ਲੁਧਿਆਣੇ ਦੇ ਵੱਡੇ ਹਸਪਤਾਲ ਜਾ ਕੇ ਇਕ ਵਾਰ ਚੈੱਕ ਕਰਵਾ ਲਈਏ, ਤਾਂ ਜੋ ਪੂਰੀ ਤਸੱਲੀ ਹੋ ਜਾਵੇ ਤੇ ਰਜਵੰਤ ਕੰਮ 'ਤੇ ਜਾਣਾ ਸ਼ੁਰੂ ਕਰ ਸਕੇ। ਅਗਲੇ ਦਿਨ ਰਜਵੰਤ, ਹਰਬੰਸ ਅਤੇ ਸੁਰਜੀਤ ਕੌਰ ਲੁਧਿਆਣੇ ਲਈ ਚੱਲ ਪਏ। ਹਾਲੇ ਅੱਧੀ ਵਾਟ ਹੀ ਗਏ ਸਨ ਕਿ ਉਨ੍ਹਾਂ ਦੀ ਕਾਰ ਵਿਚ ਸਾਹਮਣੇ ਤੋਂ ਆ ਰਿਹਾ ਤੇਜ਼ ਰਫਤਾਰ ਟਰੱਕ ਵਜਿਆ। ਟੱਕਰ ਬਹੁਤ ਹੀ ਭਿਆਨਕ ਸੀ। ਹਰਬੰਸ ਕਾਰ ਨੂੰ ਚਲਾ ਰਿਹਾ ਸੀ, ਨਾਲ ਦੀ ਸੀਟ 'ਤੇ ਰਜਵੰਤ ਬੈਠਾ ਸੀ ਅਤੇ ਸੁਰਜੀਤ ਕੌਰ ਪਿੱਛੇ ਵਾਲੀ ਸੀਟ 'ਤੇ ਬੈਠੀ ਸੀ। ਟਰੱਕ ਰਜਵੰਤ ਵਾਲੇ ਪਾਸਿਓਂ ਟਕਰਾਇਆ ਸੀ। ਬਾਰੀ ਦਾ ਸ਼ੀਸ਼ਾ ਟੁੱਟ ਕੇ ਕੇ ਰਜਵੰਤ ਨੂੰ ਅਜਿਹਾ ਵਜਿਆ ਕਿ ਉਸ ਦੇ ਖੂਨ ਦੀ ਧਤੀਰੀ ਪੈਣ ਲੱਗ ਪਈ। ਹਰਬੰਸ ਨੇ ਜਦੋਂ ਦੇਖਿਆ, ਉਹ ਘਬਰਾ ਗਿਆ। ਰਜਵੰਤ ਦਾ ਸਿਰ ਇਕ ਦਮ ਸੀਟ 'ਤੇ ਵੱਜਣ ਕਾਰਨ ਰਜਵੰਤ ਬੇਹੋਸ਼ ਹੋ ਗਿਆ। ਸੁਰਜੀਤ ਕੌਰ ਵੀ ਘਬਰਾ ਗਈ। ਉਸ ਦੇ ਤਾਂ ਥੋੜ੍ਹੀ ਹੀ ਸੱਟ ਵੱਜੀ ਜਾਪਦੀ ਸੀ। ਜਿਉਂ ਹੀ ਹਰਬੰਸ ਕਾਰ ਵਿਚੋਂ ਨਿਕਲਿਆ ਲੋਕ ਇਕੱਠੇ ਹੋ ਗਏ। ਰਜਵੰਤ ਨੂੰ ਇਕ ਹੋਰ ਕਾਰ ਰੋਕ ਕੇ ਉਸ ਦੀ ਮਿੰਨਤ ਕਰ ਕੇ, ਉਸ ਵਿਚ ਪਾਇਆ ਗਿਆ। ਆਪਣੀ ਕਾਰ ਨੂੰ ਉਥੇ ਹੀ ਛੱਡ ਉਹ ਤਿੰਨੇ ਕਾਰ ਵਿਚ ਨੇੜੇ ਦੇ ਹਸਪਤਾਲ ਵਿਚ ਪੁਜੇ। ਖੂਨ ਜ਼ਿਆਦਾ ਨਿਕਲ ਜਾਣ ਕਾਰਨ ਡਾਕਟਰ ਨੇ ਦੱਸਿਆ ਕਿ ਇਹ ਤਾਂ ਖਤਮ ਹੋ ਚੁੱਕਾ ਹੈ। ਹਰਬੰਸ ਅਤੇ ਸੁਰਜੀਤ ਦੀਆਂ ਸੱਟਾਂ ਉਪਰ ਦਵਾਈ ਆਦਿ ਦੇ ਕੇ ਡਾਕਟਰ ਨੇ ਛੁੱਟੀ ਦੇ ਦਿੱਤੀ। ਹਰਬੰਸ ਨੇ ਕਾਰ ਵਾਲੇ ਦਾ ਧੰਨਵਾਦ ਕਰ ਹੋਰ ਕਾਰ ਮੰਗਵਾ ਕੇ ਘਰ ਨੂੰ ਚੱਲ ਪਏ।

ਜਦੋਂ ਘਰ ਪੁੱਜੇ, ਤਾਂ ਚੀਕ-ਚਿਹਾੜਾ ਪੈ ਗਿਆ। ਸੁਰਜੀਤ ਕੌਰ ਦੀ ਦੁਨੀਆਂ ਉਜੜ ਚੁੱਕੀ ਸੀ। ਕੇਸਰ ਸਿੰਘ ਅਤੇ ਮਹਿੰਦਰ ਕੌਰ ਦਾ ਰੋ-ਰੋ ਕੇ ਬੁਰਾ ਹਾਲ ਸੀ। ਦਲਜੀਤ ਕੌਰ ਦੋਵੇਂ ਛੋਟੇ ਬੱਚਿਆਂ ਨੂੰ ਸੰਭਾਲ ਰਹੀ ਸੀ। ਕੇਸਰ ਕਹਿਣ ਲੱਗਾ ਕਿ ਮੇਰੀਆਂ ਦੋ ਬਾਹਾਂ ਵਿਚ ਅੱਜ ਇਕ ਬਾਂਹ ਟੁੱਟ ਗਈ ਹੈ। ਦੋਵੇਂ ਪੁੱਤਰਾਂ ਨੇ ਘਰ ਨੂੰ ਸੰਭਾਲਿਆ ਹੋਇਆ ਸੀ। ਪ੍ਰਮਾਤਮਾ ਦੀ ਪੂਰੀ ਮੇਹਰ ਸੀ। ਅੱਜ ਅਚਾਨਕ ਆਏ ਤੂਫ਼ਾਨ ਨੇ ਘਰ ਨੂੰ ਨੀਂਹਾਂ ਤੋਂ ਹਿਲਾ ਦਿੱਤਾ ਹੈ। ਹਰਬੰਸ ਅਤੇ ਦਲਜੀਤ ਵੀ ਰੋ ਰਹੇ ਸਨ। ਪਿੰਡ ਦੀ ਪੰਚਾਇਤ ਤੇ ਹੋਰ ਲੋਕ ਵੀ ਆ ਰਹੇ ਸਨ। ਸਾਰੇ ਅਫਸੋਸ ਪ੍ਰਗਟ ਕਰ ਰਹੇ ਸਨ। ਸੁਰਜੀਤ ਕੌਰ ਦੇ ਬੁੱਢੇ ਮਾਂ-ਬਾਪ ਵੀ ਪੁੱਜ ਗਏ। ਸਾਰੇ ਪਾਸੇ ਉਦਾਸੀ ਦਾ ਆਲਮ ਛਾਇਆ ਹੋਇਆ ਸੀ। ਅਖੀਰ ਅੰਤਿਮ ਰਸਮਾਂ ਤਾਂ ਕਰਨੀਆਂ ਹੀ ਸਨ। ਅੰਤਿਮ ਰਸਮਾਂ ਦਾ ਪ੍ਰਬੰਧ ਕਰ ਸਸਕਾਰ ਕਰ ਦਿੱਤਾ ਗਿਆ। ਲੱਡੂ ਅਤੇ ਵੀਰੂ ਨੂੰ ਕੋਈ ਸਮਝ ਨਹੀਂ ਸੀ, ਉਹ ਤਾਂ ਭੁੱਖ ਨਾਲ ਵਿਰਲ-ਵਿਰਲ ਕਰ ਰਹੇ ਸਨ। ਉਨ੍ਹਾਂ ਨੂੰ ਸੰਭਾਲਣ ਵਿਚ ਸਿਮਰੋ, ਦਲਜੀਤ ਦੀ ਮਦਦ ਕਰ ਰਹੀ ਸੀ। ਸਾਰੇ ਰਿਸ਼ਤੇਦਾਰ ਅਤੇ ਮਿੱਤਰ ਹੋਲੀ-ਹੋਲੀ ਜਾਣ ਲੱਗੇ। ਸੁਰਜੀਤ ਕੌਰ ਦੀ ਮਾਂ ਰੁਕ ਗਈ, ਜਦੋਂਕਿ ਉਸ ਦਾ ਬਾਪ ਵਾਪਸ ਚਲਾ ਗਿਆ ਕਿਉਂ ਜੋ ਘਰ ਦੀ ਦੇਖਭਾਲ ਵੀ ਕਰਨੀ ਸੀ। ਆਉਂਦੇ ਐਤਵਾਰ ਦਾ ਭੋਗ ਰੱਖਿਆ ਗਿਆ। ਭੋਗ ਨੇੜੇ ਦੇ ਗੁਰਦੁਆਰੇ ਵਿਚ ਪਾਇਆ ਜਾਣਾ ਸੀ। ਘਰ ਵਿਚ ਰਿਸ਼ਤੇਦਾਰ ਅਤੇ ਮਿੱਤਰ ਨਹੀਂ ਸਮਾਂ ਸਕਦੇ ਸੀ। ਮਹਿੰਦਰ ਕੌਰ ਨੂੰ ਦਲਜੀਤ ਕੌਰ ਨੇ ਸਮਝਾਇਆ ਕਿ ਸੁਰਜੀਤ ਕੌਰ ਨੂੰ ਪੇਕੇ ਭੇਜ ਦਿੱਤਾ ਜਾਵੇ। ਲੱਡੂ ਨੂੰ ਮੈਂ ਆਪਣੇ ਵੀਰੂ ਨਾਲ ਹੀ ਪਾਲ ਲਵਾਂਗੀ। ਜੇ ਇਹ ਸੁਰਜੀਤ ਕੌਰ ਇਥੇ ਰਹੀ, ਤਾਂ ਆਪਣੀ ਜ਼ਮੀਨ ਜਿਹੜੀ ਪਹਿਲਾਂ ਹੀ ਥੋੜ੍ਹੀ ਹੈ ਤੇ ਵੰਡੀ ਜਾਵੇਗੀ ਤੇ ਗੁਜ਼ਾਰਾ ਮੁਸ਼ਕਿਲ ਹੋ ਜਾਵੇਗਾ। ਮਹਿੰਦਰ ਕੌਰ ਨੇ ਕੇਸਰ ਸਿੰਘ ਨਾਲ ਸਲਾਹ ਕੀਤੀ। ਉਸ ਨੂੰ ਇਹ ਗੱਲ ਨਾ ਜੱਚੀ। ਜਦੋਂ ਦਲਜੀਤ ਅਤੇ ਹਰਬੰਸ ਨੇ ਜ਼ੋਰ ਪਾਇਆ, ਤਾਂ ਉਹ ਵੀ ਮੰਨ ਗਿਆ। ਭੋਗ ਤੋਂ ਪਹਿਲੇ ਦਿਨ ਮਹਿੰਦਰ ਕੌਰ ਨੇ ਸੁਰਜੀਤ ਕੌਰ ਤੇ ਉਸ ਦੀ ਮਾਂ ਨੂੰ ਸਮਝਾਇਆ ਕਿ ਲੱਡੂ ਨੂੰ ਅਸੀਂ ਰੱਖ ਲਵਾਂਗੇ, ਤੁਸੀਂ ਸੁਰਜੀਤ ਕੌਰ ਦੇ ਭਵਿੱਖ ਦਾ ਫੈਸਲਾ ਕਰ ਲਵੋ। ਇਸ ਨੂੰ ਘਰੇ ਰੱਖੋ ਜਾਂ ਹੋਰ ਵਿਆਹ ਕਰ ਦੇਵੋ, ਇਹ ਤੁਹਾਡੀ ਤੇ ਸੁਰਜੀਤ ਕੌਰ ਦੀ ਮਰਜ਼ੀ ਹੈ। ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ। ਅਸੀਂ ਤਾਂ ਇਸ ਨੂੰ ਕੱਲ੍ਹ ਨੂੰ ਭੋਗ ਤੋਂ ਪਿੱਛੋਂ ਤੁਹਾਡੇ ਨਾਲ ਤੋਰ ਦੇਣਾ ਹੈ। ਸੁਰਜੀਤ ਕੌਰ ਇਕਦਮ ਘਬਰਾ ਗਈ ਕਿ ਇਹ ਕੀ ਹੋ ਰਿਹਾ ਹੈ। ਜਦੋਂ ਅਗਲੇ ਦਿਨ ਭੋਗ ਪੈ ਚੁੱਕਿਆ, ਤਾਂ ਪੰਚਾਇਤ ਬੁਲਾ ਕੇ ਸੁਰਜੀਤ ਕੌਰ ਦੇ ਮਾਪਿਆਂ ਨੂੰ ਦੱਸ ਦਿੱਤਾ ਗਿਆ ਕਿ ਤੁਸੀਂ ਸੁਰਜੀਤ ਕੌਰ ਨੂੰ ਆਪਣੇ ਨਾਲ ਹੀ ਲੈ ਜਾਓ ਅਤੇ ਇਸ ਦੇ ਭਵਿੱਖ ਬਾਰੇ ਵਿਚਾਰ ਕਰ ਲਵੋ, ਤੁਹਾਨੂੰ ਜਿਵੇਂ ਠੀਕ ਲੱਗੇ ਕਰੋ। ਲੱਡੂ ਨੂੰ ਅਸੀਂ ਰੱਖਾਂਗੇ। ਇਸ ਨੂੰ ਦਲਜੀਤ ਕੌਰ ਆਪਣੇ ਬੱਚੇ ਨਾਲ ਹੀ ਪਾਲ ਲਵੇਗੀ। ਪੰਚਾਇਤ ਨੇ ਪਰਿਵਾਰ ਦਾ ਫੈਸਲਾ ਸੁਰਜੀਤ ਕੌਰ ਅਤੇ ਉਸ ਦੇ ਮਾਪਿਆਂ ਨੂੰ ਸੁਣਾ ਦਿੱਤਾ। ਫੈਸਲੇ, ਜਿਸ ਬਾਰੇ ਕਦੇ ਸੁਰਜੀਤ ਨੇ ਸੋਚਿਆ ਵੀ ਨਹੀਂ ਸੀ, ਅੱਜ ਉਸ ਉਪਰ ਅਮਲ ਹੋਣ ਵਾਲਾ ਸੀ। ਸੁਰਜੀਤ ਲਈ ਆਪਣੀ ਇਕੋ ਇਕ ਆਂਦਰ ਨੂੰ ਹਮੇਸ਼ਾ ਲਈ ਛੱਡ ਆਪਣੇ ਪੇਕੇ ਘਰ ਜਾਣ ਲਈ ਆਪਣੇ ਆਪ ਨੂੰ ਤਿਆਰ ਕਰਨਾ ਬਹੁਤ ਹੀ ਮੁਸ਼ਕਿਲ ਸੀ। ਉਸ ਦੇ ਅੱਥਰੂ ਆਪ ਮੁਹਾਰੇ ਵਹਿਣ ਲੱਗੇ। ਉਸ ਨੇ ਆਪਣੇ ਸਹੁਰੇ ਪਰਿਵਾਰ ਦੇ ਇਕੱਲੇ-ਇਕੱਲੇ ਜੀਅ ਦੇ ਤਰਲੇ ਕੀਤੇ ਅਤੇ ਜਦੋਂ ਉਸ ਨੇ ਮਹਿਸੂਸ ਕੀਤਾ ਕਿ ਕੋਈ ਵੀ ਛੋਟਾ ਵੱਡਾ ਪਰਿਵਾਰਿਕ ਮੈਂਬਰ ਉਸ ਦੀ ਬੇਨਤੀ 'ਤੇ ਗੌਰ ਕਰਨ ਲਈ ਤਿਆਰ ਨਹੀਂ ਸੀ, ਤਾਂ ਉਸ ਕੋਲ ਆਪਣੇ ਮਾਪਿਆਂ ਨਾਲ ਜਾਣ ਤੋਂ ਬਿਨਾ ਕੋਈ ਵੀ ਚਾਰਾ ਨਹੀਂ ਸੀ, ਤਾਂ ਉਹ ਆਪਣੀ ਵਸਦੀ-ਰਸਦੀ ਦੁਨੀਆਂ ਲੁਟਾ ਕੇ ਉਦਾਸ ਚਿੱਤ ਆਪਣੇ ਲੱਡੂ ਨੂੰ ਅੰਤਿਮ ਵਾਰ ਮਿਲਣ ਲਈ ਅੰਦਰ ਵਲ ਹੋਈ, ਤਾਂ ਮਹਿੰਦਰ ਕੌਰ ਨੇ ਉਸ ਨੂੰ ਅਜਿਹਾ ਕਰਨ ਤੋਂ ਸਖਤੀ ਨਾਲ ਵਰਜ ਦਿੱਤਾ, ਤਾਂ ਉਸ ਤੋਂ ਆਪਣੇ ਅਥਰੂ ਰੋਕੇ ਨਾ ਗਏ, ਸਗੋਂ ਉਨ੍ਹਾਂ ਦਾ ਵਹਿਣ ਤੇਜ਼ ਹੋ ਗਿਆ। ਉਸ ਦੇ ਅਥਰੂ ਕੁਝ ਨਾ ਬੋਲ ਕੇ ਵੀ ਬਹੁਤ ਕੁਝ ਆਖ ਰਹੇ ਸਨ। ਉਹ ਆਪਣਾ ਸਾਰਾ ਕੁਝ ਗੁਆ ਮਾਪਿਆਂ ਨਾਲ ਟੁਰ ਪਈ। ਮਾਪੇ ਜਿਨ੍ਹਾਂ ਨੇ ਡੋਲੀ ਵੇਲੇ ਉਸ ਨੂੰ ਤੋਰਨ ਵੇਲੇ ਹਦਾਇਤ ਕੀਤੀ ਸੀ, ਹੁਣ ਤੇਰਾ ਸਹੁਰਾ ਘਰ ਹੀ ਤੇਰਾ ਸਭ ਕੁਝ ਹੈ, ਉਥੋਂ ਹੀ ਤੇਰੀ ਅਰਥੀ ਨਿਕਲੇਗੀ, ਨੂੰ ਵਿਸਾਰ ਕੇ, ਆਪਣੀ ਬੀਬੀ ਧੀ ਨੂੰ ਆਪਣੇ ਨਾਲ ਲੈ ਤੁਰੇ। ਇਸ ਉਦਾਸ ਪਲ ਨੂੰ ਸਾਰੀ ਪੰਚਾਇਤ ਅਤੇ ਪਿੰਡ ਵਾਲੇ ਨਮ ਅੱਖਾਂ ਨਾਲ ਵੇਖ ਰਹੇ ਸੀ। ਲੱਡੂ ਨੂੰ ਤਾਂ ਕੁਝ ਸਮਝ ਨਹੀਂ ਸੀ ਕਿ ਇਹ ਸਭ ਕੀ ਵਾਪਰ ਰਿਹਾ ਹੈ। ਉਹ ਤਾਂ ਆਪਣੇ ਛੋਟੇ ਭਰਾ ਵੀਰੂ ਨਾਲ ਖਿਡੌਣਿਆਂ ਨਾਲ ਖੇਡਣ ਵਿਚ ਮਸਤ ਸੀ।

ਸੁਰਜੀਤ ਆਪਣੇ ਪੇਕੇ ਘਰ ਜਾ ਕੁਝ ਦਿਨ ਤਾਂ ਗੁੰਮ-ਸੁੰਮ ਰਹੀ, ਅਥਰੂ ਵਹਾਉਂਦੀ ਰਹੀ, ਉਹ ਅਥਰੂਆਂ ਨੂੰ ਰੋਕਣ ਦਾ ਯਤਨ ਕਰਦੀ ਹਾਲਾਤ ਨਾਲ ਸਮਝੌਤਾ ਕਰਨ ਦਾ ਯਤਨ ਕਰਦੀ ਪਰ ਅਥਰੂ ਆਪ ਮੁਹਾਰੇ ਹੋ ਚੁੱਕੇ ਸਨ, ਉਹ ਰੋਕਿਆਂ ਨਹੀਂ ਰੁਕਦੇ ਸਨ। ਉਸ ਦੇ ਮਾਪੇ ਵੀ ਪ੍ਰੇਸ਼ਾਨ ਸਨ ਪ੍ਰੰਤੂ ਉਹ ਸਮਝ ਰਹੇ ਸਨ, ਅਥਰੂ ਵੱਗਣ ਨਾਲ ਮਨ ਕੁਝ ਤਾਂ ਹੌਲਾ ਹੋਵੇਗਾ, ਭਾਵੇਂ ਉਸ ਦਾ ਦੁੱਖ ਵੱਡਾ ਸੀ, ਇਕ ਪਤੀ ਦਾ ਇਸ ਦੁਨੀਆਂ ਤੋਂ ਵਿਦਾ ਹੋ ਜਾਣਾ ਅਤੇ ਦੂਸਰਾ ਲੱਡੂ ਨੂੰ ਕਿਸੇ ਦੂਸਰੇ ਦੇ ਆਸਰੇ ਛੱਡ ਕੇ ਆਉਣਾ। ਉਸ ਦੀ ਅਕਲ ਉਸ ਨੂੰ ਜਵਾਬ ਦੇ ਚੁੱਕੀ ਸੀ ਪ੍ਰੰਤੂ ਉਸ ਨੇ ਅਸਲੀਅਤ ਦਾ ਸਾਹਮਣਾ ਤਾਂ ਕਰਨਾ ਹੀ ਸੀ। ਹੌਲੀ-ਹੌਲੀ ਸਮਾਂ ਅੱਗੇ ਵਲ ਵਧਣ ਲੱਗਾ। ਉਸ ਨੇ ਆਪਣੇ ਆਪ ਨੂੰ ਮਾਪਿਆਂ ਦੀ ਸੇਵਾ ਵਿਚ ਤੇ ਘਰ ਦੇ ਕੰਮਾਂ ਵਿਚ ਉਲਝਾਉਣਾ ਸ਼ੁਰੂ ਕਰ ਦਿੱਤਾ। ਮਾਪਿਆਂ ਨੂੰ ਵੀ ਕੁਝ ਤਸੱਲੀ ਹੋਈ। ਇਹ ਫੈਸਲਾ ਕਰਵਾ ਕੇ ਦਲਜੀਤ ਕੌਰ ਅਤੇ ਮਹਿੰਦਰ ਕੌਰ ਨੇ ਜ਼ਮੀਨ ਦੀ ਵੰਡ ਹੋਣੋਂ ਬਚਾ ਕਰ ਲਿਆ ਸੀ। ਇਸ 'ਤੇ ਉਹ ਮਨ ਵਿਚ ਖੁਸ਼ ਸਨ।

ਸਮਾਂ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ, ਇਹ ਅੱਜ ਹੋਰ ਤੇ ਭਲਕੇ ਹੋਰ ਰੰਗ ਵਿਖਾਉਂਦਾ ਹੈ। ਉਧਰ ਦੋਹਾਂ ਭਰਾਵਾਂ ਨੂੰ ਸਕੂਲ ਵਿਚ ਪਾ ਦਿੱਤਾ ਗਿਆ। ਮਹਿੰਦਰ ਕੌਰ ਅਤੇ ਦਲਜੀਤ ਕੌਰ ਰਲ-ਮਿਲ ਕੇ ਬੱਚਿਆਂ ਨੂੰ ਤਿਆਰ ਕਰ, ਉਨ੍ਹਾਂ ਦੇ ਸਕੂਲ ਛੱਡ ਆਇਆ ਕਰਦਿਆਂ ਸਨ। ਪਹਿਲਾਂ-ਪਹਿਲਾਂ ਤਾਂ ਦੋਵੇਂ ਇਕੱਠੀਆਂ ਹੀ ਛੱਡਣ ਜਾਂਦੀਆਂ ਸਨ, ਫੇਰ ਉਹ ਵਾਰੀ-ਵਾਰੀ ਜਾਣ ਲੱਗੀਆਂ। ਹਰਬੰਸ ਸਿੰਘ ਨੇ ਬੈਂਕ ਜਾਣਾ ਸ਼ੁਰੂ ਕਰ ਦਿੱਤਾ ਸੀ। ਸਮਾਂ ਤੇਜ਼ ਰਫਤਾਰ ਨਾਲ ਕਦਮ ਪੁੱਟਣ ਲੱਗ ਪਿਆ ਸੀ। ਬੱਚੇ ਅਗਲੀਆਂ ਜਮਾਤ ਵਿਚ ਹੋ ਰਹੇ ਸਨ। ਇਸ ਤਰ੍ਹਾਂ ਦੋਵਾਂ ਨੇ ਦਸਵੀਂ ਕਲਾਸ ਪਾਰ ਕਰ ਲਈ। ਲਖਵੀਰ ਨੇ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਮਨਵੀਰ ਮਸਾਂ ਹੀ ਪਾਸ ਹੋ ਸਕਿਆ। ਹੁਣ ਉਨ੍ਹਾਂ ਨੂੰ ਕਾਲਜ ਵਿਚ ਦਾਖਲ ਕਰਵਾਇਆ ਜਾਣਾ ਸੀ। ਕੇਸਰ ਸਿੰਘ ਅਤੇ ਹਰਬੰਸ ਸਿੰਘ ਦੀ ਇਹ ਰਾਏ ਸੀ ਕਿ ਦੋਹਾਂ ਨੂੰ ਇਕੋ ਹੀ ਕਾਲਜ ਵਿਚ ਪਾਇਆ ਜਾਵੇ। ਇਸ ਤਰ੍ਹਾਂ ਕਰਨ ਵਿਚ ਅੜਚਨਾਂ ਸਨ। ਇਕ ਤਾਂ ਦੋਵਾਂ ਦੇ ਨੰਬਰਾਂ ਵਿਚ ਖਾਸਾ ਫਰਕ ਸੀ। ਇੰਜ ਲੱਗ ਰਿਹਾ ਸੀ ਕਿ ਇਕੋ ਕਾਲਜ ਵਿਚ ਦਾਖਲਾ ਮਿਲਣਾ ਮੁਸ਼ਕਿਲ ਹੈ। ਉਧਰ ਦਲਜੀਤ ਵੀ ਨਹੀਂ ਚਾਹੁੰਦੀ ਸੀ ਕਿ ਲਖਵੀਰ ਨੂੰ ਹੋਰ ਪੜ੍ਹਾਇਆ ਜਾਵੇ, ਉਹ ਚਾਹੁੰਦੀ ਸੀ ਕਿ ਉਹ ਖੇਤੀ ਵਿਚ ਆਪਣੇ ਦਾਦੇ ਦੀ ਮਦਦ ਕਰੇ ਅਤੇ ਮਨਵੀਰ ਨੂੰ ਕਿਸੇ ਚੰਗੇ ਕੋਰਸ ਵਿਚ ਦਾਖਲ ਕਰਵਾਇਆ ਜਾਵੇ, ਤਾਂ ਜੋ ਪੜ੍ਹ-ਲਿਖ ਕੇ ਆਪਣੇ ਬਾਪ ਵਾਂਗ ਕੋਈ ਚੰਗਾ ਅਫਸਰ ਲੱਗ ਸਕੇ। ਜਦੋਂ ਕਾਲਜ ਵਿਚ ਦਾਖਲੇ ਬਾਰੇ ਪਤਾ ਸਤਾ ਕੀਤਾ, ਤਾਂ ਇਹ ਖਬਰ ਮਿਲੀ ਕਿ ਕਾਲਜ ਵਾਲੇ ਲਖਵੀਰ ਨੂੰ ਦਾਖਲ ਕਰਨ ਲਈ ਤਿਆਰ ਸਨ ਅਤੇ ਵਜ਼ੀਫਾ ਵੀ ਦੇ ਰਹੇ ਸਨ। ਹੋਸਟਲ ਵਿਚ ਰਹਿਣ ਦਾ ਸਾਰਾ ਖਰਚ ਵੀ ਕਾਲਜ ਵੱਲੋਂ ਕਰਨ ਲਈ ਤਿਆਰ ਸਨ, ਜਦੋਂਕਿ ਮਨਵੀਰ ਨੂੰ ਦਾਖਲ ਕਰਨ ਤੋਂ ਆਨਾਕਾਨੀ ਕਰ ਰਹੇ ਸਨ। ਹਰਬੰਸ ਦੀ ਜਾਣ-ਪਛਾਣ ਸਦਕਾ ਕਾਲਜ ਵਾਲੇ ਕੁਝ ਡੋਨੇਸ਼ਨ ਲੈ ਕੇ ਮਨਵੀਰ ਨੂੰ ਵੀ ਦਾਖਲ ਕਰਨ 'ਤੇ ਰਾਜ਼ੀ ਹੋ ਗਏ। ਦੋਹਾਂ ਨੂੰ ਕਾਲਜ ਵਿਚ ਦਾਖਲਾ ਕਰਵਾ ਦਿੱਤਾ ਗਿਆ। ਲਖਵੀਰ ਤੇ ਮਨਵੀਰ ਹੋਸਟਲ ਵਿਚ ਰਹਿਣ ਲੱਗ ਪਏ। ਉਨ੍ਹਾਂ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ। ਲਖਵੀਰ ਨੇ ਮਨ ਲਾ ਕੇ ਪੜ੍ਹਾਈ ਸ਼ੁਰੂ ਕਰ ਦਿੱਤੀ। ਜਦੋਂਕਿ ਮਨਵੀਰ ਦਾ ਪੜ੍ਹਾਈ ਵਿਚ ਮਨ ਬਿਲਕੁਲ ਹੀ ਨਹੀਂ ਲੱਗਦਾ ਸੀ।

■ ਬਾਕੀ ਅਗਲੇ ਅੰਕ 'ਚ

# ਭੈਣੋ, ਆਪਣੇ ਸਰੀਰ ਤੋਂ ਨਹੀਂ, ਸਗੋਂ ਆਪਣੀ ਬੁੱਧੀ ਤੋਂ ਆਪਣੀ ਪਛਾਣ ਕਰੋ: ਪੋਰਨੋਗ੍ਰਾਫੀ ਦੇ ਰੀਲ ਸੱਭਿਆਚਾਰ 'ਤੇ ਇੱਕ ਸਵਾਲ

ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA



ਅਸੀਂ ਇੱਕ ਅਜਿਹੇ ਯੁੱਗ ਵਿਚ ਰਹਿ ਰਹੇ ਹਾਂ, ਜਿੱਥੇ ਪਰਦੇ 'ਤੇ ਦਿਖਾਈ ਦੇਣਾ ਅਸਲ ਵਿਚ ਜਿਉਣ ਨਾਲੋਂ ਜ਼ਿਆਦਾ ਮਹੱਤਵਪੂਰਨ ਹੋ ਗਿਆ ਹੈ। ਜਿੱਥੇ ਜ਼ਿੰਦਗੀ ਕੈਮਰੇ ਦੇ ਫਰੇਮ ਤੱਕ ਸੀਮਤ ਹੋ ਗਈ ਹੈ ਅਤੇ ਇੱਕ ਵਿਅਕਤੀ ਦੀ ਕੀਮਤ ਉਸਦੇ 'ਪਸੰਦ', 'ਫਾਲੋਅਰਜ਼' ਅਤੇ 'ਵਿਊਜ਼' ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਇਸ ਡਿਜੀਟਲ ਦੌੜ ਵਿਚ, ਔਰਤਾਂ ਦੀ ਪ੍ਰਗਟਾਵੇ ਦੀ ਭਾਵਨਾ ਵੀ ਇੱਕ ਅਜੀਬ ਮੋੜ 'ਤੇ ਆ ਗਈ ਹੈ, ਜਿੱਥੇ ਰੀਲਾਂ ਬਣਾਉਣਾ ਕੋਈ ਮਾੜੀ ਗੱਲ ਨਹੀਂ ਹੈ, ਪਰ ਰੀਲਾਂ ਦੇ ਨਾਮ 'ਤੇ, ਇੱਕ ਔਰਤ ਦੀ ਇੱਜ਼ਤ ਅਤੇ ਉਸਦੀ ਸਮਾਜਿਕ ਛਵੀ ਨੂੰ ਬੇਸ਼ਰਮੀ ਨਾਲ ਵੱਢਿਆ ਜਾ ਰਿਹਾ ਹੈ।

ਜਿੰਮ, ਮਾਲ, ਗਲੀ, ਬਾਥਰੂਮ ਅਤੇ ਬੈੱਡਰੂਮ – ਹਰ ਕੋਨਾ ਹੁਣ ਇੱਕ ਸਮੱਗਰੀ ਸਟੂਡੀਓ ਬਣ ਗਿਆ ਹੈ। ਕੁਝ ਕੁੜੀਆਂ ਸੋਸ਼ਲ ਮੀਡੀਆ 'ਤੇ ਜਿਸ ਤਰ੍ਹਾਂ ਦੀਆਂ ਅਸ਼ਲੀਲ ਰੀਲਾਂ ਬਣਾ ਰਹੀਆਂ ਹਨ, ਉਹ ਨਾ ਸਿਰਫ਼ ਉਨ੍ਹਾਂ ਦੀ ਆਪਣੀ ਇੱਜ਼ਤ ਨੂੰ ਢਾਹ ਲਾ ਰਹੀਆਂ ਹਨ, ਸਗੋਂ ਪੂਰੀ ਔਰਤ ਦੀ ਇੱਜ਼ਤ ਨੂੰ ਵੀ ਢਾਹ ਲਗਾ ਰਹੀਆਂ ਹਨ। ਕੀ ਤੁਸੀਂ ਸੱਚਮੁੱਚ ਸੋਚਦੇ ਹੋ ਕਿ ਸਿਰਫ਼ "ਵਾਇਰਲ" ਹੋਣ ਨਾਲ ਹੀ ਕੋਈ ਸ਼ਕਤੀਸ਼ਾਲੀ ਬਣ ਜਾਂਦਾ ਹੈ?

ਇੱਕ ਔਰਤ ਕੋਲ ਸਭ ਤੋਂ ਵੱਡੀ ਜਾਇਦਾਦ ਉਸਦਾ ਸਵੈ-ਮਾਣ ਅਤੇ ਜ਼ਮੀਰ ਹੁੰਦੀ ਹੈ। ਅੱਜ ਜੋ ਕੁੜੀਆਂ ਕਸਰਤ ਦੇ ਨਾਮ 'ਤੇ ਅਜਿਹੇ ਕੱਪੜੇ ਪਾ ਰਹੀਆਂ ਹਨ ਕਿ ਉਨ੍ਹਾਂ ਨੂੰ ਦੇਖ ਕੇ ਵੀ ਸ਼ਰਮ ਆਉਂਦੀ ਹੈ, ਉਹ ਸ਼ਾਇਦ ਇਹ ਨਹੀਂ ਜਾਣਦੀਆਂ ਕਿ ਉਹ ਔਰਤਾਂ ਦੀ ਆਜ਼ਾਦੀ ਨੂੰ ਨਹੀਂ, ਸਗੋਂ ਔਰਤਾਂ ਦੇ ਵਪਾਰੀਕਰਨ ਨੂੰ ਉਤਸ਼ਾਹਿਤ ਕਰ ਰਹੀਆਂ ਹਨ। ਸਰੀਰ ਦਿਖਾ ਕੇ ਪਛਾਣ ਬਣਾਉਣਾ ਮਾਣ ਵਾਲੀ ਗੱਲ ਨਹੀਂ ਹੈ। ਜੇਕਰ ਤੁਹਾਨੂੰ ਰੀਲਾਂ ਬਣਾਉਣੀਆਂ ਹਨ, ਤਾਂ ਫਿਰ ਅਜਿਹੀਆਂ ਰੀਲਾਂ ਕਿਉਂ ਨਾ ਬਣਾਈਆਂ ਜਾਣ, ਜਿਨ੍ਹਾਂ ਵਿਚ ਤੁਹਾਡੀ ਕਲਾ, ਮਿਹਨਤ, ਸੋਚ ਅਤੇ ਸੰਵੇਦਨਸ਼ੀਲਤਾ ਝਲਕਦੀ ਹੋਵੇ?

ਅੱਜ, ਹਰ ਤੀਜੀ ਰੀਲ ਵਿਚ, "ਪਿਛਲਾ ਪਾਸਾ" ਫਰੇਮ ਦੇ ਵਿਚਕਾਰ ਹੈ, ਕੈਮਰਾ ਕਮਰ 'ਤੇ ਜ਼ੂਮ ਕਰਦਾ ਹੈ ਅਤੇ ਕੈਪਸ਼ਨ ਹੈ – "ਕਲਾਸਿਕ ਅਤੇ ਸੈਕਸੀ!" ਕੀ ਇਹ ਇੱਕ ਔਰਤ ਦੀ ਪਰਿਭਾਸ਼ਾ ਬਣਦੀ ਜਾ ਰਹੀ ਹੈ?



ਔਰਤਾਂ ਦੀ ਲਹਿਰ ਕਦੇ ਵੀ ਇਸ ਉਦੇਸ਼ ਨਾਲ ਨਹੀਂ ਚਲਾਈ ਗਈ। ਅਸੀਂ ਸਿੱਖਿਆ, ਸਮਾਨਤਾ, ਆਜ਼ਾਦੀ ਅਤੇ ਸਵੈ-ਨਿਰਭਰਤਾ ਲਈ ਲੜੀ, ਨਾ ਕਿ ਸਟੇਜ 'ਤੇ ਖੜ੍ਹੇ ਹੋ ਕੇ ਆਪਣੇ ਸਰੀਰਾਂ ਨੂੰ ਪ੍ਰਦਰਸ਼ਿਤ ਕਰਨ ਲਈ। ਉਨ੍ਹਾਂ ਲੋਕਾਂ ਨੂੰ ਪੁੱਛੋ ਜੋ ਕਹਿੰਦੇ ਹਨ, "ਇਹ ਔਰਤਾਂ ਦੀ ਆਜ਼ਾਦੀ ਹੈ" – ਕੀ ਸਰੀਰ ਨੂੰ ਆਜ਼ਾਦੀ ਦਾ ਉਤਪਾਦ ਬਣਾ ਰਿਹਾ ਹੈ ਜਾਂ ਆਧੁਨਿਕ ਗੁਲਾਮੀ?

ਅਤੇ ਇਹ ਸਿਰਫ਼ ਉਨ੍ਹਾਂ ਕੁੜੀਆਂ ਦਾ ਕਸੂਰ ਨਹੀਂ ਹੈ, ਜੋ ਅਜਿਹੀਆਂ ਰੀਲਾਂ ਬਣਾਉਂਦੀਆਂ ਹਨ। ਇਹ ਸਮਾਜ ਦਾ ਵੀ ਅਪਰਾਧ ਹੈ – ਖਾਸ ਕਰਕੇ ਮਰਦਾਂ ਦਾ। ਇਹੀ ਆਦਮੀ ਅਜਿਹੀਆਂ ਵੀਡੀਓਜ਼ ਨੂੰ ਲੱਖਾਂ ਵਿਊਜ਼ ਦਿੰਦੇ ਹਨ, ਲਾਈਕਸ ਦਿੰਦੇ ਹਨ ਅਤੇ ਫਿਰ ਟਿੱਪਣੀਆਂ ਵਿਚ ਨੈਤਿਕਤਾ 'ਤੇ ਭਾਸ਼ਣ ਵੀ ਦਿੰਦੇ ਹਨ। ਉਸੇ ਵੀਡੀਓ ਵਿਚ, ਆਦਮੀ ਦੀਆਂ ਅੱਖਾਂ ਹਿੱਲਦੀਆਂ ਹਨ ਅਤੇ ਉਸਦੀਆਂ ਉਂਗਲਾਂ ਵੀ ਨੈਤਿਕਤਾ ਟਾਈਪ ਕਰਦੀਆਂ ਹਨ। ਇਹ ਪਖੰਡ ਬੰਦ ਹੋਣਾ ਚਾਹੀਦਾ ਹੈ।

ਜ਼ਰਾ ਸੋਚੋ, ਜਦੋਂ ਇੱਕ ਛੋਟੀ ਕੁੜੀ ਇਹ ਸਭ ਦੇਖਦੀ ਵੱਡੀ ਹੋਵੇਗੀ ਤਾਂ ਕੀ ਹੋਵੇਗਾ? ਜਦੋਂ ਉਹ ਦੇਖਦੀ ਹੈ ਕਿ ਜ਼ਿਆਦਾ ਸਰੀਰ ਦਿਖਾਉਣ ਵਾਲਿਆਂ ਨੂੰ ਜ਼ਿਆਦਾ ਲਾਈਕਸ ਮਿਲਦੇ ਹਨ, ਤਾਂ ਉਹ ਕਿਸ ਦਿਸ਼ਾ ਵਿਚ ਜਾਵੇਗੀ? ਇਹ ਰੀਲ ਕਲਚਰ ਨਾਰੀਵਾਦ ਨੂੰ ਖੋਹਣ ਦੀ ਇੱਕ ਚੁੱਪ ਸਾਜ਼ਿਸ਼ ਹੈ। ਡਿਜੀਟਲ ਗਲੈਮਰ ਦੀ ਇਸ ਦੌੜ ਵਿਚ, ਅਸੀਂ ਔਰਤਾਂ ਨੂੰ ਫਿਰ ਉਸ ਜਗ੍ਹਾ 'ਤੇ ਲੈ ਜਾ ਰਹੇ ਹਾਂ, ਜਿੱਥੇ ਉਨ੍ਹਾਂ ਨੂੰ ਸਿਰਫ਼ 'ਦੇਖਣ' ਲਈ ਇੱਕ ਵਸਤੂ ਬਣਾਇਆ ਗਿਆ ਸੀ।

ਆਜ਼ਾਦੀ ਦੀ ਅਸਲ ਪਰਿਭਾਸ਼ਾ ਇਹ ਹੈ ਕਿ ਜਦੋਂ ਔਰਤ ਆਪਣੇ ਲਈ ਜਿਉਂਦੀ ਹੈ, ਸਮਾਜ ਦੇ ਕਲਿੱਕਬਾਜ਼ੀ ਬਾਜ਼ਾਰ ਲਈ ਨਹੀਂ। ਇੱਕ ਕੁੜੀ ਸੁੰਦਰ ਵੀ ਹੋ ਸਕਦੀ ਹੈ, ਫੈਸ਼ਨੇਬਲ ਵੀ ਹੋ ਸਕਦੀ ਹੈ, ਪਰ ਕੀ ਇਹ ਜ਼ਰੂਰੀ ਹੈ ਕਿ ਉਹ ਹਰ ਵਾਰ ਆਪਣਾ ਸਰੀਰ ਵੇਚੇ? ਕਿਹੜੇ ਵਿਚਾਰ, ਕਿਹੜਾ ਕਿਰਦਾਰ, ਕਿਹੜਾ ਸੰਘਰਸ਼ – ਇਹ ਸਭ ਸਿਰਫ਼ ਨਾਵਲਾਂ ਦਾ ਸਮਾਨ ਹੀ ਰਹਿ ਗਏ ਹਨ?

ਦੂਜੇ ਪਾਸੇ, ਜਿਨ੍ਹਾਂ ਪਲੇਟਫਾਰਮਾਂ ਨੂੰ ਸਮਾਜਿਕ ਸੁਧਾਰ ਦੇ ਸਾਧਨ ਮੰਨਿਆ ਜਾਂਦਾ ਸੀ – ਜਿਵੇਂ ਕਿ ਇੰਸਟਾਗ੍ਰਾਮ, ਯੂਟਿਊਬ, ਫੇਸਬੁੱਕ – ਅਸੀਂ ਉਨ੍ਹਾਂ ਨੂੰ ਡਿਜੀਟਲ ਵੇਸਵਾਘਰਾਂ ਵਿਚ ਬਦਲ ਦਿੱਤਾ ਹੈ। ਇਹ ਸਿਰਫ਼ ਸਰਕਾਰ ਦੀ ਅਸਫਲਤਾ ਨਹੀਂ ਹੈ, ਸਗੋਂ ਸਾਡੇ ਸਾਰਿਆਂ ਦੀ ਚੁੱਪੀ ਦਾ ਨਤੀਜਾ ਹੈ।

ਇਹ ਲੜਾਈ ਸਿਰਫ਼ ਔਰਤਾਂ ਦੀ ਨਹੀਂ ਹੋਣੀ ਚਾਹੀਦੀ, ਸਗੋਂ ਹਰ ਉਸ ਵਿਅਕਤੀ ਦੀ ਹੋਣੀ ਚਾਹੀਦੀ ਹੈ ਜੋ ਇੱਕ ਸਿਹਤਮੰਦ, ਮਾਣਮੱਤੇ ਅਤੇ ਨੈਤਿਕ ਸਮਾਜ ਦਾ ਸੁਪਨਾ ਲੈਂਦਾ ਹੈ। ਕੌਣ ਚਾਹੁੰਦਾ ਹੈ ਕਿ ਉਸਦੀ ਧੀ, ਭੈਣ, ਦੋਸਤ ਜਾਂ ਪਤਨੀ ਡਿਜੀਟਲ ਦੁਨੀਆਂ ਵਿਚ ਉਸਦੀ ਪ੍ਰਤਿਭਾ ਦੁਆਰਾ ਪਛਾਣੀ ਜਾਵੇ, ਉਸਦੀ ਕਮਰ ਦੇ ਮੋੜ ਦੁਆਰਾ ਨਹੀਂ।

ਹੁਣ ਸਮਾਂ ਆ ਗਿਆ ਹੈ ਕਿ ਔਰਤਾਂ ਖੁਦ ਅੱਗੇ ਆਉਣ ਅਤੇ ਕਹਿਣ – "ਬਸ ਬਹੁਤ ਹੋ ਗਿਆ।"

ਜੇ ਤੁਸੀਂ ਰੀਲਾਂ ਬਣਾਉਣਾ ਚਾਹੁੰਦੇ ਹੋ, ਤਾਂ ਉਨ੍ਹਾਂ ਨੂੰ ਬਣਾਓ, ਪਰ ਸੋਚ-ਸਮਝ ਕੇ ਬਣਾਓ।

ਨੱਚੋ, ਪਰ ਰੂਹ ਨਾਲ – ਕੈਮਰੇ ਲਈ ਨਹੀਂ।

ਉਨ੍ਹਾਂ ਨੂੰ ਹਸਾਓ, ਦੱਸੋ, ਸਿਖਾਓ, ਜੁੜੋ – ਕਿਉਂਕਿ ਇੱਕ ਔਰਤ ਸਿਰਫ਼ ਇੱਕ ਆਕਰਸ਼ਣ ਨਹੀਂ ਹੈ, ਉਹ ਇੱਕ ਪ੍ਰੇਰਨਾ ਹੈ।

ਅਤੇ ਮੈਨੂੰ ਮਰਦਾਂ ਨੂੰ ਵੀ ਇਹੀ ਕਹਿਣਾ ਪਵੇਗਾ – ਹੁਣ ਆਪਣੇ ਕਲਿੱਕਾਂ ਨਾਲ ਸਮਾਜ ਨਾ ਚਲਾਓ।

ਜੇ ਤੁਸੀਂ ਪੋਰਨੋਗ੍ਰਾਫੀ ਨੂੰ ਰੋਕਣਾ ਚਾਹੁੰਦੇ ਹੋ, ਤਾਂ ਇਸਨੂੰ ਦੇਖਣਾ ਬੰਦ ਕਰ ਦਿਓ।

ਰੀਲਾਂ ਉਦੋਂ ਵਾਇਰਲ ਹੋ ਜਾਂਦੀਆਂ ਹਨ, ਜਦੋਂ ਉਨ੍ਹਾਂ ਨੂੰ ਦੇਖਣ ਵਾਲੇ ਅੱਖਾਂ ਮੀਚ ਕੇ ਆਪਣਾ ਦਿਲ ਖੋਲ੍ਹ ਦਿੰਦੇ ਹਨ।

ਇੱਕ ਹੋਰ ਗੱਲ – ਜਿਹੜੀਆਂ ਕੁੜੀਆਂ ਸੋਚਦੀਆਂ ਹਨ ਕਿ ਲੋਕ ਉਨ੍ਹਾਂ ਨੂੰ ਪਸੰਦ ਕਰ ਰਹੇ ਹਨ, ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਪਸੰਦ ਅਤੇ ਖਪਤ ਵਿਚ ਅੰਤਰ ਹੈ।

ਇੱਕ ਨੂੰ ਦੇਖਣ ਨਾਲ ਤੁਹਾਨੂੰ ਸਤਿਕਾਰ ਮਿਲਦਾ ਹੈ, ਦੂਜੇ ਨੂੰ ਦੇਖਣ ਨਾਲ ਕਾਮ-ਵਾਸਨਾ ਪੈਦਾ ਹੁੰਦੀ ਹੈ।

ਤੁਸੀਂ ਖੁਦ ਫੈਸਲਾ ਕਰੋ, ਤੁਸੀਂ ਕਿਹੜਾ ਦਿੱਖ ਚਾਹੁੰਦੇ ਹੋ?

ਸ਼ਾਇਦ ਹੁਣ ਇੱਕ ਨਵੀਂ ਡਿਜੀਟਲ ਕ੍ਰਾਂਤੀ ਦਾ ਸਮਾਂ ਹੈ,

ਜਿੱਥੇ ਇੱਕ ਔਰਤ ਦੇ ਹੱਥ ਵਿਚ ਮੋਬਾਈਲ ਫ਼ੋਨ ਹੁੰਦਾ ਹੈ – ਪਰ ਕੈਮਰੇ ਦੇ ਸਾਹਮਣੇ, ਇਹ ਉਸਦਾ ਸਰੀਰ ਨਹੀਂ, ਸਗੋਂ ਉਸਦੇ ਵਿਚਾਰ ਹੁੰਦੇ ਹਨ।

"ਰੀਲ ਵਿਚ ਨਾ ਗੁਆਚੋ, ਭੈਣ, ਆਪਣੇ ਵਿਚਾਰਾਂ ਨੂੰ ਆਵਾਜ਼ ਦਿਓ,

ਤੁਸੀਂ ਅੰਦਰੋਂ ਜੋ ਵੀ ਹੋ, ਉਸਨੂੰ ਅਸਲੀ ਸੰਗੀਤ ਦਿਓ।

ਆਪਣੀ ਬੁੱਧੀ ਦੀ ਪਛਾਣ ਕਰੋ, ਆਪਣੇ ਸਰੀਰ ਦੀ ਨਹੀਂ।

ਇਹ ਇੱਕ ਔਰਤ ਦੀ ਸਭ ਤੋਂ ਉੱਚੀ ਉਡਾਣ ਹੈ!"

# ਡੀ ਡੀ ਪੰਜਾਬੀ ਦਾ 25 ਸਾਲ ਦਾ ਸਫ਼ਰ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਡੀ ਡੀ ਪੰਜਾਬੀ ਚੈਨਲ ਦਾ ਉਦਘਾਟਨ 5 ਅਗਸਤ 2000 ਨੂੰ ਹੋਇਆ ਸੀ। ਪੀ.ਏ.ਪੀ. ਗਰਾਊਂਡ ਜਲੰਧਰ ਵਿਚ ਖ਼ੂਬ ਰੌਣਕਾਂ ਲੱਗੀਆਂ ਸਨ। ਵਿਸ਼ਾਲ ਸੰਗੀਤਕ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਹੋਇਆ ਸੀ। ਉਸ ਸਮੇਂ ਗਾਇਕ ਕਲਾਕਾਰਾਂ ਦੁਆਰਾ ਪੇਸ਼ ਕੀਤੇ ਗਏ ਗੀਤ ਅੱਜ ਵੀ ਦਰਸ਼ਕਾਂ ਦੇ ਚੇਤਿਆਂ ਵਿਚ ਵੱਸੇ ਹਨ। ਗੁਰਦਾਸ ਮਾਨ ਦੁਆਰਾ ਗਾਇਆ ਗੀਤ 'ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ, ਫਿੱਕੀ ਪੈ ਗਈ ਚਿਹਰੇ ਦੀ ਨੁਹਾਰ ਨੀ' ਇਸ ਉਦਘਾਟਨੀ ਸਮਾਰੋਹ ਦੀ ਸ਼ਾਨ ਤੇ ਪਛਾਣ ਬਣ ਗਿਆ ਸੀ।

ਮੌਕੇ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਅਰੁਨ ਜੇਤਲੀ ਨੇ ਕਿਹਾ ਸੀ, "ਇਸ ਚੈਨਲ ਦੀ ਸ਼ੁਰੂਆਤ ਪੰਜਾਬ ਤੇ ਪੰਜਾਬੀਅਤ ਲਈ ਸ਼ੁੱਭ ਸ਼ਗਨ ਹੈ।" ਮੌਕੇ ਦੇ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਸੀ, "ਡੀ ਡੀ ਪੰਜਾਬੀ ਰਾਹੀਂ ਪੰਜਾਬੀ ਦਾ ਸੰਦੇਸ਼ ਦੂਰ-ਦੁਰਾਡੇ ਪਹੁੰਚੇਗਾ।" ਪੰਜਾਬ ਦੇ ਮੌਕੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਫ਼ੀ ਗੱਲਾਂ ਕੀਤੀਆਂ ਸਨ। ਉਨ੍ਹਾਂ ਕਿਹਾ ਸੀ, "ਸਾਡੀਆਂ ਚਿਰਾਂ ਦੀਆਂ ਉਡੀਕਾਂ ਅੱਜ ਮੁੱਕੀਆਂ ਹਨ। ਸਾਰੀ ਦੁਨੀਆਂ ਦੇ ਪੰਜਾਬੀਆਂ ਨੂੰ ਇਸਦੀ ਡਾਹਢੀ ਖ਼ੁਸ਼ੀ ਹੈ। ਪਰਵਾਸੀ ਪੰਜਾਬੀ ਜਿਹੜੇ ਆਪਣੀ ਮਾਂ ਬੋਲੀ ਅਤੇ ਵਿਰਾਸਤ ਤੋਂ ਹੌਲੀ-ਹੌਲੀ ਦੂਰ ਹੁੰਦੇ ਜਾ ਰਹੇ ਹਨ - ਇਸ ਚੈਨਲ ਰਾਹੀਂ ਉਹ ਮੁੜ ਪੰਜਾਬ ਤੇ ਪੰਜਾਬੀ ਨਾਲ ਜੁੜ ਸਕਣਗੇ। ਦੂਸਰੇ ਪਾਸੇ ਪੰਜਾਬੀ ਜ਼ੁਬਾਨ ਅਤੇ ਕਲਚਰ ਦੀ ਸਾਂਝ ਪੂਰੇ ਸੰਸਾਰ ਨਾਲ ਪਵੇਗੀ।

ਕਲਾਕਾਰ ਅਤੇ ਸੰਸਦ ਮੈਂਬਰ ਵਿਨੋਦ ਖੰਨਾ ਦੇ ਸ਼ਬਦ ਸਨ, "1947 'ਚ ਬੜਾ ਕੁਝ ਬਿਖਰ ਗਿਆ, ਟੁੱਟ ਗਿਆ, ਲੁੱਟ ਗਿਆ, ਖੋਹਿਆ ਗਿਆ, ਪਰੰਤੂ ਇਕ ਚੀਜ਼ ਸੀ ਜੋ ਸਾਡੇ ਤੋਂ ਕੋਈ ਨਹੀਂ ਖੋਹ ਸਕਿਆ, ਉਹ ਹੈ ਪੰਜਾਬੀ ਸ਼ਖ਼ਸੀਅਤ। ਉਸੇ ਪੰਜਾਬੀ ਸ਼ਖ਼ਸੀਅਤ ਨੂੰ ਇਹ ਚੈਨਲ ਪੂਰੀ ਦੁਨੀਆਂ ਤੱਕ ਪਹੁੰਚਾਏਗਾ।"

ਮੌਕੇ ਦੇ ਡਾਇਰੈਕਟਰ ਅਸ਼ੋਕ ਜੇਲਖਾਨੀ ਨੇ ਆਪਣੇ ਹਾਵ-ਭਾਵ ਪ੍ਰਗਟਾਉਂਦਿਆਂ ਆਖਿਆ ਸੀ, "ਅਸੀਂ ਇਕ ਪਰਿਵਾਰਕ ਚੈਨਲ ਆਰੰਭ ਕਰਨ ਜਾ ਰਹੇ ਹਾਂ, ਜਿਸ ਰਾਹੀਂ ਸਾਫ਼-ਸੁਥਰਾ ਮਨੋਰੰਜਨ ਮੁਹੱਈਆ ਕੀਤਾ ਜਾਵੇਗਾ। ਪੰਜਾਬ ਦੀਆਂ ਸਮਾਜਕ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦੇ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਣਗੇ। ਇਸ ਰਾਹੀਂ ਸਮੁੱਚੇ ਪੰਜਾਬ ਦੀ ਸਹੀ ਤਸਵੀਰ ਪੇਸ਼ ਕੀਤੀ ਜਾਵੇਗੀ। ਡੀ ਡੀ ਪੰਜਾਬੀ ਹਰੇਕ ਉਮਰ, ਹਰੇਕ ਵਰਗ ਦੇ ਦਰਸ਼ਕਾਂ ਲਈ ਹੋਵੇਗਾ। ਸਾਹਿਤ, ਸੰਗੀਤ, ਸਿਆਸਤ, ਖੇਤੀਬਾੜੀ, ਖੇਡਾਂ, ਦਿਹਾਤੀ ਜਨ-ਜੀਵਨ, ਖ਼ਬਰਾਂ, ਚਲੰਤ ਮਾਮਲੇ, ਟਾਕ-ਸ਼ੋਅ ਨਾਲ ਸੰਬੰਧਤ ਪ੍ਰੋਗਰਾਮ ਨਵੀਂ ਰੂਪ-ਰੇਖਾ ਨਾਲ ਪੇਸ਼ ਕੀਤੇ ਜਾਣਗੇ।"

ਅਜਿਹੇ ਵੱਡੇ-ਵੱਡੇ ਦਾਅਵਿਆਂ ਉਪਰੰਤ ਜਦ ਡੀ ਡੀ ਪੰਜਾਬੀ ਆਰੰਭ ਹੋਇਆ, ਤਾਂ ਕੁਝ ਦੇਰ ਪੁਰਾਣੇ ਪ੍ਰੋਗਰਾਮ ਪ੍ਰਸਾਰਿਤ ਕਰਨ ਬਾਅਦ ਜਦ ਨਵੇਂ ਨਿਵੇਕਲੇ ਪ੍ਰੋਗਰਾਮ ਦੀ ਤਿਆਰੀ ਵਿਚ ਜੁੱਟੇ ਨਿਰਮਾਤਾਵਾਂ ਨੇ ਪਟਾਰੀ ਦਾ ਮੂੰਹ ਖੋਲ੍ਹਿਆ, ਤਾਂ ਦਰਸ਼ਕਾਂ ਦੇ ਚਿਹਰਿਆਂ 'ਤੇ ਹੈਰਾਨੀ ਅਤੇ ਖ਼ੁਸ਼ੀ ਦੇ ਮਿਲੇ ਜੁਲੇ ਭਾਵ ਸਨ। ਰੋਜ਼ ਸਵੇਰੇ, ਗੱਲਾਂ ਤੇ ਗੀਤ, ਖ਼ਾਸ ਖ਼ਬਰ ਇਕ ਨਜ਼ਰ, ਜੇ ਜਾਣਾ ਪ੍ਰਦੇਸ, ਤੀਰ ਨਿਸ਼ਾਨੇ 'ਤੇ, ਪਿੰਡਾਂ ਦੀ ਬਦਲਦੀ ਨੁਹਾਰ ਅਤੇ ਬੜਾ ਕੁਝ ਹੋਰ। ਜਿਵੇਂ-ਜਿਵੇਂ ਇਹ ਪ੍ਰੋਗਰਾਮ ਪਰਦੇ 'ਤੇ ਆਉਂਦੇ ਗਏ, ਚੈਨਲ ਦੀ ਟੀ ਆਰ ਪੀ ਵੱਧਦੀ ਗਈ।

ਦਹਾਕਿਆਂ ਤੱਕ ਡੀ ਡੀ ਪੰਜਾਬੀ ਨੇ ਇਹ ਪ੍ਰਭਾਵ, ਇਹ ਆਕਰਸ਼ਨ ਬਣਾਈ ਰੱਖਿਆ ਅਤੇ ਸਮੇਂ-ਸਮੇਂ ਕੀਤੀਆਂ ਗਈਆਂ ਤਬਦੀਲੀਆਂ ਨੂੰ ਦਰਸ਼ਕਾਂ ਨੇ ਪਸੰਦ ਕੀਤਾ। ਦੁਨੀਆਂ ਵਿਚ ਜਿੱਥੇ-ਜਿੱਥੇ ਵੀ ਪੰਜਾਬੀਆਂ ਦੀ ਵਸੋਂ ਹੈ, ਉਥੇ-ਉਥੇ ਇਹ ਚੈਨਲ ਵੇਖਿਆ ਜਾਣ ਲੱਗਾ। ਭਾਰਤ ਦੇ ਪ੍ਰਮੁੱਖ ਸ਼ਹਿਰਾਂ ਦੇ ਪੰਜਾਬੀ ਵੀ ਇਸ ਨਾਲ ਜੁੜਦੇ ਗਏ। ਇਹ ਡੀ ਡੀ ਪੰਜਾਬੀ ਦਾ ਗੋਲਡਨ ਪੀਰੀਅਡ ਸੀ। ਸਵੇਰ ਤੋਂ ਸ਼ਾਮ ਤੱਕ ਦੂਰਦਰਸ਼ਨ ਕੇਂਦਰ ਵਿਖੇ ਚਹਿਲ-ਪਹਿਲ ਰਹਿੰਦੀ ਸੀ। ਹਰ ਕੋਈ 'ਗੱਲਾਂ ਤੇ ਗੀਤ' ਅਤੇ 'ਖ਼ਾਸ ਖ਼ਬਰ ਇਕ ਨਜ਼ਰ' ਵਿਚ ਸ਼ਾਮਲ ਹੋਣਾ ਚਾਹੁੰਦਾ ਸੀ।

ਪੰਜਾਬੀ ਮਾਨਸਿਕਤਾ ਅਤੇ ਸਮਾਜਿਕ ਮਾਨਵੀ ਸਰੋਕਾਰਾਂ ਨਾਲ ਜੁੜੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਸਨ। ਮਨੁੱਖ ਤੇ ਸਮਾਜ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿਚ ਡੀ ਡੀ ਪੰਜਾਬੀ ਯਤਨਸ਼ੀਲ ਸੀ। ਆਡੀਓ ਵੀਡੀਓ ਦੇ ਸ਼ਕਤੀਸ਼ਾਲੀ ਸੁਮੇਲ ਸਦਕਾ ਪੰਜਾਬੀ ਜੀਵਨ, ਪੰਜਾਬੀ ਸਮਾਜ, ਪੰਜਾਬੀ ਸੰਗੀਤ ਨੂੰ ਉਸਾਰੂ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ।

'ਖ਼ਾਸ ਖ਼ਬਰ ਇਕ ਨਜ਼ਰ, ਗੱਲਾਂ ਤੇ ਗੀਤ, ਅੱਜ ਦਾ ਮਸਲਾ, ਪੰਜ ਵਜੇ ਲਾਈਵ, ਦੂਰਦਰਸ਼ਨ ਸੱਥ, ਅੰਤਾਕਸ਼ਰੀ, ਖੇਤੀਬਾੜੀ' ਸੈਮੀਨਾਰਾਂ ਨੇ ਸੂਝਵਾਨ ਦਰਸ਼ਕਾਂ ਦੀ ਸੋਚ ਨੂੰ ਟੁੰਬਿਆ।

ਫਿਰ ਇਕ ਸਮਾਂ ਆਇਆ ਜਦ ਇਹ ਸਾਰਾ ਕੁਝ ਬਿਖਰ ਗਿਆ। ਇਕ ਥੜ੍ਹਾ ਸੀ, ਜੋ ਢਹਿ ਗਿਆ। ਦਰਸ਼ਕ ਹੌਲੀ-ਹੌਲੀ ਦੂਰ ਹੁੰਦੇ ਗਏ। ਮਿਆਰੀ ਪ੍ਰੋਗਰਾਮ ਬੰਦ ਹੋਣ ਲੱਗੇ। ਰੂਪ-ਰੇਖਾ ਬਦਲਣ ਲੱਗੀ। ਦਰਸ਼ਕਾਂ ਦੀ ਦਿਲਚਸਪੀ ਘੱਟਦੀ ਗਈ। ਦਰਸ਼ਕ ਚੈਨਲ ਨਹੀਂ ਚੁਣਦੇ, ਦਰਸ਼ਕ ਪ੍ਰੋਗਰਾਮ ਚੁਣਦੇ ਹਨ। ਪ੍ਰੋਗਰਾਮਾਂ ਦੇ ਸਿਰ 'ਤੇ ਚੈਨਲ ਚੱਲਦਾ ਹੈ।

ਡਾ. ਓਮ ਗੌਰੀ ਦੱਤ ਸ਼ਰਮਾ ਤੱਕ ਚੈਨਲ ਨੇ, ਪ੍ਰੋਗਰਾਮਾਂ ਨੇ ਆਪਣੀ ਪਕੜ ਬਣਾਈ ਰੱਖੀ ਕਿਉਂਕਿ ਉਹ ਬਹੁਤ ਮਿਹਨਤ ਕਰਦੇ ਸਨ, ਬਹੁਤ ਦਿਲਚਸਪੀ ਲੈਂਦੇ ਸਨ।

ਹੁਣ ਇਕ ਵਾਰ ਫਿਰ ਡੀ ਡੀ ਪੰਜਾਬੀ ਨੂੰ ਲੀਹ 'ਤੇ ਲਿਆਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਸ਼੍ਰੀ ਕੇਵਲ ਕ੍ਰਿਸ਼ਨ ਪ੍ਰੋਗਰਾਮ ਮੁਖੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਸਖ਼ਤ ਮਿਹਨਤ ਕੀਤੀ ਜਾ ਰਹੀ ਹੈ। ਉਸੇ ਮਿਹਨਤ ਤੇ ਦਿਲਚਸਪੀ ਦਾ ਨਤੀਜਾ ਹੈ ਕਿ ਡੀ ਡੀ ਪੰਜਾਬੀ ਦੂਰਦਰਸ਼ਨ ਦੇ ਸਾਰੇ ਖੇਤਰੀ ਚੈਨਲਾਂ ਵਿਚੋਂ ਲਗਾਤਾਰ ਪਹਿਲੇ ਸਥਾਨ 'ਤੇ ਆ ਰਿਹਾ ਹੈ ਅਤੇ ਪੰਜਾਬੀ ਚੈਨਲਾਂ ਵਿਚੋਂ ਦਰਸ਼ਕ-ਗਿਣਤੀ ਪੱਖੋਂ ਦੂਸਰੇ ਜਾਂ ਤੀਸਰੇ ਸਥਾਨ 'ਤੇ ਰਹਿੰਦਾ ਹੈ।

ਡੀ ਡੀ ਪੰਜਾਬੀ ਦੀ ਸਿਲਵਰ ਜੁਬਲੀ ਮੌਕੇ ਸ਼੍ਰੀ ਕੇਵਲ ਕ੍ਰਿਸ਼ਨ, ਸ਼੍ਰੀ ਆਰ.ਕੇ. ਜਾਰੰਗਲ, ਸ਼੍ਰੀ ਸੁਖਵਿੰਦਰ ਕੁਮਾਰ, ਸ਼੍ਰੀ ਦਿਲਬਾਗ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ 'ਜਸ਼ਨ ਦੀ ਰਾਤ' ਅਤੇ 'ਸਫ਼ਰ ਦੇ ਹਮਸਫ਼ਰ' ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕੀਤੇ ਗਏ। ਇਹ ਇਕ ਸ਼ਲਾਘਾਯੋਗ ਉਪਰਾਲਾ ਸੀ।

ਉਮੀਦ ਕਰਦੇ ਹਾਂ ਮੌਜੂਦਾ ਪ੍ਰੋਗਰਾਮ ਮੁਖੀ ਦੀ ਅਗਵਾਈ ਵਿਚ ਡੀ ਡੀ ਪੰਜਾਬੀ ਨੂੰ ਦਰਸ਼ਕਾਂ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਇਸੇ ਤਰ੍ਹਾਂ ਜਾਰੀ ਰਹਿਣਗੀਆਂ।

ਜਗਤਾਰ ਸਮਾਲਸਰ
ਏਲਨਾਬਾਦ, ਸਿਰਸਾ
(ਹਰਿਆਣਾ)
94670-95953
ਪੰਜਾਬ ਮੇਲ USA

# ਦੇਸ਼ ਦੇ ਸਰਵਪੱਖੀ ਵਿਕਾਸ ਲਈ ਨੌਜਵਾਨਾਂ ਦੀ ਭੂਮਿਕਾ ਅਹਿਮ

## 12 ਅਗਸਤ ਨੂੰ ਕੌਮਾਂਤਰੀ ਨੌਜਵਾਨ ਦਿਵਸ ਲਈ ਵਿਸ਼ੇਸ



ਨੌਜਵਾਨ ਸਮਾਜ ਦਾ ਸਭ ਤੋਂ ਮਹੱਤਵਪੂਰਨ ਅੰਗ ਹਨ, ਜੋ ਰਾਸ਼ਟਰ ਦੇ ਭਵਿੱਖ ਦਾ ਨਿਰਮਾਣ ਕਰਦੇ ਹਨ। ਕਿਸੇ ਵੀ ਦੇਸ਼ ਨੂੰ ਤਰੱਕੀ ਦੀਆਂ ਉਚਾਈਆਂ 'ਤੇ ਲਿਜਾਣ ਵਿਚ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਨੌਜਵਾਨ ਸ਼ਕਤੀ ਇੱਕ ਅਜਿਹੀ ਸ਼ਕਤੀ ਹੈ, ਜੋ ਦੇਸ਼ ਨੂੰ ਨਵੀਂ ਊਰਜਾ, ਨਵੀਂ ਪ੍ਰੇਰਨਾ ਅਤੇ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ।

ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਪ੍ਰੇਰਿਤ ਕਰਨ ਦੇ ਉਦੇਸ਼ ਅਤੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਦੇ ਨੌਜਵਾਨਾਂ ਨੂੰ ਇੱਕੋ ਪ੍ਰੇਰਣਾ ਅਤੇ ਸੰਕਲਪ ਪ੍ਰਤੀ ਇਕੱਠੇ ਕਰਨ ਲਈ ਪੂਰੀ ਦੁਨੀਆਂ ਵਿਚ ਹਰ ਸਾਲ 12 ਅਗਸਤ ਨੂੰ ਕੌਮਾਂਤਰੀ ਨੌਜਵਾਨ ਦਿਵਸ ਮਨਾਇਆ ਜਾਂਦਾ ਹੈ।

ਇਹ ਦਿਨ ਨੌਜਵਾਨਾਂ ਦੇ ਸਨਮਾਨ ਵਿਚ ਮਨਾਇਆ ਜਾਂਦਾ ਹੈ ਅਤੇ ਇਸਦਾ ਉਦੇਸ਼ ਨੌਜਵਾਨ ਸ਼ਕਤੀ ਦੀ ਮਹੱਤਤਾ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਜਨਤਕ ਤੌਰ 'ਤੇ ਦਰਸਾਉਣਾ ਵੀ ਹੈ। ਇਹ ਇੱਕ ਵਿਸ਼ਵ ਪੱਧਰੀ ਤਿਉਹਾਰ ਹੈ, ਜੋ ਵੱਖ-ਵੱਖ ਦੇਸ਼ਾਂ ਵਿਚ ਨੌਜਵਾਨ ਉੱਦਮੀਆਂ ਦੁਆਰਾ ਜਸ਼ਨਾਂ ਅਤੇ ਪ੍ਰੋਗਰਾਮਾਂ ਦੇ ਰੂਪ ਵਿਚ ਆਯੋਜਿਤ ਕੀਤਾ ਜਾਂਦਾ ਹੈ। ਇਸਨੂੰ ਨੌਜਵਾਨ ਸੰਗਠਨਾਂ ਲਈ ਇੱਕ ਮਹੱਤਵਪੂਰਨ ਮੌਕਾ ਵੀ ਮੰਨਿਆ ਜਾਂਦਾ ਹੈ, ਜਿਸ ਵਿਚ ਨੌਜਵਾਨ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਸਾਂਝਾ ਕਰਦੇ ਹਨ। ਇਹ ਦਿਨ ਨੌਜਵਾਨਾਂ ਦੇ ਸਹਿਯੋਗ, ਸਰਗਰਮੀਆਂ ਅਤੇ ਉਨ੍ਹਾਂ ਦੀ ਸਮਾਜ ਵਿਚ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਦਿਨ ਹੈ।

ਕੌਮਾਂਤਰੀ ਨੌਜਵਾਨ ਦਿਵਸ ਪਹਿਲੀ ਵਾਰ 12 ਅਗਸਤ 2000 ਨੂੰ ਮਨਾਇਆ ਗਿਆ ਸੀ। ਸੰਯੁਕਤ ਰਾਸ਼ਟਰ ਸਭਾ ਵੱਲੋਂ 17 ਦਸੰਬਰ 1999 ਨੂੰ ਇਸ ਦਿਨ ਨੂੰ ਮਨਜ਼ੂਰੀ ਦੇਣ ਦਾ ਫੈਸਲਾ ਕੀਤਾ ਸੀ।

ਅਸੀ ਸਾਰੇ ਜਾਣਦੇ ਹਾਂ ਕਿ ਨੌਜਵਾਨ ਸ਼ਕਤੀ ਦੇਸ਼ ਦੀ ਉਨਤੀ ਅਤੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਨੌਜਵਾਨਾਂ ਵਿਚ ਨਵੀਨਤਾ, ਉਤਸ਼ਾਹ, ਸਮਰਥਨ ਅਤੇ ਜਨੂੰਨ ਹੁੰਦਾ ਹੈ, ਜੋ ਉਨ੍ਹਾਂ ਨੂੰ ਨਵੇਂ ਵਿਚਾਰਾਂ ਦਾ ਸਿਧਾਂਤ ਦਿੰਦਾ ਹੈ। ਉਹ ਨਾ ਸਿਰਫ਼ ਆਪਣੀ ਪ੍ਰਗਤੀਸ਼ੀਲਤਾ ਵਿਚ, ਸਗੋਂ ਸਮਾਜ ਅਤੇ ਦੇਸ਼ ਦੀ ਉੱਨਤੀ ਵਿਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਨੌਜਵਾਨ ਸ਼ਕਤੀ ਵੱਖ-ਵੱਖ ਖੇਤਰਾਂ ਵਿਚ ਆਪਣੀ ਸਿਰਜਣਾਤਮਕਤਾ ਅਤੇ ਨਵੀਨਤਾ ਰਾਹੀਂ ਸਮੱਸਿਆਵਾਂ ਦੇ ਹੱਲ ਪੈਦਾ ਕਰਦੀ ਹੈ, ਜੋ ਸਮਾਜ ਅਤੇ ਦੇਸ਼ ਦੋਵਾਂ ਨੂੰ ਵਿਕਾਸ ਦੇ ਰਾਹ 'ਤੇ ਅੱਗੇ ਵਧਣ ਵਿਚ ਮਦਦ ਕਰਦੀ ਹੈ।

ਨੌਜਵਾਨ ਦੇਸ਼ ਦੀ ਕਾਰਜਸ਼ੀਲਤਾ ਅਤੇ ਪ੍ਰਗਤੀਸ਼ੀਲਤਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸੇ ਲਈ ਕੌਮਾਂਤਰੀ ਨੌਜਵਾਨ ਦਿਵਸ ਨੌਜਵਾਨਾਂ ਨੂੰ ਸਮਰਪਿਤ ਅਤੇ ਸਰਗਰਮ ਬਣਾਉਣ ਲਈ ਆਯੋਜਿਤ ਕੀਤਾ ਜਾਂਦਾ ਹੈ, ਜੋ ਉਨ੍ਹਾਂ ਨੂੰ ਇੱਕ ਦੂਜੇ ਨਾਲ ਜੁੜਨ, ਨਵੀਂ ਵਿਚਾਰਧਾਰਾ ਨੂੰ ਸਮਝਣ ਅਤੇ ਸੱਭਿਆਚਾਰਕ ਤੌਰ 'ਤੇ ਅਮੀਰ ਹੋਣ ਦਾ ਮੌਕਾ ਦਿੰਦਾ ਹੈ। ਸਰਕਾਰ ਵੱਲੋਂ ਵੀ ਸਮੇਂ-ਸਮੇਂ 'ਤੇ ਅਧਿਕਾਰੀਆਂ ਅਤੇ ਸਮਾਜਸੇਵੀ ਲੋਕਾਂ ਦੇ ਸਹਿਯੋਗ ਨਾਲ ਨੌਜਵਾਨ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਨੀਤੀਆਂ ਬਣਾਈਆਂ ਜਾਂਦੀਆ ਹਨ।

ਨੌਜਵਾਨ ਦਿਵਸ ਮੌਕੇ ਆਲਮੀ ਪੱਧਰ 'ਤੇ ਆਯੋਜਿਤ ਹੁੰਦੇ ਪ੍ਰੋਗਰਾਮਾਂ ਦੌਰਾਨ ਨੌਜਵਾਨਾਂ ਨੂੰ ਸਮਾਜ ਸੇਵਾ ਅਤੇ ਸਮਾਜ ਦੀ ਉੱਨਤੀ ਵਿਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਨੌਜਵਾਨ ਦਿਵਸ ਦਾ ਇੱਕ ਸਿੱਖਿਆ-ਆਧਾਰਿਤ ਉਦੇਸ਼ ਵੀ ਹੈ, ਜੋ ਨੌਜਵਾਨਾਂ ਨੂੰ ਉੱਚ ਸਿੱਖਿਆ, ਵਿਗਿਆਨ, ਤਕਨੀਕੀ ਗਿਆਨ, ਕਲਾ ਅਤੇ ਸਾਹਿਤ ਵਿਚ ਦਿਲਚਸਪੀ ਪ੍ਰਦਾਨ ਕਰਦਾ ਹੈ। ਉਨ੍ਹਾਂ ਨੂੰ ਇੱਕ ਸਮਰੱਥ ਅਤੇ ਸਸ਼ਕਤ ਸਮਾਜ ਬਣਾਉਣ ਲਈ ਸਿੱਖਿਆ ਦੀ ਮਹੱਤਤਾ ਬਾਰੇ ਦੱਸਿਆ ਜਾਂਦਾ ਹੈ। ਇਹ ਦਿਨ ਨੌਜਵਾਨਾਂ ਨੂੰ ਨੌਕਰੀਆਂ ਪ੍ਰਾਪਤ ਕਰਨ, ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਨਵੇਂ ਕਾਰੋਬਾਰ ਕਰਨ ਲਈ ਵੀ ਉਤਸ਼ਾਹਿਤ ਕਰਦਾ ਹੈ ਅਤੇ ਦੇਸ਼ ਦੀਆਂ ਸਾਰਵਜਨਿਕ ਸੰਪਤੀਆਂ ਨੂੰ ਸੁਰੱਖਿਅਤ ਰੱਖਣ ਲਈ ਨੌਜਵਾਨਾਂ ਦੇ ਫਰਜ਼ ਦੀ ਯਾਦ ਵੀ ਦਿਵਾਉਂਦਾ ਹੈ।

ਇਸ ਦਿਨ ਵੱਖ-ਵੱਖ ਕੌਮਾਂਤਰੀ ਸੰਸਥਾਵਾਂ, ਸਰਕਾਰੀ ਕੰਪਨੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਨੌਜਵਾਨਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਕਰਦੀਆਂ ਹਨ, ਤਾਂ ਜੋ ਉਹ ਸਕਾਰਾਤਮਕ ਸੋਚ ਪੈਦਾ ਕਰਕੇ ਹਰ ਖਿੱਤੇ ਵਿਚ ਆਪਣਾ ਯੋਗਦਾਨ ਪਾ ਕੇ ਦੇਸ਼ ਨੂੰ ਤਰੱਕੀ ਦੀ ਮੰਜ਼ਿਲ ਵੱਲ ਤੋਰਨ ਲਈ ਆਪਣੀ ਭੂਮਿਕਾ ਨੂੰ ਸਮਝ ਸਕਣ।

# ਅਭੁੱਲ ਯਾਦਾਂ

ਗੁਰਦੀਪ ਸਿੰਘ ਮੁਕੱਦਮ
ਪਿੰਡ ਲਧਾਣਾ ਝਿੱਕਾ
98781-60133
ਪੰਜਾਬ ਮੇਲ USA

ਫੁਰਸਤ ਦੇ ਪਲਾਂ 'ਚ, ਇਕੱਲਾ ਬੈਠਾ ਮੈਂ, ਅਕਸਰ ਆਪਣੇ ਅਤੀਤ 'ਚ ਗੁਆਚ ਜਾਂਦਾ ਹਾਂ। ਚੰਚਲ ਮਨ ਦੀ ਉਡਾਰੀ, ਕੁੱਝ ਹੀ ਪਲਾਂ 'ਚ, ਮੇਰੇ ਬਚਪਨ, ਸਕੂਲ, ਕਾਲਜ ਤੇ ਵਿਦੇਸ਼ਾਂ 'ਚ ਕੀਤੇ ਸੰਘਰਸ਼ ਦੀਆਂ ਅਨੇਕਾਂ ਯਾਦਾਂ ਤਾਜ਼ਾ ਕਰ ਜਾਂਦੀ ਹੈ। ਪਿੰਡ, ਸਕੂਲ, ਕਾਲਜ ਜ਼ਿੰਦਗੀ 'ਚ ਕਿਤੇ ਵੀ ਵਿਚਰਦਿਆਂ ਸਾਨੂੰ ਕਿੰਨੇ ਸਾਥੀ ਮਿਲਦੇ ਹਨ ਤੇ ਵਿੱਛੜ ਜਾਂਦੇ ਨੇ। ਪਰ ਜ਼ਿੰਦਗੀ 'ਚ ਕਈ ਸਾਥੀ/ਦੋਸਤ ਐਸੇ ਵੀ ਮਿਲਦੇ ਹਨ, ਜੋ ਵਿੱਛੜ ਕੇ ਵੀ ਹਮੇਸ਼ਾ ਲਈ ਯਾਦਾਂ 'ਚ ਵਸ ਜਾਂਦੇ ਹਨ।

1978 'ਚ ਬੀ.ਏ. ਕਰਨ ਤੋਂ ਬਾਅਦ ਮੈਂ ਦੁਬਈ ਜਾਣ ਲਈ ਬੰਬੇ (ਮੁੰਬਈ) ਗਿਆ ਹੋਇਆ ਸੀ। ਉੱਥੇ ਦੁਬਈ ਜਾਣ ਵਾਲੇ ਅਸੀਂ 7, 8 ਮੁੰਡੇ ਏਜੰਟ ਵਲੋਂ ਦਿੱਤੇ ਇਕ ਕਮਰੇ 'ਚ ਰਿਹਾ ਕਰਦੇ ਸੀ। ਅਕਸਰ ਸ਼ਾਮ ਨੂੰ ਅਸੀਂ ਹੋਰ ਲੋਕਾਂ ਦੇ ਨਾਲ ਬਾਹਰ ਸੜਕ ਕਿਨਾਰੇ ਬਣੀ 3 ਕੁ ਫੁੱਟ ਉੱਚੀ ਕੰਧ 'ਤੇ ਬੈਠ ਜਾਇਆ ਕਰਦੇ ਸੀ। ਇਕ ਦਿਨ ਅਸੀਂ ਦੋ ਦੋਸਤ ਕੰਧ 'ਤੇ ਬੈਠੇ ਸੀ ਕਿ ਮੇਰੇ ਨਾਲ ਵਾਲਾ ਸਾਥੀ ਸਾਹਮਣੇ ਦੁਕਾਨ ਤੋਂ ਸਿਗਰਟ ਲੈ ਆਇਆ। (ਉਸ ਨੂੰ ਅੱਜ ਤੱਕ ਕਿਸੇ ਨੇ ਵੀ ਸਿਗਰਟ ਪੀਂਦੇ ਨਹੀਂ ਦੇਖਿਆ ਸੀ) ਮੈਂ ਹੈਰਾਨੀ ਜਹੀ ਨਾਲ ਉਸ ਨੂੰ ਪੁੱਛਿਆ ਕਿ ਤੂੰ ਸਿਗਰਟ ਪੀਂਦੈ? ਉਹ ਮੇਰੇ ਵੱਲ ਨੂੰ ਸਿਗਰਟ ਕਰਦਾ ਹੋਇਆ ਦੱਸਣ ਲੱਗਾ ਕਿ ਇਹ ਸਿਗਰਟ ਬਹੁਤ ਵਧੀਆ ਹੈ, ਇਹ ਐਸੀ ਹੈ, ਇਹ ਵੈਸੀ ਹੈ। ਉਸ ਦੀਆਂ ਗੱਲਾਂ ਸੁਣ ਕੇ ਪਤਾ ਨਹੀਂ ਮੇਰੇ ਦਿਲ 'ਚ ਕੀ ਆਇਆ ਕਿ ਮੈਂ ਸਿਗਰਟ ਫੜਨ ਲਈ ਹੱਥ ਵਧਾ ਦਿੱਤਾ। ਪਰ ਇਸ ਤੋਂ ਪਹਿਲਾਂ ਕਿ ਮੈਂ ਸਿਗਰਟ ਫੜਦਾ, ਅਚਾਨਕ ਮੇਰਾ ਦੋਸਤ ਦਲਜੀਤ ਸਿੰਘ (ਪਿੰਡ ਕਾਹਨਾਂ ਢੇਸੀਆਂ) ਪਤਾ ਨਹੀਂ ਕਿੱਧਰੋਂ ਆਇਆ, ਉਸ ਨੇ ਜੁੱਤੀ ਲਾਹ ਕੇ ਮੇਰੇ ਹੱਥ 'ਤੇ ਦੇ ਮਾਰੀ। ਕਹਿੰਦਾ, ਪਾਉਨਾਂ ਤੇਰੇ ਘਰ ਨੂੰ ਚਿੱਠੀ। ਮੈਂ ਉੱਥੋਂ ਉਠਿਆ ਤੇ ਕਮਰੇ 'ਚ ਆ ਗਿਆ। ਸਵੇਰੇ ਚਾਹ ਪੀਂਦੇ ਦਲਜੀਤ ਕਹਿਣ ਲੱਗਾ ਕਿ ਗੁੱਸਾ ਨਾ ਕਰੀਂ ਯਾਰ, ਮੈਨੂੰ ਜੁੱਤੀ ਨਹੀਂ ਸੀ ਮਾਰਨੀ ਚਾਹੀਦੀ। ਮੈਂ ਕਿਹਾ, ਨਹੀਂ ਯਾਰ, ਤੈਨੂੰ ਦੋ-ਚਾਰ ਹੋਰ ਮਾਰਨੀਆਂ ਚਾਹੀਦੀਆਂ ਸਨ। ਅਹਿਸਾਨਮੰਦ ਹਾਂ ਤੇਰਾ, ਅੱਜ ਤੂੰ ਮੈਨੂੰ ਕਲੰਕ ਤੋਂ ਬਚਾ ਲਿਆ। ਮਹੀਨਾਂ ਕੁ ਬਾਅਦ ਮੈਂ ਦੁਬਈ ਚਲਾ ਗਿਆ। ਉਸ ਤੋਂ ਬਾਅਦ ਅਸੀਂ ਕਦੇ ਨਹੀਂ ਮਿਲੇ। ਪਰ ਦਲਜੀਤ ਸਿੰਘ ਅੱਜ ਵੀ ਮੇਰੀਆਂ ਯਾਦਾਂ 'ਚ ਵਸਿਆ ਹੋਇਆ ਹੈ।

ਇਸੇ ਤਰ੍ਹਾਂ ਦੁਬਈ 'ਚ ਮੈਂ ਖੱਲੀ-ਬੱਲੀ (ਆਪਣੀ ਵੀਜ਼ੇ ਵਾਲੀ ਕੰਪਨੀ ਛੱਡ ਕੇ ਦੂਸਰੀ ਕੰਪਨੀ 'ਚ ਕੰਮ ਕਰਨਾ) ਹੋ ਕੰਮ ਕਰਦਾ ਹੋਇਆ ਆਬੂ ਧਾਬੀ ਦੇ ਸ਼ਹਿਰ ਅਲੈਨ 'ਚ ਇਕ ਪਾਕਿਸਤਾਨੀ ਕੰਪਨੀ ਅਲ ਨਾਸਰ 'ਚ ਚਲਾ ਗਿਆ। ਪਹਿਲੇ ਦਿਨ 'ਚ ਹੀ ਬਾਰ ਬੈਂਡਰ ਚਾਰਜਹੈਂਡ ਨਵਾਜ ਖਾਨ ਮੇਰਾ ਦੋਸਤ ਬਣ ਗਿਆ। ਦੂਸਰੇ ਦਿਨ ਮੈਂ ਨਵਾਜ ਖਾਨ ਨੂੰ ਆਪਣੀ ਤਨਖਾਹ ਲਗਵਾਉਣ ਲਈ ਕਿਹਾ, ਤਾਂ ਉਹ ਕਹਿੰਦਾ ਕਿ ਸੰਧੂ ਸਾਹਿਬ ਨੂੰ ਆਉਣ ਦੇ, ਉਹਦੇ ਨਾਲ ਗੱਲ ਕਰਾਂਗੇ। ਮੈਂ ਸੋਚਾਂ 'ਚ ਪੈ ਗਿਆ ਕਿ ਪਾਕਿਸਤਾਨੀ ਕੰਪਨੀ 'ਚ ਸਿੱਖ ਇੰਜੀਨੀਅਰ? ਖੈਰ ਅਗਲੇ ਦਿਨ ਨੌਂ ਕੁ ਵਜੇ ਨਵਾਜ ਕਹਿਣ ਲੱਗਾ ਕਿ ਸੰਧੂ ਸਾਹਿਬ ਆ ਗਏ, ਤੂੰ ਆਪਣੇ ਧਿਆਨ 'ਚ ਕੰਮ ਕਰਦਾ ਰਹਿ। ਮੈਂ ਗੱਲ ਕਰਦਾਂ ਤੇਰੇ ਰੇਟ ਬਾਰੇ। ਪੰਜ ਕੁ ਮਿੰਟ ਬਾਅਦ ਨਵਾਜ ਖਾਨ ਨੇ ਮੈਨੂੰ ਅਵਾਜ ਮਾਰੀ, 'ਸਰਦਾਰ'। ਮੈਂ ਨਜ਼ਰ ਘੁਮਾ ਕੇ ਦੇਖਿਆ ਤਾਂ ਨਸਵਾਰੀ ਸਲਵਾਰ ਕਮੀਜ਼ 'ਚ ਛੇ ਫੁੱਟਾ ਜੁਆਨ ਸੰਧੂ ਮੇਰੇ ਵੱਲ ਦੇਖ ਰਿਹਾ ਸੀ। ਉਸ ਸਮੇਂ ਤੱਕ ਮੈਨੂੰ ਨਹੀਂ ਸੀ ਪਤਾ ਕਿ ਸਾਡੀ ਜ਼ੁਬਾਨ ਹੀ ਨਹੀਂ ਸਾਡੇ ਕਈ ਗੋਤ ਵੀ ਲਹਿੰਦੇ ਪੰਜਾਬ ਨਾਲ ਸਾਂਝੇ ਹਨ।

ਮੇਰਾ ਟਾਈਮ ਕਾਰਡ ਫੜੀ ਸੰਧੂ ਨੇ ਮੇਰੇ ਵਲ ਦੇਖਦਿਆਂ ਪੁਛਿਆ, "ਸਰਦਾਰ ਆਂ?"

"ਹਾਂ ਜੀ"

ਤੇਰੀ ਪੱਗ ਕਿੱਥੇ ਆ?

ਮੈਂ ਚੁੱਪ ਰਿਹਾ।

ਮੇਰੇ ਟਾਈਮ ਕਾਰਡ 'ਤੇ 40 ਦਰਾਮ ਪ੍ਰਤੀ ਦਿਨ ਤਨਖਾਹ ਲਿਖ ਕੇ ਕਹਿਣ ਲੱਗਾ ਕਿ ਮੈਂ ਦੂਰੋਂ ਤੇਰਾ ਕੰਮ ਦੇਖਿਆ, ਵਧੀਆ ਕਾਰੀਗਰ ਆਂ ਤੂੰ। ਜੇ ਤੇਰੇ ਸਿਰ 'ਤੇ ਪੱਗ ਹੁੰਦੀ ਸਰਦਾਰ, ਤਾਂ ਮੈਂ ਤੈਨੂੰ 45 ਰੁਪੈ ਦਿੰਦਾ। ਵੈਸੇ ਇਸ ਕੰਪਨੀ 'ਚ 40 ਦਰਾਮ ਤੋਂ ਜ਼ਿਆਦਾ ਕਿਸੇ ਵਰਕਰ ਦੀ ਤਨਖਾਹ ਨਹੀਂ ਸੀ। (ਦੁਬਈ 'ਚ ਅਸੀਂ ਤੇ ਪਾਕਿਸਤਾਨੀ ਆਪਸ ਗੱਲ ਕਰਦੇ ਦਰਾਮ ਨੂੰ ਰੁਪਿਆ ਹੀ ਕਿਹਾ ਕਰਦੇ ਸੀ।) ਇਸ ਕੰਪਨੀ ਮੈਂ 10-11 ਮਹੀਨੇ ਕੰਮ ਕੀਤਾ ਸੀ। ਉਸ ਤੋਂ ਬਾਅਦ ਮੈਂ ਕਦੇ ਸੰਧੂ ਸਾਹਿਬ ਨੂੰ ਨਹੀਂ ਮਿਲਿਆ। ਪਰ ਅੱਜ ਜਦੋਂ ਮੈਂ ਪੱਗ ਬੰਨਦਾ ਹਾਂ, ਮੈਨੂੰ ਲੱਗਦਾ ਹੈ ਕਿ ਨਸਵਾਰੀ ਸਲਵਾਰ ਕਮੀਜ਼ 'ਚ ਛੇ ਫੁੱਟ ਲੰਬਾ ਗੱਭਰੂ ਸੰਧੂ ਮੇਰੇ ਆਸੇ ਪਾਸੇ ਹੀ ਖੜ੍ਹਾ ਹੈ ਕਿਤੇ।

# ਦੂਜਿਆਂ ਦੇ ਕੰਮ ਆਉਣ ਦਾ ਚਾਅ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA





ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਹਨ, ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ ਹਨ। ਆਪਣੇ ਆਪ ਲਈ ਤਾਂ ਹਰ ਇਨਸਾਨ ਜੀਊਂਦਾ ਹੈ, ਪਰ ਮਹਾਨ ਮਨੁੱਖ ਉਹ ਹੁੰਦੇ ਹਨ, ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਉਨ੍ਹਾਂ ਸ਼ਹੀਦਾਂ ਦੀਆਂ ਮੜੀਆਂ 'ਤੇ ਸਦਾ ਹੀ ਮੇਲੇ ਲੱਗਦੇ ਹਨ, ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ ਹਨ। ਇਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ, ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ ਹੈ, ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ ਹਨ।

ਪਰ ਦੁੱਖ ਦੀ ਗੱਲ ਇਹ ਹੈ ਕਿ ਕੁਝ ਲੋਕ ਦੂਜਿਆਂ ਦੀ ਖਾਤਰ ਆਪਣਾ ਸਭ ਕੁਝ ਵਾਰ ਜਾਂਦੇ ਹਨ ਤੇ ਕੁਝ ਉਹ ਲੋਕ ਹਨ, ਜਿਹੜੇ ਆਪਣੇ ਆਪ ਲਈ ਦੂਜਿਆਂ ਦਾ ਸਭ ਕੁਝ ਨਸ਼ਟ ਕਰ ਜਾਂਦੇ ਹਨ, ਭਾਵ ਆਪਣੀ ਖੁਦਗਰਜ਼ੀ ਲਈ ਉਹ ਕੁਝ ਵੀ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਮਾੜਾ ਜਾਂ ਚੰਗਾ ਹੋਇਆ ਹੈ, ਜੋ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਚੰਗੇ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਅੱਜ ਦੁਨੀਆਂ ਵਿਚ ਜੋ ਕੁਝ ਵੀ ਚੰਗਾ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜੋ ਮਾੜਾ ਹੈ ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਵੇਂ ਸਮਾਜ ਵਿਚ ਸੱਚ, ਇਨਸਾਫ, ਆਜ਼ਾਦੀ, ਖੁਸ਼ਹਾਲੀ, ਅਮਨ ਹੈ, ਤਾਂ ਇਹ ਸਭ ਕੁਝ ਚੰਗੇ ਬੰਦਿਆਂ ਕਰਕੇ ਹੀ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਨਵਵਾਦੀ ਤੇ ਨੈਤਿਕਤਾਵਾਦੀ, ਭਾਵ ਪਰਉਪਕਾਰੀ ਆਖਦੇ ਹਾਂ। ਇਸਦੇ ਉਲਟ ਜੋ ਕੁਝ ਵੀ ਸਮਾਜ ਵਿਚ ਮਾੜਾ ਵਾਪਰ ਰਿਹਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੈ। ਜਿਵੇਂ ਕਤਲੋਗਾਰਤ, ਲੁੱਟ-ਖਸੁੱਟ, ਬਲਾਤਕਾਰ, ਭ੍ਰਿਸ਼ਟਾਚਾਰ, ਬੇਈਮਾਨੀ, ਬਦਅਮਨੀ। ਇਹ ਸਭ ਕੁਝ ਆਰੰਭ ਤੋਂ ਹੀ ਬਦੀ-ਨੇਕੀ ਦੀ ਲੜਾਈ ਚਲਦੀ ਆ ਰਹੀ ਹੈ। ਜੇਕਰ ਇਸ ਸੰਸਾਰ ਵਿਚ ਮਾੜੇ ਬੰਦੇ ਨਾ ਹੁੰਦੇ ਅਤੇ ਚੰਗੇ ਬੰਦੇ ਹੀ ਹੁੰਦੇ, ਤਾਂ ਅੱਜ ਦੀ ਦੁਨੀਆਂ ਕੁਝ ਹੋਰ ਹੀ ਹੁੰਦੀ, ਭਾਵ ਇਹ ਦੁਨੀਆਂ ਸਵਰਗ ਹੁੰਦੀ, ਜਿਸ ਵਿਚ ਹਰ ਇੱਕ ਨੂੰ ਕੁੱਲੀ, ਗੱਲੀ ਤੇ ਜੁੱਲੀ, ਇਨਸਾਨ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ, ਅਮਨ, ਸ਼ਾਂਤੀ ਤੇ ਖੁਸ਼ਹਾਲੀ ਪ੍ਰਾਪਤ ਹੁੰਦੀ ਪਰ ਅਜਿਹਾ ਹੋਣਾ ਸੌਖੀ ਗੱਲ ਨਹੀਂ ਹੈ, ਭਾਵ ਇੱਕ ਮਨੁੱਖ ਪੂਰਨ ਮਨੁੱਖ ਹੋਣਾ ਬਹੁਤ ਔਖਾ ਹੈ।

ਹਜ਼ਾਰਾਂ ਸਾਲ ਰੋਤੀ ਹੈ ਨਰਗਿਸ ਅਪਨੀ ਬੇਨੂਰੀ ਪੇ

ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਗਈਆਂ ਹਨ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ, ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ 'ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਇਨ੍ਹਾਂ ਵਿਚੋਂ ਮੂਰਖ ਅਗਿਆਨੀ ਤੇ ਬੇਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾ ਨਹੀਂ ਕੀਤਾ, ਜਿਨ੍ਹਾਂ ਖੁਦਗਰਜ਼ ਭਾਵ ਸਵਾਰਥੀ ਤੇ ਪਾਖੰਡੀਆਂ ਨੇ ਕੀਤਾ ਹੈ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸਦਾ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ, ਉਸ ਉਪਰ ਆਦਮੀ ਵਿਸ਼ਵਾਸ ਨਹੀਂ ਕਰਦਾ। ਪਾਖੰਡੀ, ਅਖੌਤੀ ਤੇ ਭੇਖੀ ਮਨੁੱਖ ਲੁੱਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ ਤੇ ਕਰਤੂਤਿ ਕਾਫਰਾਂ ਹੁੰਦਾ ਹੈ। ਇਹ ਲੋਕ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਅਹੰਕਾਰੀ ਤੇ ਈਰਖਾਵਾਦੀ ਲੋਕ ਵੀ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਅਹੰਕਾਰੀ ਮਨੁੱਖ ਸਮਾਜ ਵਿਚ ਘ੍ਰਿਣਾ ਤੇ ਬਦਅਮਨੀ ਉਤਪੰਨ ਕਰਦੇ ਹਨ, ਜਿਸ ਵਿਚੋਂ ਈਰਖਾ ਦਾ ਜਨਮ ਹੁੰਦਾ ਹੈ ਅਤੇ ਕਈ ਵਾਰੀ ਈਰਖਾ ਦੂਜੇ ਦੀ ਚੰਗਿਆਈ ਨੂੰ ਦੇਖਦੇ ਹੀ ਉਤਪੰਨ ਹੁੰਦੀ ਹੈ ਪਰ ਈਰਖਾ ਕਿਸੇ ਪ੍ਰਕਾਰ ਦੀ ਵੀ ਹੋਵੇ, ਬਹੁਤ ਭੈੜੀ ਹੈ। ਈਰਖਾਵਾਦੀ ਮਨੁੱਖ ਦੂਜੇ ਨੂੰ ਮਾੜਾ ਬਣਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਹੈ।

ਇਸੇ ਤਰ੍ਹਾਂ ਹੀ ਦੁਸ਼ਟ ਤੇ ਪਾਪੀ ਲੋਕਾਂ ਨਾਲ ਵੀ ਇਤਿਹਾਸ ਭਰਿਆ ਪਿਆ ਹੈ, ਜਿਵੇਂ ਦੁਸ਼ਟ ਪਾਪੀ ਔਰੰਗਜ਼ੇਬ, ਚੰਗੇਜ਼ ਤੇ ਹਿਟਲਰ ਆਦਿ। ਵਰਤਮਾਨ ਸਮੇਂ ਵਿਚ ਭਾਰਤ ਦੀ 1947 ਦੀ ਵੰਡ, 1984 ਦਾ ਸਿੱਖਾਂ ਦਾ ਘੱਲੂਘਾਰਾ ਅਤੇ ਗੁਜਰਾਤ ਦਾ ਕਾਂਡ ਆਦਿ ਦੁਸ਼ਟ ਪਾਪੀ ਲੋਕਾਂ ਦੀ ਹੀ ਦੇਣ ਹੈ।

ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖਸੀਅਤ ਨੂੰ ਵੀ ਇਨ੍ਹਾਂ ਖੁਦਗਰਜ਼, ਗੱਦਾਰ ਤੇ ਪੱਥਰ ਦਿਲ ਲੋਕਾਂ ਨੇ ਨਹੀਂ ਬਖਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਣ ਵੀ ਅਜਿਹੇ ਲੋਕ ਸਿੱਧ ਹੋਏ। ਅਜਿਹੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤੂਤਿ ਪਸੂ ਕੀ ਮਾਨਸ ਜਾਤਿ ਆਖਿਆ ਹੈ। ਖੁਦਗਰਜ਼ ਆਦਮੀਆਂ ਬਾਰੇ ਇੱਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ। ਜਦੋਂ ਹਿਟਲਰ ਲੋਕਾਂ ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ, ਤਾਂ ਇਹ ਘਟਨਾਂ ਇੱਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ 'ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ ਹੈ? ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਵੀ ਚੁੱਪ ਰਿਹਾ। ਫਿਰ ਕਮਿਊਨਿਸਟਾਂ 'ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ? ਸੋ ਮੈਨੂੰ ਕੀ ਗੱਲ ਬਹੁਤ ਭੈੜੀ ਹੈ। ਇਹ ਆਮ ਜ਼ਿੰਦਗੀ ਵਿਚ ਵੀ ਸੁਣਨ ਨੂੰ ਆਉਂਦੀ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਦੀ ਜਿਵੇਂ ਘਰ ਲੱਗੇ ਤਾਂ ਅੱਗ, ਬਾਹਰ ਲੱਗੇ ਤਾਂ ਬਸੰਤਰ। ਇਹ ਲੋਕ ਜਦੋਂ ਜ਼ੁਲਮ ਹੁੰਦਾ ਹੈ, ਤਾਂ ਸ਼ੁਗਲ ਸਮਝਦੇ ਹਨ, ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ ਫਿਰ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ, ਤਾਂ ਉਸਦਾ ਕੋਈ ਵੀ ਨਹੀਂ ਰਿਹਾ ਸੀ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਹਮਦਰਦ, ਦਿਆਲੂ, ਕ੍ਰਿਪਾਲੂ, ਪਰਉਪਕਾਰੀ ਭਾਵ ਮਾਨਵਵਾਦੀ ਤੇ ਨੈਤਿਕਤਾਵਾਦੀ ਹੋਣਾ ਚਾਹੀਦਾ ਹੈ। Be humanitarian, ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ, ਦੂਜਿਆਂ ਲਈ ਜ਼ਿਆਦਾ ਜਿਊਣਾ ਸਿੱਖੋ। ਕੋਈ ਮਨੁੱਖ ਕਿਵੇਂ ਮਰਿਆ, ਪ੍ਰਸ਼ਨ ਇਹ ਨਹੀਂ, ਪ੍ਰਸ਼ਨ ਇਹ ਹੈ ਕਿ ਕੋਈ ਮਨੁੱਖ ਜੀਵਿਆ ਕਿਵੇਂ ਹੈ? ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

"ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ॥"

ਗਲਤ ਕੰਮ ਨਾ ਕਰੋ, ਕਿਸੇ ਦਾ ਬੁਰਾ ਨਾ ਕਰੋ, ਕਿਸੇ ਦਾ ਦਿਲ ਨਾ ਦੁਖਾਓ, ਕਿਸੇ ਨਾਲ ਧੋਖਾ ਨਾ ਕਰੋ, ਭੈੜੀ ਸੰਗਤ ਨਾ ਕਰੋ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋ। ਕਿਸੇ ਦੀ ਇੱਛਾ ਅਤੇ ਸ਼ਾਨ ਦੇ ਵਿਰੁੱਧ ਕੋਈ ਗੱਲ ਨਾ ਕਰੋ।

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥"

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥"

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥"

"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥"

ਮਨੁੱਖ ਨੂੰ ਬੁਰੇ ਕੰਮਾਂ ਤੋਂ ਬਚਣ ਲਈ ਰੱਬ ਦਾ ਡਰ, ਸਮਾਜ ਦੀ ਸ਼ਰਮ, ਇੱਜ਼ਤ ਤੇ ਅਣਖ ਦਾ ਖਿਆਲ ਰੱਖਣਾ ਚਾਹੀਦਾ ਹੈ।

# ਸੂਹਜ-ਸੰਵੇਦਨਾ ਦਾ ਸਰਫ਼ - 'ਤਾਣੇ-ਬਾਣੇ'

ਡਾ. ਗੁਰਬਖਸ਼ ਸਿੰਘ ਭੰਡਾਲ
ਕਲੀਵਲੈਂਡ ਸਟੇਟ ਯੂਨੀਵਰਸਿਟੀ
ਕਲੀਵਲੈਂਡ, ਓਹਾਇਓ
(ਯੂ.ਐੱਸ.ਏ.)
ਪੰਜਾਬ ਮੇਲ USA



ਡਾ. ਕੁਲਵਿੰਦਰ ਸਿੰਘ ਬਾਠ ਦਾ ਅਦਬ-ਨਾਮਾ 'ਤਾਣੇ-ਬਾਣੇ' ਨਵੀਂ ਅਦਬੀ ਰੰਗਤ ਅਤੇ ਮਿਜ਼ਾਜ ਲੈ ਕੇ ਪੰਜਾਬੀ ਪੁਸਤਕ ਪਾਠਕਾਂ ਦੇ ਰੁਬਰੂ ਹੈ। ਵਿਗਿਆਨੀ ਡਾ. ਬਾਠ ਸੰਵੇਦਨਸ਼ੀਲ, ਸੁਹਜਮਈ ਅਤੇ ਨਵੇਕਲੀ ਸ਼ਬਦਕਾਰੀ ਦਾ ਉਭਰਦਾ ਹਸਤਾਖ਼ਰ ਹੈ। ਉਹ ਅਕਸਰ ਹੀ ਆਪਣੀ ਹਰ ਲਿਖਤ ਮੇਰੇ ਨਾਲ ਸਾਂਝੀ ਕਰਦਾ ਹੈ, ਜੋ ਸਾਡੀ ਅੰਤਰੀਵੀ ਸਾਂਝ ਦੀ ਸੂਚਕ ਹੈ। ਉਹ ਨਿਸ਼ਠਾ ਨਾਲ ਉੱਚਤਮ ਸਾਹਿਤਕ ਕਿਰਤਾਂ ਨੂੰ ਪੜ੍ਹਦਿਆਂ ਇਨ੍ਹਾਂ 'ਚ ਉਤਰਨ ਦਾ ਆਦੀ ਹੈ। ਉਸ ਨੇ ਇਸ ਕਿਤਾਬੀ ਸੰਗ੍ਰਹਿ ਨਾਲ ਮੇਰੀ ਚਿਰੋਕਣੀ ਰੀਝ ਪੂਰੀ ਕੀਤੀ ਹੈ ਕਿਉਂਕਿ ਮੈਂ ਕਈ ਵਾਰ ਉਸ ਨੂੰ ਕਿਹਾ ਸੀ ਕਿ ਤੇਰੀਆਂ ਲਿਖਤਾਂ ਵਿਚੋਂ ਮਨ ਦੀ ਸਪੱਸ਼ਟਤਾ, ਸਾਦਗੀ, ਸੰਖੇਪਤਾ ਅਤੇ ਸੇਧ ਝਲਕਦੀ ਹੈ, ਜਿਸ ਦੀ ਅਜੋਕੇ ਨਕਾਰਾਤਮਿਕ ਸਮਿਆਂ 'ਚ ਬਹੁਤ ਜ਼ਿਆਦਾ ਲੋੜ ਹੈ।

ਡਾ. ਬਾਠ ਦੀਆਂ ਲਿਖਤਾਂ ਦੀ ਨੁਹਾਰ ਵਿਚੋਂ ਇਹ ਸਪੱਸ਼ਟ ਹੈ ਕਿ ਜਦ ਕੋਈ ਸਹਿਜਭਾਵੀ ਸ਼ਖਸ ਸ਼ਬਦਾਂ ਰਾਹੀਂ ਚੌਗਿਰਦੇ ਨੂੰ ਉਲਥਾਉਂਦਾ ਹੈ, ਤਾਂ ਰੂਹ ਦੀ ਪਾਕੀਜ਼ਗੀ, ਮਨ ਦੀਆਂ ਭਾਵਨਾਵਾਂ ਅਤੇ ਸ਼ੁੱਭ-ਇੱਛਾਵਾਂ ਦਾ ਆਵੇਸ਼, ਵਾਰਤਕ ਦੇ ਨਾਲ-ਨਾਲ ਕਾਵਿਧਾਰਾ ਵੀ ਬਣ ਵਹਿੰਦਾ ਹੈ। ਇਹੀ ਕਿਸੇ ਕਲਮ-ਕਿਰਤ ਦੀ ਮੌਲਿਕਤਾ ਅਤੇ ਵਿਲੱਖਣਤਾ ਹੁੰਦੀ ਕਿ ਲਿਖਤ ਸਥਾਪਤ ਦਾਇਰਿਆਂ ਤੋਂ ਬਾਹਰ ਨਿਕਲ ਕੇ ਆਪਣੀ ਪਛਾਣ ਖ਼ੁਦ ਸਿਰਜਣ ਦੇ ਰਾਹ ਤੁਰਦੀ ਹੈ। ਉਹ ਨਿੱਜੀ ਜੀਵਨ 'ਚ ਵਾਪਰੀਆਂ ਘਟਨਾਵਾਂ, ਜੀਵਨੀ-ਸਫ਼ਰ ਦੌਰਾਨ ਮਿਲੇ ਵਿਅਕਤੀਆਂ ਅਤੇ ਸਮਾਜਿਕ ਵਰਤੋਂ-ਵਿਵਹਾਰ ਦੀਆਂ ਪਰਤਾਂ ਦੀ ਨਿਸ਼ਾਨਦੇਹੀ ਕਰਨ ਲਈ ਹਰਫ਼ਾਂ ਦੀ ਪਰਵਾਜ਼ ਭਰਦਾ ਹੈ।







ਡਾ. ਬਾਠ ਦੀ ਇਸ ਪੁਸਤਕ ਨੂੰ ਸਵੈ-ਜੀਵਨੀ ਮੂਲਿਕ ਲਿਖਤ ਦੇ ਲੈਂਜ (lenses) ਰਾਹੀਂ ਦੇਖਿਆ ਅਤੇ ਸਮਝਿਆ ਜਾ ਸਕਦਾ ਹੈ। ਉਹ ਜੋਬਨ ਰੁੱਤੇ ਤੁਰ ਗਈ ਆਪਣੀ ਭੈਣ ਨੂੰ ਯਾਦ ਕਰਦਿਆਂ ਹਰਫ਼ਾਂ ਨੂੰ ਸਿੰਮਣ ਲਾਉਂਦਾ ਹੈ। ਰਿਸ਼ਤਿਆਂ ਵਿਚਲੀਆਂ ਘੁਣਤਰਾਂ ਦੀਆਂ ਤਹਿਆਂ ਫਰੋਲਦਾ ਹੈ। ਆਪਣੇ ਪਿੰਡ ਤੇ ਪਰਿਵਾਰ ਦੀਆਂ ਕਦਰਾਂ-ਕੀਮਤਾਂ ਨੂੰ ਸਿੱਜਦਾ ਕਰਦਾ ਹੈ। ਬੀਤੇ ਸਮਿਆਂ ਦੇ ਇਤਿਹਾਸ ਅਤੇ ਪੇਂਡੂ ਦ੍ਰਿਸ਼ਾਂ ਦੀ ਭਰਮਾਰ ਹੈ। ਪਿੰਡ ਦੇ ਅਣਗੌਲੇ ਪਾਤਰਾਂ ਨੂੰ ਸ਼ਬਦਾਂ 'ਚ ਪਰੋਂਦਾ ਹੈ। ਕਲਮ ਰਾਹੀਂ ਆਪਣੇ ਕਾਲਜ ਅਤੇ ਯੂਨੀਵਰਸਿਟੀ ਦੇ ਸਮਿਆਂ ਦੇ ਖ਼ੌਫ਼ ਨੂੰ ਚੇਤੇ ਕਰਦਾ, ਨਿਭਾਈਆਂ ਯਾਰੀਆਂ ਦੇ ਰੰਗ 'ਚ ਰੰਗਿਆ ਜਾਂਦਾ ਹੈ। ਆਪਣੇ ਬਾਪ ਦੇ ਸੁਪਨਿਆਂ ਦੀ ਪੂਰਤੀ ਲਈ ਅਮਰੀਕਾ ਵਿਚ ਆ ਕੇ, ਮੁੱਢਲੇ ਦੌਰ 'ਚ ਘਾਲੀਆਂ ਮੁਸ਼ੱਕਤਾਂ ਦੀ ਬਿਆਨੀ ਨੂੰ ਆਪਣਾ ਮਾਣ ਸਮਝਦਾ ਹੈ ਅਤੇ ਬਿਖੜੇ ਪੈਂਡਿਆਂ ਦੌਰਾਨ ਪਈਆਂ ਸਾਂਝਾਂ ਦੀ ਲਾਜ ਵੀ ਰੱਖਦਾ ਹੈ। ਉਸ ਨੂੰ ਰਿਸ਼ਤਿਆਂ ਨੂੰ ਨਿਭਾਉਣ ਦਾ ਹੁਨਰ ਹੈ ਅਤੇ ਰਿਸ਼ਤਿਆਂ ਦਾ ਨਿੱਘ ਮਾਣਨ ਦਾ ਸਰਫ਼ ਵੀ ਹੈ।

ਡਾ. ਬਾਠ ਕਿਉਂਕਿ ਖ਼ੁਦ ਵਿਗਿਆਨੀ ਹੈ, ਇਸ ਲਈ ਉਸ ਦੀ ਲਿਖਤ ਵਿਚਲੀ ਵਿਗਿਆਨਕ ਵਿਆਖਿਆ ਨੇ ਇਸ ਕਿਰਤ ਨੂੰ ਅਨੂਠੀ ਦਿੱਖ ਪ੍ਰਦਾਨ ਕੀਤੀ ਹੈ। ਉਹ ਗੁਰਬਾਣੀ ਦੇ ਸ਼ਬਦ ਅਤੇ ਮਹਾਨ ਵਿਅਕਤੀਆਂ ਦੇ ਵਿਚਾਰਾਂ ਰਾਹੀਂ ਪਾਠਕ ਦੀ ਸੂਝ, ਸਮਝ ਅਤੇ ਸੁਰਤ ਨੂੰ ਹਲੂਣਦਾ, ਸਕਾਰਾਤਮਕ ਸੋਚ ਦਾ ਬੀਜ ਮਨ ਦੀ ਧਰਾਤਲ ਤੇ ਅਛੋਪਲ਼ੇ ਜਿਹੇ ਧਰ ਜਾਂਦਾ ਹੈ। ਸਰਬ ਮੁਖੀ ਸ਼ਖਸੀਅਤ ਕਾਰਨ ਹੀ ਉਹ ਇਨਸਾਨੀਅਤ-ਭਾਵੀ ਕਲਮਕਾਰੀ ਦੇ ਮਾਰਗ ਦਾ ਪਾਂਧੀ ਹੈ।

ਡਾ. ਬਾਠ ਦੇ 'ਤਾਣੇ-ਬਾਣੇ' 'ਚ ਨਿਬੰਧ ਬੰਦੇ ਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਕੀ ਜੋ ਉਹ ਕਰ ਰਿਹਾ ਹੈ, ਸਹੀ ਹੈ? ਉਸ ਨੂੰ ਕੀ ਕਰਨਾ ਚਾਹੀਦਾ ਹੈ, ਤਾਂ ਕਿ ਅਨਮੋਲ ਮਨੁੱਖੀ ਜੀਵਨ ਦੀ ਸਾਰਥਿਕਤਾ ਰਾਹੀਂ ਸਮਰੱਥ ਯੋਗਦਾਨ ਪਾ ਕੇ, ਆਪਣੀ ਕਰਮ-ਕੀਰਤੀ ਨੂੰ ਸਫ਼ਲਾ ਕਰ ਸਕੇ।

ਬਹੁਤ ਹੀ ਹਸਾਸ, ਹਸਮੁਖ, ਹਰਦਿਲ-ਅਜ਼ੀਜ਼ ਅਤੇ ਹਰਫ਼ਨ-ਮੌਲਾ ਡਾ. ਕੁਲਵਿੰਦਰ ਬਾਠ ਲਈ ਦੁਆ ਹੈ;

ਸੁਹਜ-ਸੰਵੇਦਨੀ ਰਾਹਾਂ ਤੇ ਤਾਰੇ ਉਗਾਉਂਦਾ ਰਹੀਂ।

ਰੱਕੜ ਮਨਾਂ ਤੇ ਮੋਹ ਦੀਆਂ ਕਣੀਆਂ ਪਾਉਂਦਾ ਰਹੀਂ।

ਸ਼ਬਦਾਂ ਅਤੇ ਅਰਥਾਂ ਦੀਆਂ ਬਹੁ-ਪਰਤਾਂ ਫਰੋਲਦਿਆਂ,

ਜੀਵਨ-ਪੈੜਾਂ ਤੇ ਸਿਰਨਾਵਿਆਂ ਦੀ ਦੱਸ ਪਾਉਂਦਾ ਰਹੀਂ।

## ਸਮਾਂ

ਸਮਾਂ ਹੈ ਬੜਾ ਕੀਮਤੀ, ਇਸ ਨੂੰ ਐਂਵੇ ਨਾ ਗੁਆ।
ਬੰਦਿਆਂ ਨਾ ਕਰ ਤੂੰ ਮਨਆਈਆਂ
ਰੱਬ ਤੇ ਮੌਤ ਤੋਂ ਡਰ ਬੰਦਿਆ
ਨਾ ਕਰ ਅਹੰਕਾਰ ਤੂੰ ਇਸ ਦੇਹੀ ਦਾ
ਸਮੇਂ ਦਾ ਨਹੀਂ ਪਾਇਆ ਭੇਤ ਕਿਸੇ ਨੇ
ਸਮਾਂ ਨਹੀਂ ਕਿਸੇ ਦਾ ਮਿੱਤਰ
ਰਾਜੇ ਮੰਗਦੇ ਭੀਖ ਦੇਖੇ
ਤੇ ਸਮਾਂ ਭਿਖਾਰੀਆਂ ਨੂੰ ਬਣਾਵੇ ਰਾਜੇ
ਸਮਾਂ ਬਣਾਵੇ ਕੱਖਾਂ ਤੋਂ ਲੱਖਾਂ
ਤੇ ਫ਼ਰਸ਼ਾਂ ਤੋਂ ਪਹੁੰਚਾਵੇ ਅਰਸ਼ਾਂ ਤੱਕ
ਕੌਣ ਜਾਣਦਾ
ਕਦੋਂ ਹਾਸਿਆਂ ਦੀ ਥਾਂ ਮੱਲ ਲੈਣੀ ਹੰਝੂਆਂ ਨੇ
ਪਤਾ ਨਹੀਂ ਲੱਗਦਾ ਕਦੋਂ ਖੁਸ਼ੀਆਂ
ਬਦਲ ਜਾਣੀਆਂ ਗ਼ਮੀਆਂ ਵਿਚ
ਪਤਾ ਨਹੀਂ ਕਦੋਂ ਮੱਥੇ ਦੀਆਂ ਲਿਖੀਆਂ ਤਕਦੀਰਾਂ ਨੂੰ
ਲੱਗ ਜਾਣਾ ਗ੍ਰਹਿਣ
ਨਾ ਕਰ ਮਾਣ ਤੂੰ ਬੰਦਿਆ ਇਸ ਦੇਹੀ ਦਾ
ਸਮੇਂ ਦਾ ਨਹੀਂ ਪਾਇਆ ਭੇਤ ਕਿਸੇ ਨੇ
ਸਮਾਂ ਫੁੱਲਾਂ ਦੀ ਸੇਜ਼ ਵੀ ਏ
ਤੇ ਕੰਡਿਆਂ ਦਾ ਤਾਜ਼ ਵੀ ਏ
ਸਮਾਂ ਬਹਾਰ ਵੀ ਏ ਤੇ ਸਮਾਂ ਖਿਜ਼ਾਂ ਵੀ ਏ
ਬੰਦਿਆਂ ਨਾ ਕਰ ਮਾਣ ਤੂੰ ਇਸ ਦੇਹੀ ਦਾ
ਇਹ ਜ਼ਿੰਦਗੀ ਹੈ ਚਾਰ ਦਿਨ ਦੀ
ਕੁੱਝ ਅਜਿਹੇ ਕਾਰਜ ਕਰ ਜਾ
ਜਿਸ ਨਾਲ ਤੇਰੇ ਜਾਣ ਮਗਰੋਂ
ਦੁਨੀਆਂ ਤੈਨੂੰ ਯਾਦ ਕਰੇ
ਤੂੰ ਹੱਸੇ ਤੇ ਦੁਨੀਆਂ ਬੈਰਾਗ ਕਰੇ

-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955



ਪੰਜਾਬ ਮੇਲ USA

## ਬਗਲੇ ਬਾਬੇ

ਉੱਤੋਂ ਚਿੱਟੇ ਚੋਲ਼ਿਆਂ ਵਾਲੇ,
ਤਨ ਦੇ ਖੋਟੇ ਮਨ ਦੇ ਕਾਲੇ।

ਗੁਛ ਮੁਛ ਹੋ ਸਮਾਧੀਆਂ ਲਾ ਕੇ,
ਲੁੱਟਣ ਦੁਨੀਆਂ ਘਾਤਾਂ ਲਾ ਕੇ।

ਬਚੋ ਜਿੰਨਾ ਬਚ ਹੁੰਦਾ ਇਨ੍ਹਾਂ ਤੋਂ,
ਘਾਣ ਸਿੱਖੀ ਦਾ ਹੋ ਰਿਹਾ ਚਿਰਾਂ ਤੋਂ।

ਆਓ ਇਨ੍ਹਾਂ ਦਾ ਫਸਤਾ ਵੱਢੀਏ,
ਇਨ੍ਹਾਂ ਮਗਰ ਹੁਣ ਜਾਣਾ ਛੱਡੀਏ।

ਉਂਧੇ ਬਣ ਅਸੀਂ ਅੰਨ੍ਹੇ ਹੋਏ,
ਗੰਦਿਆਂ ਦੇ ਅਸੀਂ ਪੈਰ ਵੀ ਧੋਏ।

ਇੱਜ਼ਤਾਂ ਅਸੀਂ ਲੁਟਾ ਬੈਠੇ ਹਾਂ,
ਮਾਇਆ ਬਹੁਤ ਚੜ੍ਹਾ ਬੈਠੇ ਹਾਂ।

ਸਾਡਾ ਸੋਸ਼ਣ ਇਨ੍ਹਾਂ ਰੱਜ ਕੀਤਾ,
ਖ਼ੂਨ ਅਸਾਡਾ ਰੱਜ ਕੇ ਪੀਤਾ।

ਇਨ੍ਹਾਂ ਸਾਡੇ ਗੁਰੂ ਨਹੀਂ ਬਖਸ਼ੇ,
ਸਿੱਧੜ ਸਿੱਖ ਪਾਏ ਪੁੱਠੇ ਰਸਤੇ।

ਆਪਣੀ ਮਹਿਮਾ ਖ਼ੂਬ ਕਰਾਈ,
ਪਿੱਟਦੀ ਰਹਿ ਗਈ ਸਭ ਲੋਕਾਈ।

ਚਿੱਟ ਕੱਪੜੀਏ ਬਗਲੇ ਇਹ ਸਾਰੇ,
ਸਾਡੇ ਸਿਰਾਂ 'ਤੇ ਲੈਣ ਨਜ਼ਾਰੇ।

ਅੰਧਵਿਸ਼ਵਾਸੀ ਅੰਨ੍ਹੇ ਹੋ ਕੇ,
ਕਿਉਂ ਖਾਂਦੇ ਹੋ ਥਾਂ ਥਾਂ ਧੋਖੇ ?

ਜਾਗੋ ਹੁਣ 'ਤੇ ਜਾਗੋ ਲੋਕੋ,
ਹਿੰਮਤ ਕਰੋ ਬਗਲਿਆਂ ਨੂੰ ਠੋਕੋ।

ਨਿਗਲ਼ ਚੁੱਕੇ ਨੇ ਤੁਹਾਡੀਆਂ ਮੱਛੀਆਂ,
ਫੇਰ ਵੀ ਬੰਦ ਨੇ ਤੁਹਾਡੀਆਂ ਅੱਖੀਆਂ।

ਅੱਖਾਂ ਖੋਲ੍ਹੋ ਸੱਚ ਫਰੋਲੋ,
ਪਾਜ ਘਿਨਾਉਣੇ ਬਗਲਿਆਂ ਦੇ ਖੋਲ੍ਹੋ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.



ਪੰਜਾਬ ਮੇਲ USA

## ਰੱਖੜੀ

ਰੱਖੜੀ ਦਾ ਤਿਉਹਾਰ ਹੈ ਆਇਆ,
ਸਾਰਿਆਂ ਲਈ ਖੁਸ਼ੀਆਂ ਲਿਆਇਆ।
ਭੈਣ ਭਰਾ ਦੇ ਪਿਆਰ ਨੂੰ ਸਿਜਦਾ,
ਔਖੇ ਸਮੇਂ ਵਿਚ ਵੀ ਨਿਭਦਾ।
ਮੋਹ ਭਰਿਆ ਇਹ ਰਿਸ਼ਤਾ ਪਿਆਰਾ,
ਸਾਰੇ ਜੱਗ ਨਾਲੋਂ ਵੱਖਰਾ ਨਿਆਰਾ।
ਧਨ, ਦੌਲਤ ਦੀ ਭੁੱਖ ਨਹੀਂ ਇਹਨੂੰ,
ਭੈਣ, ਭਰਾ ਦੀ ਸਲਾਮਤੀ ਮੰਗੇ।
ਭਰਾ ਦੀ ਝੋਲ਼ੀ ਖੁਸ਼ੀਆਂ ਪੈ ਜਾਣ,
ਹਰ ਪਲ਼ ਭੈਣ ਦੁਆ ਹੈ ਮੰਗੇ।
ਭੈਣਾਂ ਭਰਾ ਦਾ ਤਾਜ ਹੁੰਦੀਆਂ,
ਕਾਇਮ ਰੱਖਣ ਸਰਦਾਰੀ,
ਇੱਕ ਬੋਲ 'ਤੇ ਭੱਜੀਆਂ ਆਵਣ,
ਮਾਰ ਕੇ ਲੰਮੀ ਉਡਾਰੀ।
ਰੱਖੜੀ ਜਦੋਂ ਗੁੱਟ 'ਤੇ ਬੱਝੇ ,
ਦੁੱਖ, ਦਲਿੱਦਰ ਨੱਸ ਕੇ ਭੱਜੇ।
ਕਾਇਮ ਰਹੇ ਇਹ ਪਿਆਰ ਦਾ ਰਿਸ਼ਤਾ,
ਨਜ਼ਰ ਕਦੇ ਨਾ ਲੱਗੇ।
ਮੋਹ ਦਾ ਧਾਗਾ ਸਲਾਮਤੀ ਲਿਆਵੇ
ਚਾਹੇ ਲੱਖ ਹਨੇਰੀਆਂ ਵੱਗੇ।



-ਰਜਵਿੰਦਰ ਪਾਲ ਸ਼ਰਮਾ, ਬਠਿੰਡਾ
70873-67969

ਪੰਜਾਬ ਮੇਲ USA

## ਬਾਗ਼ੀ ਜਾਂ ਗ਼ਦਾਰ

ਮਿਥਿਹਾਸ ਇਤਿਹਾਸ 'ਚੋਂ, ਗ਼ਦਾਰ ਬੜੇ ਲੱਭਦੇ।
ਸੱਚ ਹੈ ਗ਼ਦਾਰਾਂ ਬਿਨਾ, ਦੋਵੇਂ ਸੁੰਨੇ ਸੁੰਨੇ ਲੱਗਦੇ।
ਵਿਭੀਸ਼ਨ ਨਹੀਂ ਹੁੰਦਾ, ਰਮਾਇਣ ਵਿਚ ਕੀ ਸੀ ?
ਰਾਮ ਹੁੰਦਾ ਬੇਵੱਸ, ਲਛਮਣ ਦਾ ਘਟੇ ਜੀਅ ਸੀ।

ਰਾਵਣ ਨ ਮਰਦਾ, ਝੂਠ ਦੀ ਨਹੀਂ ਹੋਣੀ ਹਾਰ ਸੀ।
ਕਦੇ ਨ ਸੱਚ ਜਿੱਤਦਾ, ਰਾਮ ਹੋਣਾ ਸ਼ਰਮਸਾਰ ਸੀ।
ਦੁਸਹਿਰਾ ਨ ਕਦੇ, ਨ ਦੀਵਾਲੀ ਦਾ ਤਿਉਹਾਰ ਸੀ।
ਨਾਂਹੀ ਕੋਈ ਜਾਣਦਾ, ਰਾਮ ਸੀਤਾ ਦਾ ਤਕਰਾਰ ਸੀ।

ਹੁੰਦੀਆਂ ਨਾ ਖੁਸ਼ੀਆਂ, ਲੜਾਈ ਨਾ ਰਾਮ ਨਾਮ 'ਤੇ।
ਮੰਦਰ ਮਸਜ਼ਿਦ ਦਾ, ਝਗੜਾ ਨ ਜਨਮ ਸਥਾਨ 'ਤੇ।
ਜਨਤਾ ਨੂੰ ਸੀ ਹੋਣੀ, ਨਹੀਂ ਪਰਵਾਹ ਸਰਕਾਰ ਦੀ।
ਨਾਂਹੀ ਪੈਂਦੀਆਂ ਵੰਡੀਆਂ, ਹੋਣਾ ਇੱਕ ਪਰਵਾਰ ਸੀ।

ਹਮਲਾ ਵਤਨ ਉੱਤੇ, ਕਦੇ ਮੁਹਮੰਦ ਗੌਰੀ ਨ ਕਰਦਾ।
ਕਹਾਉਂਦਾ ਨਾ ਗ਼ਦਾਰ, ਜੇ ਕਿਤੇ ਜੈ ਚੰਦ ਨਾ ਸੱਦਦਾ।
ਪ੍ਰਿਥਵੀ ਚੌਹਾਨ ਦਾ ਫਿਰ, ਪੱਤਨ ਕਦੇ ਨ ਹੋਣਾ ਸੀ।
ਤੁਰਕਾਂ ਤੇ ਮੁਗ਼ਲਾਂ ਦਾ, ਕਦੇ ਨ ਬੋਝ ਪੈਣਾ ਢੋਣਾ ਸੀ।

ਸਿੱਖਾਂ ਦਾ ਰਾਜ ਵੀ, ਗ਼ਦਾਰੀਆਂ ਨੇ ਢਾਅ ਲਿਆ।
ਡੋਗਰੇ ਤੇ ਤੇਜੇ ਦੀਆਂ, ਹਾਏ! ਸਾਜ਼ਿਸ਼ਾਂ ਨੇ ਖਾ ਲਿਆ।
ਰਲ਼ਦੇ ਨਾ ਗੋਰੇ ਨਾਲ਼, ਨਾ ਗੁਲਾਮ ਕਦੇ ਹੋਣਾ ਸੀ।
ਅੱਟਕ ਤੋਂ ਯਮੁਨਾ ਤੱਕ, ਫਿਰ ਪੰਜਾਬ ਇੱਕ ਹੋਣਾ ਸੀ।

ਬਾਗ਼ੀ ਜਾਂ ਗ਼ਦਾਰ ਕਹੋ, ਚਾਹੇ ਸੱਦੋ ਕਿਸੇ ਹੋਰ ਨਾਮ।
ਪਰ ਘਰ ਦੇ ਭੇਤੀਆਂ ਨੇ, ਕੀਤਾ ਹੈ ਕਾਰਾ ਸ਼ਰੇਆਮ।
ਰਹੋ ਸਦਾ ਖਬਰਦਾਰ, ਬੁੱਕਲ ਦੇ ਸੱਪ ਹੰਕਾਰਿਆਂ ਤੋਂ।
ਨੱਪ ਦਿਉ ਸਿਰੀ ਥਾਂਹੇ, ਡਰੋ ਨਾ ਕਦੇ ਫ਼ੁੰਕਾਰਿਆਂ ਤੋਂ।



ਸੇਵਾ ਸਿੰਘ 'ਨੂਰਪੁਰੀ'

## ਅਕਾਲ ਪੁਰਖ

ਜੋ ਕੁਝ ਓਹਨੂੰ ਭਾਉਂਦਾ, ਓਹੀ ਹੁੰਦਾ ਏ
ਜਿਹੜੀ ਬਣਤ ਬਣਾਉਂਦਾ, ਓਹੀ ਹੁੰਦਾ ਏ
ਜਿਹੜੀ ਕਿਰਤ ਬਣਾਉਂਦਾ, ਓਹੀ ਬਣਦੀ ਏ
ਅਸਮਾਨ ਦੀ ਛਤਰੀ ਉਸ ਤੋਂ ਪੁੱਛ ਕੇ, ਤਣਦੀ ਏ

ਉਸਦੀ ਤੱਕੜੀ, ਉਹਦੇ ਈ, ਸਾਰੇ ਵੱਟੇ ਆ
ਉਹਦੇ ਲੱਖਾਂ ਰੁੱਖ ਨੇ, ਉਹਦੇ ਈ ਪੱਤੇ ਆ
ਆਪੇ ਕਰਤਾ ਸਾਰੀਆਂ, ਬੰਦ ਖ਼ਲਾਸੀਆਂ ਦਾ
ਨਾਨਕ ਆਪ ਮੁਸਾਫ਼ਿਰ, ਚਾਰ ਉਦਾਸੀਆਂ ਦਾ

ਓਹਦੀਆਂ ਬਕਸ਼ਾਂ ਦਾਤਾਂ ਦਾ, ਕੋਈ ਮੁੱਲ ਨਹੀਂ
ਉਹ ਆਪਣੇ ਵਰਗਾ ਆਪ, ਉਹਦੇ ਕੋਈ ਤੁੱਲ ਨਹੀਂ
ਉਹ ਆਪ ਕਮਾਂਡਰ, ਪਸਰੇ ਹੋਏ ਪਸਾਰੇ ਦਾ
ਆਪੇ ਮਾਲਿਕ ਥਾਨ ਥਾਨੰਤਰ, ਸਾਰੇ ਦਾ

ਕਿੰਨੇ ਉਸਤਤ ਕਰਦੇ, ਤੁਰ ਗਏ ਦੁਨੀਆਂ ਤੋਂ
ਵਾਂਗ ਪੰਛੀਆਂ ਕਿੰਨੇ, ਉੜ ਗਏ ਦੁਨੀਆਂ ਤੋਂ
ਉਹ ਕਥਨਾਂ ਤੋਂ ਬਾਹਰ, ਉਹ ਕਥਿਆ ਜਾਂਦਾ ਨਹੀਂ
ਉਸਦੇ ਬਾਰੇ ਜੀਭਾਂ ਤੋਂ ਕੱਖ, ਦੱਸਿਆ ਜਾਂਦਾ ਨਹੀਂ

ਉਹਦੀ ਰਜ਼ਾ 'ਚ ਅਨਹਦ ਵਾਜੇ, ਵੱਜਦੇ ਆ
ਉਸਦੇ ਤਖਤ ਨਿਆਰੇ, ਯੁੱਗ ਯੁੱਗ ਸੱਜਦੇ ਆ
ਪੌਣ ਪਾਣੀ ਵੈਸੰਤਰ, ਉਸਨੂੰ ਗਾਉਂਦੇ ਆ
ਪੁੱਛ ਕੇ ਉਸਨੂੰ ਚੰਨ ਤਾਰੇ, ਰੁਸ਼ਨਾਉਂਦੇ ਆ

ਉਹ ਹੈ ਕਰਤਾ ਲੱਖਾਂ, ਧਰਤ ਪਤਾਲਾਂ ਦਾ
ਉਹ ਹੈ ਵਕਤਾ, ਸ਼ਬਦਾਂ ਤੇ ਸੁਰ ਤਾਲਾਂ ਦਾ
ਕੱਖ ਨਹੀਂ ਲੋਕੋ ਬਾਹਰ, ਉਹਦੇ ਫਰਮਾਨਾਂ ਤੋਂ
ਪੱਤਾ ਵੀ ਨਹੀਓਂ ਹਿੱਲਦਾ, ਬਿਨਾ ਬਿਆਨਾਂ ਤੋਂ

ਲੈ ਕੇ ਆਗਿਆ ਉਸਤੋਂ, ਸੂਰਜ ਚੜ੍ਹਦੇ ਨੇ
ਲੈ ਕੇ ਪਾਣੀ ਉਸਤੋਂ, ਸਾਗਰ ਭਰਦੇ ਨੇ
ਉਹਦੀ ਰਜ਼ਾ 'ਚ ਬੱਦਲ, ਪਾਣੀ ਸੁੱਟਦੇ ਨੇ
ਲੈ ਕੇ ਆਗਿਆ ਉਸਤੋਂ, ਜੰਗਲ ਉੱਠਦੇ ਨੇ

ਉਹਦੀਆਂ ਸੁੰਨ ਸਮਾਧਾਂ 'ਤੇ, ਲਿਵ ਤਾਰਾਂ ਨੇ
ਉਹਦੇ ਤੰਤਰ ਮੰਤਰ, ਥਿਤਾਂ ਵਾਰਾਂ ਨੇ
ਉਹਦੀ ਹੋਂਦ ਨਾ ਕਥਨੀ ਜਾਂਦੀ, ਬੁੱਧਾਂ ਤੋਂ
ਜ਼ੋਰ ਲਾ ਲਿਆ ਪੰਡਿਤਾਂ, ਯੁੱਗਾਂ ਯੁੱਗਾਂ ਤੋਂ

ਰਚਣਹਾਰ ਹੈ ਓਹੀ, ਲੱਖਾਂ ਖੰਡਾਂ ਦਾ
ਓਹੀ ਸਿਰਜਣਹਾਰ ਇਨ੍ਹਾਂ, ਬਹਿਮੰਡਾਂ ਦਾ
ਬ੍ਰਹਮਾ ਵਿਸ਼ਨੂੰ ਆਉਂਦੇ ਮੱਥਾ ਟੇਕਣ ਲਈ
ਚਿੱਤਰ ਗੁਪਤ ਵੀ ਰੱਖੇ, ਲੇਖਾ ਦੇਖਣ ਲਈ

ਕੀ ਮੈਂ ਆਖਾਂ ਗੱਲਾਂ, ਸਿਰਜਣਹਾਰ ਦੀਆਂ
ਬਕਸ਼ਾਂ ਕਥਨੋਂ ਬਾਹਰ ਨੇ, ਬਖ਼ਸ਼ਣਹਾਰ ਦੀਆਂ
ਉਸਦੇ ਪਾਣੀ, ਪੌਣਾਂ, ਤੇ ਪੁਰਵਾਈਆਂ ਨੇ
ਉਸਦੀਆਂ ਸਾਰੀਆਂ ਮਿਹਰਾਂ, ਤੇ ਵਡਿਆਈਆਂ ਨੇ

ਉਹ ਸ਼ਕਤੀਸ਼ਾਲੀ, ਮਹਾਂਬਲੀ, ਪਰਚੰਡ ਹੈ
ਉਹਦੇ ਘਰ ਵਿਚ ਲੱਖਾਂ, ਸੁੱਖ ਆਨੰਦ ਹੈ
ਓਹੀ ਕਰਤਾ ਓਹੀ, ਯੁੱਗ ਜੁਗਾਹਿਦ ਹੈ
ਡਾਨਸੀਵਾਲੀਆ ਓਹੀ, ਸੱਚਾ ਸਾਹਿਬ ਹੈ

-ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA



RE/MAX
RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com